


The Punjabi Newspaper

ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 | Regina/Saskatoon : 639 999 1000 : Winnipeg 431 733 3000

Chief Editor : Harbans Buttar




Vol: 9 No: 203 Website : www.punjabiakhbaar.ca Emaiĺ: editor@punjabiakhbaar.ca Friday, 2 September 2022

## ਕਨੇਡਾ ਦੇ ਅ਼ਬਰਟਾ ਸੂਬੇ ਵਿੱਚ ਹੀ ਜੰਮੀ ਜਾਈ ਉੱਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਉੱਪਰ ਵੀ ਸ਼ਬਦੀ ਹਮਲਾ ਹੋ ਗਿਐ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਉੱਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਉੱਪਰ ਉਸ ਵਕਤ ਇੱਕ ਵਿਅਕਤੀ ਵੱਲੋਂ ਸ਼ਬਦੀ ਹਮਲੇ ਕੀਤੇ ਗਏ ਅਤੇ ਫ੍ਰੀਲੈਂਡ ਦੀ ਭੱਦੀ ਸ਼ਬਦਾਵਲੀ ਨਾਲ ਬੇਇੱਜ਼ਤੀ ਕੀਤੀ ਗਈ, ਜਦੋਂ ਉਹ ਅਲਬਰਟਾ ਦੇ ਗ੍ਰੈਂਡ ਪਰੇਰੀ ਦੇ ਸਿਟੀ ਹਾਲ ਵਿੱਚ ਲਿਫਟ ਵੱਲ ਜਾ ਰਹੇ ਸਨ । ਫਰੀਲੈਂਡ ਜੋ ਕਿ ਅਲਬਰਟਾ ਦੇ ਹੀ ਪੀਸ ਰਿਵਰ ਵਿੱਚ ਪੈਦਾ ਹੋਏ ਹਨ, ਨੂੰ ਇੱਕ ਵਿਅਕਤੀ ਵੱਲੋਂ ਗੱਦਾਰ ਤੱਕ ਸ਼ਬਦ ਬੋਲੇ ਗਏ । ਬੁਰਾ ਵਿਹਾਰ ਕਰਨ ਵਾਲੇ ਦੇ ਨਾਲ ਮੌਜੂਦ ਔਰਤ ਵੱਲੋਂ ਡਿਪਟੀ ਪ੍ਰਾਈਮ ਮਨਿਸਟਰ ਨੂੰ ਆਖਿਆ ਗਿਆ ਕਿ ਤੁਹਾਡਾ ਇਸ ਜਗ੍ਹਾ ਨਾਲ ਕੋਈ ਸੰਬੰਧ ਨਹੀਂ ਜਾਓ ਤੇ ਲੁਕ ਜਾਓ । 14 ਸੈਕਿੰਡ ਦੀ ਇਹ ਵੀਡੀ? ਸੋਸ਼ਲ ਮੀਡੀਆ ਉੱਪਰ ਕਾਫ਼ੀ ਵਾਇਰਲ ਹੋਈ। ਜਿਸ ਤੋਂ ਬਾਅਦ ਉਪ ਪ੍ਰਧਾਨ ਮੰਤਰੀ ਵੱਲੋਂ ਅਲਬਰਟਾ ਚ ਆਪਣੇ ਪਰਿਵਾਰ ਨਾਲ ਇੱਕ ਤਸਵੀਰ ਸਾਂਝੀ ਕਰਦਿਆਂ ਬਿਆਨ ਜਾਰੀ ਕੀਤਾ ਗਿਆ ਕਿ ਇਹ ਬਿਲਕੁਲ ਗਲਤ ਹੋਇਆ ਹੈ । ਉਨ੍ਹਾਂ ਨਾਲ ਹੀ ਆਖਿਆ ਕਿ ਅਲਬਰਟਾ ਦੇ ਲੋਕ ਬਹੁਤ ਵਧੀਆ ਹਨ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਉਸ ਵਿੱਚ ਕੋਈ ਬਦਲਾਅ ਨਹੀਂ ਆਵੇਗਾ। ਉਨ੍ਹਾਂ ਪਿਛਲੇ ਦਿਨਾਂ ਦੌਰਾਨ ਐਡਮਿੰਟਨ ਗ੍ਰੈਂਡ ਪਰੇਰੀ ਤੇ ਪੀਸ ਰਿਵਰ ਵਿੱਚ ਮਿਲੇ ਨਿੱਘ ਅਤੇ ਸਨੇਹ ਦਾ ਖਾਸ ਤੌਰ ਤੇ ਜ਼ਿਕਰ ਕੀਤਾ । ਇਸ ਸ਼ਬਦੀ ਹਮਲੇ ਦੀ ਸਾਰੇ ਦੇਸ਼ ਵਿੱਚ ਵੱਖ ਵੱਖ ਆਗੂਆਂ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਜਾ ਰਹੀ ਹੈ । ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ, ਅਲਬਰਟਾ ਵਿੱਚ ਮੁੱਖ ਵਿਰੋਧੀ ਧਿਰ ਐਨਡੀਪੀ ਦੇ ਆਗੂ ਰੈਚਲ ਨੌਟਲੀ, ਫੈਡਰਲ ਮੰਤਰੀ ਮਾਰਕੋ ਮੈਨਡੀਸਿਨੋ ਸਮੇਤ ਹੋਰਨਾਂ ਕਈ ਆਗੂਆਂ ਨੇ ਕਿਹਾ ਕਿ ਇਸ ਤਰ੍ਹਾਂ ਦਾ ਵਰਤਾਰਾ ਸਵੀਕਾਰਨ ਯੋਗ ਨਹੀਂ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸ਼ੇਸ਼ ਤੌਰ ਤੇ ਇਸ ਘਟਨਾ ਦਾ ਜ਼ਿਕਰ ਕਰਦਿਆਂ ਆਖਿਆ ਕਿ ਕ੍ਰਿਸਟੀਆ ਫ੍ਰੀਲੈਂਡ ਨਾਲ ਕਾਇਰਤਾ ਵਾਲਾ ਵਤੀਰਾ ਕੀਤਾ ਗਿਆ ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ ।

## ਲਾਰੈਂਸ ਬਿਸ਼ਨੋਈ ਦਾ ਭਾਣਜਾ ਸਚਿਨ ਥਾਪਨ ਅਜਰਬਾਇਜਾਨ 'ਚ ਗ੍ਰਿਫ਼ਤਾਰ





ਮਾਨਸਾ (ਪੰਜਾਬੀ ਅਖਬਾਰ ਬਿਊਰੋ)- ਮਾਨਸਾ ਪੁਲੀਸ ਦੀ ਚਾਰਜਸੀਟ ਵਿੱਚ ਸਿੱਧੂ ਮੂਸੇਵਾਲਾ ਦੇ ਕਾਤਲ ਵਜੋਂ ਨਾਮਜਦ ਤੇ ਇਸ ਕਤਲ ਦੇ ਮਾਸਟਰ ਮਾਈਂਡ ਲਾਰੈਂਸ ਬਿਸਨੋਈ ਦੇ ਭਾਣਜੇ ਸਚਿਨ ਥਾਪਨ ਨੂੰ ਅਜਰਬਾਇਜਾਨ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ ਇਹ ਜਾਣਕਾਰੀ ਵੀ ਮਿਲੀ ਹੈ ਕਿ ਲਾਰੈਂਸ ਬਿਸਨੋਈ ਦਾ ਭਰਾ ਅਨਮੋਲ ਬਿਸਨੋਈ ਕੈਨੇਡਾ ਤੋਂ ਕੀਨੀਆ ਚਲਾ ਗਿਆ ਹੈ, ਜਿਸ ਦੀ ਲੁਕੇਸਨ ਪੁਲੀਸ ਨੂੰ ਪਤਾ ਚੱਲ ਗਈ ਹੈ। ਇਹ ਦੋਵੇਂ ਫਰਜੀ ਪਾਸਪੋਰਟ ਜਰੀਏ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਭਾਰਤ ਛੱਡ ਗਏ ਸਨ। ਪੰਜਾਬ ਪੁਲੀਸ ਨੂੰ ਜਾਣਕਾਰੀ ਮਿਲਣ ਤੋਂ ਬਾਅਦ ਕੇਂਦਰੀ ਵਿਦੇਸ ਮੰਤਰਾਲੇ ਦੇ ਉਪਰਾਲੇ ਨਾਲ ਇਨ੍ਹਾਂ ਨੂੰ ਭਾਰਤ ਲਿਆਉਣ ਦੀ ਤਿਆਰੀ ਸੁਰੂ ਕਰ ਦਿੱਤੀ ਗਈ ਸੀ। ਪੰਜਾਬ ਪੁਲੀਸ ਨੇ ਵਿਦੇਸ ਮੰਤਰਾਲੇ ਨੂੰ ਉਨ੍ਹਾਂ ਦੀ ਅਪਰਾਧਕ ਹਿਸਟਰੀ ਭੇਜੀ ਸੀ। ਸਚਿਨ ਥਾਪਨ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਵੀ ਟੀਵੀ ਚੈਨਲ ਰਾਹੀਂ ਲਈ ਸੀ। ਪੁਲੀਸ ਦੇ ਅਧਿਕਾਰੀ ਨੇ ਦੱਸਿਆ ਕਿ ਮਾਨਸਾ ਪੁਲੀਸ ਵਲੋਂ ਸਿੱਧੂ ਮੂਸੇਵਾਲਾ ਦੀ ਚਾਰਜਸੀਟ ਵਿੱਚ ਸਾਮਲ ਵਿਦੇਸ ਵਿਚ ਰਹਿੰਦੇ ਚਾਰੇ ਮੁਲਜਮਾਂ ਨੂੰ ਭਾਰਤ ਲਿਆਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

## ਤੁਸੀਂ ਸੱਤਾ ਦੇ ਨਸ਼ੇ 'ਚ ਡੁੱਬ ਗਏ ਹੋ, ਕੇਜਰੀਵਾਲ ਜੀ ! : ਅੰਨਾ ਹਜਾਰੇ





ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)-ਦਿੱਲੀ ਦੀ ਆਬਕਾਰੀ ਨੀਤੀ ਨੂੰ ਲੈ ਕੇ ਚੱਲ ਰਹੇ ਵਿਵਾਦ ਦਰਮਿਆਨ ਸਮਾਜ ਸੇਵੀ ਅੰਨਾ ਹਜਾਰੇ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੱਤਰ ਲਿਖ ਕੇ ਸੱਤਾ ਦੇ ਨਸੇ ਵਿੱਚ ਧੁੱਤ ਹੋਣ ਅਤੇ ਆਮ ਆਦਮੀ ਪਾਰਟੀ (ਆਪ) ਦੀ ਸਥਾਪਨਾ ਕਰਨ ਵਾਲੇ ਅੰਦੋਲਨ ਦੀਆਂ ਵਿਚਾਰਧਾਰਾਵਾਂ ਅਤੇ ਕਦਰਾਂ-ਕੀਮਤਾਂ ਨੂੰ ਭੁੱਲਣ ਦੀ ਨਿੰਦਾ ਕੀਤੀ ਹੈ। ਉਨ੍ਹਾਂ ਮੁਤਾਬਕ ਦਿੱਲੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਕੇਜਰੀਵਾਲ ਆਪਣੀ ਵਿਚਾਰਧਾਰਾ ਗੁਆ ਚੁੱਕੇ ਹਨ।

ਅੰਨਾ ਹਜਾਰੇ ਨੇ ਲਿਖਿਆ,'ਤੁਹਾਡੇ ਮੁੱਖ ਮੰਤਰੀ ਬਣਨ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਮੈਂ ਤੁਹਾਨੂੰ ਲਿਖ ਰਿਹਾ ਹਾਂ। ਸਰਾਬ ਘੁਟਾਲੇ 'ਤੇ ਦਿੱਲੀ ਸਰਕਾਰ ਬਾਰੇ ਤਾਜਾ ਖਬਰਾਂ ਨਿਰਾਸਾਜਨਕ ਹਨ। ਮੈਂ ਗਾਂਧੀ ਜੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਹਾਂ। ਇਸ ਦੇ ਆਧਾਰ 'ਤੇ ਮੈਂ ਆਪਣਾ ਜੀਵਨ ਲੋਕਾਂ, ਸਮਾਜ ਅਤੇ ਦੇਸ ਨੂੰ ਸਮਰਪਿਤ ਕੀਤਾ ਹੈ। ਪਿਛਲੇ 47 ਸਾਲਾਂ ਤੋਂ ਮੈਂ ਸਮਾਜ ਦੇ ਸੁਧਾਰ ਅਤੇ ਭ੍ਰਿਸਟਾਚਾਰ ਲਈ ਕੰਮ ਕਰ ਰਿਹਾ ਹਾਂ। ਤੁਸੀਂ 'ਸਵਰਾਜ' ਨਾਂ ਦੀ ਕਿਤਾਬ ਲਿਖੀ ਸੀ ਜਿੱਥੇ ਤੁਸੀਂ ਆਦਰਸਾਂ ਬਾਰੇ ਲਿਖਿਆ ਸੀ। ਉਦੋਂ ਤੁਹਾਡੇ ਤੋਂ ਬਹੁਤ ਉਮੀਦਾਂ ਸਨ ਪਰ ਰਾਜਨੀਤੀ ਵਿੱਚ ਆਉਣ ਅਤੇ ਮੁੱਖ ਮੰਤਰੀ ਬਣਨ ਤੋਂ ਬਾਅਦ ਤੁਸੀਂ ਵਿਚਾਰਧਾਰਾ ਨੂੰ ਭੁੱਲ ਗਏ ਹੋ। ਜਿਵੇਂ ਸਰਾਬ ਦਾ ਨਸਾ, ਸੱਤਾ ਦਾ ਵੀ ਨਸਾ ਹੈ। ਇੰਝ ਲੱਗਦਾ ਹੈ ਜਿਵੇਂ ਤੁਸੀਂ ਸੱਤਾ ਦੇ ਨਸੇ ਵਿੱਚ ਡੁੱਬ ਗਏ ਹੋਵੋਂ।

## ਨਰੇਗਾ ਸਕੀਮ ਤਹਿਤ ਆਏ ਫੰਡਾਂ 'ਚ ਕਾਂਗਰਸ ਸਰਕਾਰ ਨੇ ਕੀਤਾ ਕਰੋੜਾਂ ਦਾ ਘਪਲਾ : ਸੁਖਬੀਰ ਬਾਦਲ

ਫਿਰੋਜ਼ਪੁਰ (ਪੰਜਾਬੀ ਅਖਬਾਰ ਬਿਊਰੋ)-ਕੇਂਦਰ ਸਰਕਾਰ ਦੀਆਂ ਸਕੀਮਾਂ ਨੂੰ ਲੈ ਕੇ ਅੱਜ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ, ਫਿਰੋਜ਼ਪੁਰ ਦੇ ਸੰਸਦ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹੇ ਭਰ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਤੇ ਭਾਰਤ ਸਰਕਾਰ ਦੀਆਂ ਸਕੀਮਾਂ ਤਹਿਤ ਆਏ ਫੰਡਾਂ ਦੀ ਕੀਤੀ ਗਈ ਵਰਤੋਂ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਨੇ ਕਿਹਾ ਕਿ ਪੰਜਾਬ 'ਚ ਕਾਂਗਰਸ ਦੀ ਸਰਕਾਰ ਸਮੇਂ ਨਰੇਗਾ ਸਕੀਮ ਤਹਿਤ ਕਰੋੜਾਂ ਰੁਪਏ ਦੇ ਘਪਲੇ ਹੋਏ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਦੇ ਲੀਡਰਾਂ, ਸਰਪੰਚਾਂ ਤੇ ਆਗੂਆਂ ਨੇ ਆਪੋ-ਆਪਣੇ ਪੱਧਰ 'ਤੇ ਟਾਈਲਾਂ ਦੀਆਂ ਫੈਕਟਰੀਆਂ ਲਗਾਈਆਂ ਹੋਈਆਂ ਸਨ ਅਤੇ ਉਨ੍ਹਾਂ ਨੇ ਸਬ-ਸਟੈਂਡਰਡ ਟਾਈਲਾਂ ਲਗਾ ਕੇ ਕਰੋੜਾਂ ਰੁਪਏ ਦਾ ਘਪਲਿਆਂ ਨੂੰ ਅੰਜਾਮ ਦਿੱਤਾ ਹੈ।



ਸੁਖਬੀਰ ਨੇ ਕਿਹਾ ਕਿ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਆਦੇਸ਼ ਦਿੱਤੇ ਹਨ ਕਿ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਫੰਡਾਂ ਦੀ ਕਾਂਗਰਸ ਸਰਕਾਰ ਦੌਰਾਨ ਵਰਤੋਂ ਕਿਵੇਂ ਹੋਈ, ਦੀ ਬਾਰੀਕੀ ਅਤੇ ਗੰਭੀਰਤਾ ਨਾਲ ਜਾਂਚ ਕਰਕੇ ਪਤਾ ਲਗਾਇਆ ਜਾਵੇ ਕਿ ਕਿਹੜੇ-ਕਿਹੜੇ ਕਾਂਗਰਸੀਆਂ ਨੇ ਇੰਟਰਲਾਕਿੰਗ ਟਾਈਲਾਂ ਦੀਆਂ ਫੈਕਟਰੀ ਲਗਾਈਆਂ ਹੋਈਆਂ ਸਨ ਤੇ ਇਸ ਕਥਿਤ ਘਪਲੇ 'ਚ ਕੌਣ-ਕੌਣ ਸ਼ਾਮਲ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੀ ਮੌਜੂਦਾ ਸਰਕਾਰ ਫਿਰੋਜ਼ਪੁਰ ਵਿੱਚ ਬਣਨ ਵਾਲੇ ਪੀ.ਜੀ.ਆਈ. ਸੈਟੇਲਾਈਟ ਸੈਂਟਰ ਸਬੰਧੀ ਕੋਈ ਉਪਰਾਲਾ ਨਹੀਂ ਕਰ ਰਹੀ ਅਤੇ ਇਸ ਮੁੱਦੇ ਨੂੰ ਲੈ ਕੇ ਉਨ੍ਹਾਂ ਦਾ ਕੇਂਦਰ ਸਰਕਾਰ ਨਾਲ ਕੋਈ ਸੰਪਰਕ ਨਹੀਂ ਹੈ। ਉਨ੍ਹਾਂ ਕਿਹਾ ਕਿ ਪੀ.ਜੀ.ਆਈ. ਸੈਟੇਲਾਈਟ ਸੈਂਟਰ ਦੀ ਉਸਾਰੀ ਸ਼ੁਰੂ ਕਰਵਾਉਣ ਲਈ ਉਹ ਆਪਣੇ ਪੱਧਰ 'ਤੇ ਵੱਡੇ ਉਪਰਾਲੇ ਕਰ ਰਹੇ ਹਨ ਤੇ ਜਲਦ ਹੀ ਫਿਰੋਜ਼ਪੁਰ ਵਿੱਚ ਪੀ.ਜੀ.ਆਈ. ਦੀ ਉਸਾਰੀ ਸ਼ੁਰੂ ਕਰ ਦਿੱਤੀ ਜਾਵੇਗੀ।

ਪੱਤਰਕਾਰਾਂ ਵੱਲੋਂ 'ਸਿਟ' ਅੱਗੇ ਪੇਸ਼ ਹੋਣ ਸਬੰਧੀ ਪੁੱਛੇ ਸਵਾਲ ਦੇ ਜਵਾਬ 'ਚ ਸੁਖਬੀਰ ਬਾਦਲ ਨੇ ਕਿਹਾ ਕਿ ਰਾਤ ਨੂੰ ਹੀ ਉਨ੍ਹਾਂ ਨੂੰ 'ਸਿਟ' ਵੱਲੋਂ ਪੇਸ਼ ਹੋਣ ਲਈ ਫ਼ੋਨ 'ਤੇ ਮੈਸੇਜ ਮਿਲਿਆ ਸੀ ਪਰ ਅੱਜ ਉਨ੍ਹਾਂ ਦੀ ਜ਼ੀਰਾ ਦੀ ਅਦਾਲਤ 'ਚ ਪੇਸ਼ੀ ਸੀ, ਇਸ ਲਈ ਉਨ੍ਹਾਂ ਨੇ 'ਸਿਟ' ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਅੱਗੇ ਦੀ ਤਾਰੀਖ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੋਈ ਗਲਤ ਕੰਮ ਨਹੀਂ ਕੀਤਾ, ਇਸ ਲਈ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਡਰ ਨਹੀਂ ਹੈ ਅਤੇ ਉਹ 'ਸਿਟ' ਦੇ ਸਾਹਮਣੇ ਪੇਸ਼ ਹੋ ਕੇ ਆਪਣੀ ਸਥਿਤੀ ਸਪੱਸ਼ਟ ਕਰਨਗੇ ਤੇ ਹਰ ਸਵਾਲ ਦਾ ਜਵਾਬ ਦੇਣਗੇ।





















# ਕਾਪਰਸਟੋਨ ਵਿੱਚ ਆਪਣਾ ਸਹੀ ਘਰ ਲੱਭੋ










COPPERSTONE
AT COPPERFIELD

**ਸਾਊਥ ਈਸਟ ਕੈਲਗਰੀ**

ਕਾਪਰਸਟੋਨ ਵਿਖੇ ਆਪਣੇ ਸੁਪਨਿਆਂ ਦਾ ਘਰ ਲੱਭੋ! ਦੱਖਣੀ ਪੂਰਬੀ ਕੈਲਗਰੀ ਦੇ ਕਾਪਰਫੀਲਡ ਇਲਾਕੇ ਵਿੱਚ ਇੱਕ ਮਾਸਟਰ-ਯੋਜਨਾਬੱਧ ਭਾਈਚਾਰਾ। **6 ਲੱਖ ਡਾਲਰ** ਤੋਂ ਸ਼ੁਰੂ ਹੋਣ ਵਾਲੇ ਸਿੰਗਲ-ਪਰਿਵਾਰ ਵਾਲੇ ਘਰਾਂ ਦੀ ਵਿਸ਼ੇਸ਼ਤਾ। ਕਾਨੂੰਨੀ ਬੇਸਮੈਂਟ ਸੂਟ ਵਿਕਲਪ ਉਪਲਬਧ ਹਨ ਅਤੇ ਘੱਟ ਤੋਂ ਘੱਟ **4 ਲੱਖ ਡਾਲਰ** ਤੋਂ ਸੁਰੂ ਹੋਣ ਵਾਲੇ ਪੁਰਸਕਾਰ ਜੇਤੂ ਟਾਉਨੂ ਹੋਮਜ਼

**COPPERSTONELIVING.COM**
**587.352.4266**

SHOWHOMES & SALES CENTRE
1233 Copperfield Blvd SE,
Calgary, AB T2Z 5G1

## ਹੁਣ ਸਾਊਥ ਪੋਆਇੰਟ ਉੱਪਰ ਗਰਮੀਆਂ ਦੀ ਬੱਚਤ ਵਾਲਾ ਇਵੈਂਟ ਚੱਲ ਰਿਹਾ ਹੈ

SOUTHPOINT
A MASTER PLANNED COMMUNITY

**ਸਾਊਥਵੈਸਟ ਏਅਰਡਰੀ**

ਸਾਊਥ ਪੁਆਇੰਟ 'ਤੇ ਸਮਰ ਸੇਵਿੰਗਜ਼ ਇਵੈਂਟ ਹੁਣ ਚਾਲੂ ਹੈ! ਜਦੋਂ ਤੁਸੀਂ ਸਿੰਗਲ-ਫੈਮਿਲੀ ਲੇਨ ਹੋਮ ਖਰੀਦਦੇ ਹੋ ਤਾਂ ਸੀਮਤ ਸਮੇਂ ਲਈ $25 ਹਜਾਰ ਤੱਕ ਦਾ ਹੋਮ ਅੱਪਗ੍ਰੇਡ ਪੈਕੇਜ ਪ੍ਰਾਪਤ ਕਰੋਜਾਂ ਦੱਖਣ-ਪੱਛਮੀ ਏਅਰਡ੍ਰੀ ਵਿੱਚ ਸਾਊਥ ਪੁਆਇੰਟ ਦੇ ਸਾਡੇ 70 ਏਕੜ ਦੇ ਮਾਸਟਰ-ਯੋਜਨਾਬੱਧ ਭਾਈਚਾਰੇ ਵਿੱਚ ਲਾਈਨ ਵੱਧ ਘਰ, ਜਿਸ ਵਿੱਚ ਬਾਸਕਟਬਾਲ ਅਤੇ ਟੈਨਿਸ ਕੋਰਟ, ਬੱਚਿਆਂ ਲਈ ਖੇਡ ਦਾ ਮੈਦਾਨ, ਅਤੇ ਇੱਕ ਐਲੀਮੈਂਟਰੀ ਸਕੂਲ ਕੁੱਝ ਕਦਮ ਦੂਰ ਹੈ!

**ਸਾਡੇ ਸ਼ੋਅ ਹੋਮ 'ਤੇ ਜਾਓ ਅਤੇ ਹੋਰ ਵੇਰਵੇ ਲੱਭੋ।**

**VESTASOUTHPOINT.COM 403.980.1979**

SHOWHOMES & SALES CENTRE
600 South Point Heath SW,
Airdrie AB







Proudly built by VESTA PROPERTIES

## ਪਾਰਲੀਮੈਂਟ ਮੈਂਬਰ ਜਸਰਾਜ ਹੱਲਣ ਨੇ ਫੈਡਰਲ ਕੰਜ਼ਰਵਟਿਵ ਪਾਰਟੀ ਦੀ ਲੀਡਰਸ਼ਿਪ ਚੋਣ ਲੜ ਰਹੇ ਪੀਅਰੇ ਪੋਲੀਵਰ ਨੂੰ ਕੈਲਗਰੀ ਪੁੱਜਣ ਮੌਕੇ ਪੂਰਾ ਸਮਰਥਨ ਦਿੱਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 10 ਸਤੰਬਰ ਨੂੰ ਹੋਣ ਜਾ ਰਹੀ ਫੈਡਰਲ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਚੋਣ ਵਿੱਚ ਮਜ਼ਬੂਤ ਦਾਅਵੇਦਾਰ ਸਮਝੇ ਜਾ ਰਹੇ ਪੀਅਰ ਪੌਲੀਵਰ ਚੋਣ ਪ੍ਰਚਾਰ ਲਈ ਕੈਲਗਰੀ ਪਹੁੰਚੇ। ਕੈਲਗਰੀ ਦੇ ਨਾਰਥ ਈਸਟ ਇਲਾਕੇ ਵਿੱਚ ਸਥਿਤ ਰੀਓ ਬੈਂਕਟ ਹਾਲ ਵਿੱਚ ਹੋਏ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਪੌਲੀਵਰ ਨੇ ਲੀਡਰ ਚੁਣੇ ਜਾਣ ਦੀ ਸੂਰਤ ਵਿੱਚ ਕੀਤੇ ਜਾਣ ਵਾਲੇ ਅਹਿਮ ਕੰਮਾਂ ਦਾ ਜ਼ਿਕਰ ਕੀਤਾ ਅਤੇ ਸੱਤਾਧਾਰੀ ਲਿਬਰਲ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਦੀ ਤਿੱਖੀ ਆਲੋਚਨਾ ਕੀਤੀ । ਕੈਲਗਰੀ ਫਾਰੈਸਟ ਲਾਨ ਤੋਂ ਕੰਜ਼ਰਵੇਟਿਵ ਪਾਰਟੀ ਦੇ ਪਾਰਲੀਮੈਂਟ ਮੈਂਬਰ ਜਸਰਾਜ ਸਿੰਘ ਹੱਲਣ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਪੀਅਰ ਪੌਲੀਵਰ ਨਾਲ ਕੀਤੀਆਂ ਗਈਆਂ ਮੀਟਿੰਗਾਂ ਤੋਂ ਬਾਅਦ ਅਤੇ ਉਨ੍ਹਾਂ ਦੀਆਂ ਨੀਤੀਆਂ ਜਾਣਨ ਤੋਂ ਬਾਅਦ ਉਨ੍ਹਾਂ ਨੂੰ ਸਮਰਥਨ ਦੇਣ ਦਾ ਫ਼ੈਸਲਾ ਕੀਤਾ ਹੈ ।

## ਆਪਸੀ ਏਕਤਾ ਅਤੇ ਮਨੁੱਖਤਾ ਨੂੰ ਪਿਆਰ ਕਰਨ ਦਾ ਸੁਨੇਹਾ ਦਿੰਦੀ ਮੋਟਰਸਾਈਕਲ ਯਾਤਰਾ 10 ਸਤੰਬਰ 2022 ਵਾਲੇ ਦਿਨ ਕੱਢੀ ਜਾਵੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਸਦੇ ਪੰਜਾਬੀ ਭਾਈਚਾਰੇ ਦੇ ਗੱਭਰੂਆਂ ਨੂੰ ਜਿੱਥੇ ਸੋਹਣੀਆਂ ਸੋਹਣੀਆਂ ਕਾਰਾਂ ਰੱਖਣ ਦਾ ਸ਼ੌਂਕ ਹੈ ਉੱਥੇ ਬਹੁਤਿਆਂ ਕੋਲ ਵੱਡੇ ਵੱਡੇ ਮੋਟਰਸਾਈਕਲ ਵੀ ਰੱਖੇ ਹੋਏ ਹਨ। ਅਲਬਰਟਾ ਸੂਬੇ ਅੰਦਰ ਮੋਟਰਸਾਈਕਲ ਚਲਾਉਣ ਵੇਲੇ ਹੈਲਮੈਂਟ ਪਹਿਨਣ ਤੋਂ ਮਿਲੀ ਛੋਟ ਕਾਰਣ ਜਦੋਂ ਸਿੱਖ ਸਰਦਾਰਾਂ ਦੀਆਂ ਮੋਟਰਸਾਈਕਲੀ ਜਥਿਆਂ ਦੇ ਰੂਪ ਵਿੱਚ ਡਾਰਾਂ ਸੜਕਾਂ ਉਪਰੋਂ ਗੁਜਰਦੀਆਂ ਹਨ ਤਾਂ ਮਾਣ ਜਿਹਾ ਮਹਿਸੂਸ ਹੁੰਦਾ ਹੈ। ਏਸ਼ੀਆ ਪੈਸੇਫਿਕ ਇੰਮੀਗ੍ਰੇਸ਼ਨ ਵਾਲੇ ਮਨਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਪੰਜ ਆਬ ਰਾਈਡਰਜ਼ ਕੈਲਗਰੀ ਅਤੇ ਗੁਰੂਦਵਾਰਾ ਦਸਮੇਸ ਕਲਚਰਲ ਸੈਂਟਰ ਕੈਲਗਰੀ ਵੱਲੋਂ 10 ਸਤੰਬਰ ਵਾਲੇ ਦਿਨ ਕੈਲਗਰੀ ਤੋਂ ਸੰਡਰੀ ਤੱਕ ਇੱਕ ਮੋਟਰਸਾਈਕਲ ਯਾਤਰਾ ਕੱਢੀ ਜਾ ਰਹੀ ਹੈ ਜਿਸ ਵਿੱਚ 100 ਕੁ ਦੇ ਕਰੀਬ ਸਿੱਖ ਮੋਟਰਸਾਈਕਲ ਸਵਾਰ




ਹੋਣਗੇ।ਗੁਰੂਘਰ ਵੱਲੋਂ ਇਸ ਦਿਨ ਸੰਡਰੀ ਫੂਡਬੈਂਕ ਲਈ ਫੂਡ ਅਤੇ ਧਨ ਰਾਸ਼ੀ ਵੀ ਇਕੱਤਰ ਕੀਤੀ ਜਾ ਰਹੀ ਹੈ। ਇਸ ਸਭ ਅਜਿਹਾ ਕਿਉਂ ਕੀਤਾ ਜਾ ਰਿਹਾ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉਹਨਾਂ ਦੱਸਿਆ ਕਿ ਬੀਤੇ ਸਮੇਂ ਦੌਰਾਨ ਸੰਡਰੀ ਸਟੈਂਪੀਡ ਪਰੇਡ ਮੌਕੇ ਇੱਕ ਸਿੱਖ ਸਰੂਪ ਦਾ ਮਜਾਕ ਉਡਾਉਂਦੀ ਝਾਕੀ ਉਸ ਪਰੇਡ ਦਾ ਹਿੱਸਾ ਬਣੀ ਸੀ । ਇਸ ਝਾਕੀ ਪ੍ਰਤੀ ਸਿੱਖ ਭਾਈਚਾਰੇ ਵੱਲੋਂ ਰੋਸ ਜਿਤਾਇਆ ਗਿਆ ਸੀ । ਹੁਣ ਮੋਟਰਸਾਈਕਲ ਯਾਤਰਾ ਅਤੇ ਫੂਡ ਬੈਂਕ ਲਈ ਦਾਨ ਇਕੱਠਾ ਕਰਕੇ ਅਸੀਂ ਸੰਡਰੀ ਦੇ ਵਸਨੀਕਾਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਕਾਰੀ ਦੇਣ ਦੇ ਇਰਾਦੇ ਨਾਲ ਇਹ ਪਰੋਗਰਾਮ ਉਲੀਕਿਆ ਹੈ। 10 ਸਤੰਬਰ ਵਾਲੇ ਦਿਨ ਸਵੇਰੇ 9 ਵਜੇ ਗਰੁਘਰ ਕੈਲਗਰੀ ਤੋਂ ਸੰਡਰੀ ਤੱਕ 125 ਕਿਲੋਮੀਟਰ ਲੰਮੀ ਇਹ ਯਾਤਰਾ ਰਵਾਨਾ ਹੋਵੇਗੀ ਜਿਸ ਦਾ ਮਕਸਦ ਆਪਸੀ ਏਕਤਾ ਅਤੇ ਮਨੁੱਖਤਾ ਨੂੰ ਪਿਆਰ ਕਰਨ ਦਾ ਸੁਨੇਹਾ ਦੇਣਾ ਹੈ।

## ਅਲਬਰਟਾ ਸੂਬੇ ਦੇ ਅਗਲੀ ਪ੍ਰੀਮੀਅਰ (ਮੁੱਖ ਮੰਤਰੀ) ਉਮੀਦਵਾਰ ਰਾਜਨ ਸਾਹਨੀ ਗੁਰੂਘਰ ਵਿਖੇ ਨਤਮਸਤਕ ਹੋਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੇ ਮੌਜੂਦਾ ਪ੍ਰੀਮੀਅਰ ਜੈਸਨ ਕੈਨੀ ਵੱਲੋਂ ਪਾਰਟੀ ਮੁਖੀ ਦੇ ਅਹੁਦੇ ਤੋਂ ਲਾਂਭੇ ਹੋ ਜਾਣ ਦੇ ਐਲਾਨ ਉਪਰੰਤ ਹੁਣ ਪਾਰਟੀ ਦੇ ਨਵੇਂ ਲੀਡਰ ਦੀ ਚੋਣ ਹੋਣੀ ਹੈ । ਇਸ ਚੋਣ ਮੁਕਾਬਲੇ ਵਿੱਚ ਪੰਜਾਬੀ ਮੂਲ ਦੀ ਰਾਜਨ ਸਾਹਨੀ ਵੀ ਸ਼ਾਮਿਲ ਹੈ। ਸੋ ਇਸ ਚੋਣ ਮੁਹਿੰਮ ਵਿੱਚ ਸਫਲਤਾ ਪਰਾਪਤ ਕਰਨ ਲਈ ਗੁਰੂ ਮਹਾਰਾਜ ਦਾ ਓਟ ਆਸਰਾ ਲੈਂਦੇ ਹੋਏ ਬੀਤੇ ਦਿਨੀ ਕੈਲਗਰੀ ਦੇ ਗੁਰੂਦਵਾਰਾ ਦਸਮੇਸ਼ ਕਲਚਰਲ ਸੈਂਟਰ ਵਿਖੇ ਰਾਜਨ ਸਾਹਨੀ ਅਤੇ ਉਹਨਾਂ ਦੇ ਪਤੀ ਗੁਰਪ੍ਰੀਤ ਸਿੰਘ ਸਾਹਨੀ ਨੇ ਦਰਬਾਰ ਸਾਹਿਬ ਵਿਖੇ ਆਣਕੇ ਮੱਥਾ ਟੇਕਿਆ । ਇਸ ਮੌਕੇ ਰਾਜਨ ਸਾਹਨੀ ਦਾ ਕਹਿਣਾ ਸੀ ਗੁਰੂ ਮਹਾਰਾਜ ਦੇ ਆਸ਼ੀਰਵਾਦ ਅਤੇ ਪੰਜਾਬੀ ਭਾਈਚਾਰੇ ਵੱਲੋਂ ਮਿਲੇ ਵੱਡੇ ਹੁੰਗਾਰੇ ਸਦਕਾ ਉਹਨਾਂ ਨੂੰ ਸਫਲਤਾ ਜਰੂਰ ਮਿਲੇਗੀ।

SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

Punjab Insurance Inc
Harpinder Sidhu
REGIONAL MANAGER
403 404 3500
sidhu.harpinder@gmail.com
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance

Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2

Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸੰਬਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Mike Randev
R.Gill
Tel : (403) 273-8889
Fax : (403) 273-8812
Insurance Claims
Courtesy Cars
All Work Guaranteed

720 Moraine Road NE, Calgary, AB, T2A 2P3
Email: aclass@aclassautobody.ca


COLD IRON
TRUCK CENTER
SALE LEASING WARRANTY
212 - 6958 76 Ave NW, Edmonton
+1-416-560-2250, +1-780-904-0005
www.coldirontrucks.com
WE BUY, WE SELL
TRUCKS & TRAILERS

# ਕਨੇਡਾ ਦੇ ਅਲਬਰਟਾ ਸੂਬੇ ਦੀ ਮੁੱਖ ਮੰਤਰੀ ਬਣਨ ਦੀ ਉਮੀਂਦਵਾਰ ਪੰਜਾਬਣ ਰਾਜਨ ਸਾਹਨੀ ਨੇ ਪੰਜਾਬੀ ਅਖ਼ਬਾਰ ਦੇ ਕੈਲਗਰੀ ਦਫਤਰ ਆਕੇ ਆਪਣੇ ਵਿਚਾਰ ਪ੍ਰਗਟ ਕੀਤੇ

ਅਲਬਰਟਾ ਸੂਬੇ ਅੰਦਰ ਯੁਨਾਟਿਡ ਕੰਜ਼ਰਵੇਟਿਵ ਪਾਰਟੀ ਦੀ ਲੀਡਰਸਿੱਪ ਦੀ ਚੋਣ ਹੋਣ ਜਾ ਰਹੀ ਹੈ। ਹੋਰਨਾਂ ਉਮੀਂਦਵਾਰਾਂ ਤੋਂ ਇਲਾਵਾ ਪੰਜਾਬੀ ਮੂਲ ਦੀ ਉਮੀਂਦਵਾਰ ਰਾਜਨ ਸਾਹਨੀ ਜੋ ਕਿ ਐਮ ਐਲ ਵੀ ਹਨ ਅਤੇ ਅਲਬਰਟਾ ਸੂਬੇ ਅੰਦਰ ਹੀ ਦੋ ਵੱਖ ਵੱਖ ਮਹੱਤਵ ਪੂਰਨ ਮਹਿਕਮਿਆਂ ਟਰਾਂਸਪੋਰਟ ਅਤੇ ਸੋਸਲ ਸਰਵਿਸਜ਼ ਮੰਤਰੀ ਵੀ ਰਹਿ ਚੁੱਕੇ ਹਨ, ਉਹ ਵੀ ਇੱਕ ਉਮੀਂਦਵਾਰ ਵੱਜੋਂ ਇਸ ਚੋਣ ਮੈਦਾਨ ਵਿੱਚ ਹਨ। ਬੀਤੇ ਦਿਨੀ ਉਹ ਪੰਜਾਬੀ ਅਖ਼ਬਾਰ ਦੇ ਦਫਤਰ ਵਿੱਚ ਆਏ ਤਾਂ ਉਹਨਾਂ ਨਾਲ ਬਹੁਤ ਸਾਰੀਆਂ ਗੱਲਾਂਬਾਤਾਂ ਹੋਈਆਂ। ਪੰਜਾਬੀ ਅਖ਼ਬਾਰ ਪਾਠਕਾਂ ਦੀ ਜਾਣਕਾਰੀ ਲਈ ਉਸ ਗੱਲਬਾਤ ਦੇ ਕੁੱਝ ਅੰਸ਼ ਇਸ ਤਰਾਂ ਹਨ।







**ਰਾਜਨ ਜੀ ਤੁਸੀ ਇਸ ਲੀਡਰਸਿੱਪ ਰੇਸ ਦਾ ਹਿੱਸਾ ਕਿਉਂ ਬਣੇ ?**

ਰਾਜਨ: ਮੇਰਾ ਖਿਆਲ ਹੈ ਕਿ ਹੁਣ ਸਮਾਂ ਆ ਚੁੱਕਾ ਹੈ ਕਿ ਸਾਡੀਆਂ ਮੰਗਾਂ ਸਾਡੇ ਮਸਲਿਆਂ ਦੀ ਪੂਰਤੀ ਲਈ ਅਸੀਂ ਕੁੱਝ ਕਰ ਸਕਦੇ ਹਾਂ। ਸਾਡੀ ਪੰਜਾਬੀ ਕਮਿਓਨਿਟੀ ਅਤੇ ਸਮੁੱਚੇ ਅਲਬਰਟਾ ਵਾਸੀਆਂ ਵਿੱਚ ਇੰਨੀ ਕੁ ਤਾਕਤ ਹੈ ਕਿ ਉਹ ਮੇਰੀ ਮੱਦਦ ਕਰਕੇ ਅਲਬਰਟਾ ਦਾ ਭਵਿੱਖ ਬਦਲ ਸਕਦੇ ਹਨ ਜੋ ਪਾਰਟੀ ਵਾਸਤੇ ਵੀ ਚੰਗਾ ਹੈ ਅਤੇ ਅਲਬਰਟਾ ਵਾਸਤੇ ਵੀ ਚੰਗਾ ਹੈ। ਜਿਸ ਕਾਰਣ ਮੈਂ ਇਸ ਲੀਡਰਸਿੱਪ ਰੇਸ ਦਾ ਹਿੱਸਾ ਬਣੀ ਹਾਂ।

**ਲੋਕਾਂ ਵਿੱਚ ਮੈਂਬਰਸਿੱਪ ਪ੍ਰਤੀ ਇੰਨਾ ਉਤਸਾਹ ਕਿਵੇਂ ਬਣਿਆ ?**

ਰਾਜਨ: ਪਿਛਲੇ ਕੁੱਝ ਸਮੇਂ ਤੋਂ ਲੋਕ ਕੋਵਿਡ ਕਾਰਣ ਸਮੱਸਿਆਵਾਂ ਨਾਲ ਜੂਝ ਰਹੇ ਹਨ ਜਿਸ ਕਾਰਣ ਉਹ ਕੁੱਝ ਬਦਲਾਅ ਲੈਕੇ ਆਉਣ ਲਈ ਉਤਾਵਲੇ ਹਨ। ਉਹਨਾਂ ਨੂੰ ਪਤਾ ਹੈ ਕਿ ਵੋਟ ਦੀ ਤਾਕਤ ਕੀ ਹੁੰਦੀ ਹੈ ਇਸ ਲਈ ਉਹ ਹੁਣ ਆਪਣੀ ਤਾਕਤ ਦੇ ਜ਼ਰੀਏ ਅਲਬਰਟਾ ਲਈ ਕੁੱਝ ਚੰਗਾ ਸੋਚਣ ਵਾਲੀ ਲੀਡਰਸਿੱਪ ਚੁਣਨ ਦਾ ਵਿਚਾਰ ਰੱਖਦੇ ਹਨ।

**ਬਾਕੀ ਹੋਰ ਉਮੀਂਦਵਾਰ ਜੋ ਇਸ ਚੋਣ ਮੈਦਾਨ ਵਿੱਚ ਹਨ, ਉਹਨਾਂ ਨਾਲੋਂ ਆਪਣੇ ਆਪ ਨੂੰ ਤੁਸੀਂ ਬੇਹਤਰ ਉਮੀਂਦਵਾਰ ਕਿਸ ਤਰਾਂ ਸਮਝਦੇ ਹੋ ?**

ਰਾਜਨ: ਸਭ ਤੋਂ ਵੱਡੀ ਗੱਲ ਕਿ ਮੈਂ ਇੱਕ ਸਫਲ ਪਰਵਾਰਿਕ ਜਿੰਦਗੀ ਜਿਉਣ ਵਾਲੀ 50 ਸਾਲਾਂ ਤੋਂ ਵੱਧ ਉਮਰ ਦੀ ਉਮੀਂਦਵਾਰ ਹਾਂ। ਸੰਯੁਕਤ ਪਰਿਵਾਰ ਵਿੱਚ ਰਹਿਣਾ ਅਤੇ ਉਸ ਨੂੰ ਚਲਾਉਣਾ ਵੀ ਚੰਗੀ ਸਰਕਾਰ ਚਲਾਉਣ ਲਈ ਪਹਿਲੀ ਪੌੜੀ ਹੈ। ਆਇਲ ਐਂਡ ਗੈਸ ਦੇ ਖੇਤਰ ਵਿੱਚ ਮਾਸਟਰ ਡਿਗਰੀ, ਪੜਾਈ ਲਿਖਾਈ ਅਤੇ ਕੰਮ ਕਰਨ ਦਾ 20 ਸਾਲ ਦਾ ਤਜਰਬਾ ਹੈ।ਜਿਹੜਾ ਕਿ ਹੋਰਨਾਂ ਕੋਲ ਨਹੀਂ ਹੈ ਅਲਬਰਟਾ ਆਇਲ ਐਂਡ ਗੈਸ ਉੱਪਰ ਨਿਰਭਰ ਸੂਬਾ ਹੈ,ਇਸ ਲਈ ਮੈਂ ਆਪਣੇ ਆਪ ਨੂੰ ਦੂਜਿਆਂ ਨਾਲੋਂ ਵੱਧ ਯੋਗ ਸਮਝਦੀ ਹਾਂ। ਰਾਜਨੀਤਕ ਖੇਤਰ ਵਿੱਚ ਲੰਮੇ ਸਮੇਂ ਤੋਂ ਵੱਖ ਵੱਖ ਮੰਤਰਾਲਿਆਂ ਵਿੱਚ ਸੇਵਾਵਾਂ ਨਿਭਾ ਚੁੱਕੀ ਹਾਂ।

**ਅਲਬਰਟਾ ਸੂਬੇ ਦੀ ਪ੍ਰਭੂਸੱਤਾ ਬਾਰੇ ਤੁਹਾਡੇ ਕੀ ਖਿਆਲ ਹਨ ?**

ਰਾਜਨ: ਜਦੋਂ ਅਸੀਂ ਕਨੇਡਾ ਦਾ ਹੀ ਇੱਕ ਹਿੱਸਾ ਹਾਂ ਤਾਂ ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਜੇ ਕੋਈ ਫੈਡਰਲ ਕਾਨੂੰਨ ਸਾਨੂੰ ਨਹੀਂ ਪਸੰਦ ਅਤੇ ਅਸੀਂ ਉਸ ਨੂੰ ਨਾ ਮੰਨੀਏ।ਫੈਡਰਲ ਨਿਯਮਾਂ ਅਨਸਾਰ ਹੀ ਤਾਂ ਸਾਡੇ ਵੱਡੇ ਵਡੇਰੇ ਇੱਥੇ ਆਏ ਸਨ ਤਾਂ ਅਸੀਂ ਅੱਜ ਇੱਥੇ ਹਾਂ। ਮੈਂ ਅਲਬਰਟਾ ਦੇ ਵੱਖਰੇ ਹੋਣ ਵਾਲੀ ਸੋਚ ਵਾਲੇ ਰੌਲੇ ਰੱਪੇ ਨੂੰ ਨਾ ਪਸੰਦ ਕਰਦੀ ਹਾਂ। ਕੀ ਗੱਲ ਅਸੀਂ ਭਵਿੱਖ ਵਿੱਚ ਕਨੇਡਾ ਦੇ ਟੁਕੜੇ ਟੁਕੜੇ ਕਰ ਦੇਵਾਂਗੇ ? ਮੈਂ ਇਸਦੇ ਹੱਕ ਵਿੱਚ ਨਹੀਂ ਹਾਂ।

**ਤੁਸੀਂ ਕਦੀ ਮਹਿਸੂਸ ਕੀਤਾ ਹੈ ਕਿ ਕਿਸੇ ਨਾ ਕਿਸੇ ਜਗ੍ਹਾ ਹਾਲੇ ਨਸਲੀ ਵਿਤਕਰਾ ਰੜਕਦਾ ਰਹਿੰਦਾ ਹੈ ?**

ਰਾਜਨ: ਹਾਂ ਜੀ, ਮੈਂ ਮੇਰੀ ਆਪਣੀ ਇਸ ਚੋਣ ਮਹਿੰਮ ਦੌਰਾਨ ਹੀ ਦੇਖਿਆ ਹੈ ਕਿ ਮੀਡੀਆ ਦੇ ਕੁੱਝ ਹਿੱਸੇ ਵੱਜੋਂ ਮੈਨੂੰ ਅਤੇ ਮੇਰੀਆਂ ਅਲਬਰਟਾ ਦੇ ਵੱਖ ਹੋਣ ਵਾਲੀ ਗੱਲ ਦਾ ਵਿਰੋਧ ਕਰਨ ਵਾਲੇ ਬਿਆਨਾਂ ਨੂੰ ਉਹ ਤਵੱਜੋਂ ਨਹੀਂ ਦਿੱਤੀ ਜਾ ਰਹੀ ਜੋ ਮਿਲਣੀ ਚਾਹੀਦੀ ਹੈ, ਪਰ ਮੈਨੂੰ ਮੇਰੇ ਆਪਣੇ ਭਾਈਚਾਰੇ ਅਤੇ ਸਮੁੱਚੇ ਅਲਬਰਟਾ ਵਾਸੀਆ ਉੱਪਰ ਮਾਣ ਹੈ ਕਿ ਉਹ ਮੇਰਾ ਸਾਥ ਦੇ ਰਹੇ ਹਨ।

**ਜਦੋਂ ਤੁਸੀਂ ਜਿੱਤ ਜਾਂਦੇ ਹੋ ਅਤੇ ਅਲਬਰਟਾ ਦੇ ਪ੍ਰੀਮੀਅਰ ਵੀ ਬਣ ਜਾਂਦੇ ਹੋ ਤਾਂ ਅਲਬਰਟਾ ਵਾਸੀਆਂ ਦੇ ਚੰਗੇ ਭਵਿੱਖ ਲਈ ਕੀ ਯੋਜਨਾਵਾਂ ਹਨ ?**

ਰਾਜਨ: ਸਾਡੇ ਬੱਚੇ ਅਲਬਰਟਾ ਰਹਿਣ ਦੀ ਬਜਾਇ ਦੂਜੇ ਸੂਬਿਆਂ ਵੱਲ ਭੱਜ ਰਹੇ ਹਨ, ਕਾਰਣ ਕੀ ਹਨ ਕਿ ਸਾਨੂੰ ਬਹੁਤ ਕੁੱਝ ਨਵਾਂ ਕਰਨ ਦੀ ਲੋੜ ਹੈ ।ਅਲਬਰਟਾ ਨੂੰ ਹੈਲਥੀ ਇਕੌਨਮੀ ਅਤੇ ਹੈਲਥੀ ਹੈਲਥ ਸਿਸਟਮ ਦੀ ਲੋੜ ਹੈ। ਸਿਹਤ ਸੇਵਾਵਾਂ ਵਿੱਚ ਵੱਡੇ ਪੱਧਰ ਉੱਪਰ ਸੁਧਾਰ ਦੀ ਲੋੜ ਹੈ। ਵਿਦਿਅਕ ਢਾਚੇ ਵਿੱਚ ਫੀਸਾਂ ਦਾ ਵਾਧਾ ਅਤੇ ਸਕੂਲੀ ਪਾਠਕ੍ਰਮ ਧਿਆਨ ਮੰਗਦਾ ਹੈ। ਸਟੂਡੈਂਟਸ ਨੂੰ ਆਰਥਿਕ ਮੱਦਦ ਦੀ ਲੋੜ ਹੈ।

**ਜੇਸਨ ਕੈਨੀ ਦੀ ਸਰਕਾਰ ਵਿੱਚ ਕਿਹੜੀਆਂ ਕਮੀਆਂ ਰਹਿ ਗਈਆਂ ਸਨ ਜਿਸ ਕਾਰਣ ਉਹਨਾਂ ਨੂੰ ਲਾਂਭੇ ਹੋਣਾ ਪਿਆ ਅਤੇ ਤੁਸੀਂ ਅੱਗੇ ਆਉਣਾ ਚਾਹੁੰਦੇ ਹੋ ?**

ਰਾਜਨ: ਉਹਨਾਂ ਦੀ ਵੱਡੀ ਗਲਤੀ ਇਹ ਸੀ ਕਿ ਉਹ ਥੋੜੇ ਸਮੇਂ ਵਿੱਚ ਜਿਆਦਾ ਕੁੱਝ ਕਰਨਾ ਚਾਹੁੰਦੇ ਸਨ ਪਰ ਹਰ ਪਾਸੇ ਜਿਆਦਾ ਛੇੜਛਾੜ ਕਰ ਦਿੱਤੀ ਤਾਂ ਉਸ ਦੇ ਨਤੀਜੇ ਕੁੱਝ ਚੰਗੇ ਨਹੀਂ ਮਿਲੇ।

**ਅਲਬਰਟਾ ਸੂਬੇ ਦੇ ਵੋਟਰਾਂ ਨੂੰ ਕੀ ਕਹਿਣਾ ਚਾਹੋਗੇ ?**

ਰਾਜਨ: 2 ਸਤੰਬਰ 2022 ਤੋਂ ਬਾਦ ਹਰ ਮੈਂਬਰ ਦੇ ਘਰ ਵੈਲਟ ਪੇਪਰ ਪੁੱਜ ਜਾਣਗੇ। ਮੈਂ ਸਾਰੇ ਵੋਟਰਾਂ ਨੂੰ ਖਾਸ ਕਰਕੇ ਪੰਜਾਬੀ ਅਖ਼ਬਾਰ ਦੇ ਜ਼ਰੀਏ ਪੰਜਾਬੀ ਭਾਈਚਾਰੇ ਨੂੰ ਵਿਸੇਸ਼ ਅਪੀਲ ਕਰਦੀ ਹਾਂ, ਕਿ ਤੁਹਾਡੀ ਧੀ, ਤੁਹਾਡੀ ਭੈਣ ਇੱਕ ਪੰਜਾਬਣ ਪਹਿਲੀ ਬਾਰ ਪਾਰਟੀ ਲੀਡਰ ਅਤੇ ਅਲਬਰਟਾ ਦੀ ਪ੍ਰੀਮੀਅਰ ਬਣਨ ਜਾ ਰਹੀ ਹੈ, ਸੋ ਤੁਸੀਂ ਮੈਨੂੰ ਵੋਟ ਜਰੂਰ ਪਾਇਓ। ਵੋਟ ਪਾਉਣ ਵੇਲੇ ਇਸ ਗੱਲ ਦਾ ਖਿਆਲ ਜਰੂਰ ਰੱਖਣਾ ਹੈ ਕਿ ਤੁਹਾਡੀ ਪਹਿਲੀ ਪਸੰਦ ਰਾਜਨ ਸਾਹਨੀ ਹੀ ਹੋਣੀ ਚਾਹੀਦੀ ਹੈ। ਜੇ ਤੁਹਾਨੂੰ ਕਿਸੇ ਵੀ ਕਿਸਮ ਦੀ ਜਾਣਕਾਰੀ ਵੋਟ ਪਾਉਣ ਸਬੰਧੀ ਚਾਹੀਦੀ ਹੋਵੇ ਤਾਂ ਤੁਸੀਂ ਸਾਡੇ ਚੋਣ ਦਫਤਰ ਨਾਲ Unit 2126, 4310 104 Ave NE Calgary (AB) Phone 403 973 6618 ਉੱਪਰ ਸੰਪਰਕ ਕਰ ਸਕਦੇ ਹੋ ।

## ਗਲੋਬਲ ਫੈਸਟ ਕੈਲਗਰੀ 2022 ਵਿੱਚ ਪਹਿਲੇ ਦਿਨ ਭਾਰਤੀ ਸੰਗੀਤ ਗੂੰਜਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਨੁੱਖ ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਵਸਦਾ ਹੋਵੇ ਜਦੋਂ ਵੀ ਉਸ ਨੂੰ ਆਪਣੇ ਕੰਮਾਂ ਕਾਰਾਂ ਤੋਂ ਥੋੜੀ ਵਿਹਲ ਮਿਲਦੀ ਹੈ ਤਾਂ ਉਹ ਆਪਣੇ ਮੰਨੋਰੰਜਨ ਦੇ ਕਾਰਾਂ ਵਿਹਾਰਾਂ ਵੱਲ ਉਲਾਰ ਹੋ ਜਾਂਦਾ ਹੈ। ਜਿਸ ਤਹਿਤ ਛੋਟੇ ਵੱਡੇ ਮੇਲਿਆਂ ਦਾ ਆਯੋਜਿਨ ਹੁੰਦਾ ਹੈ। ਵੱਖੋ ਵੱਖ ਕੌਮਾਂ ਦੇ, ਧਰਮਾਂ ਦੇ,ਖੇਡਾਂ ਦੇ, ਵਿਓਪਾਰਾਂ ਦੇ,ਸੱਭਿਆਚਾਰਾਂ ਦੇ ਮੇਲੇ ਤਾਂ ਆਮ ਹੀ ਲੱਗਦੇ ਰਹਿੰਦੇ ਹਨ ਪਰ ਕਨੇਡਾ ਦੇ ਕੈਲਗਰੀ ਸਹਿਰ ਅੰਦਰ ਇੱਕ ਵਿਲੱਖਣ ਕਿਸਮ ਦਾ ਮੇਲਾ ਲੱਗਦਾ ਹੈ ਜਿਸ ਨੂੰ ਗਲੋਬਲ ਫੈਸਟ ਯਾਨੀ ਕਿ ਦੁਨੀਆ ਦਾ ਮੇਲਾ ਹੋਣ ਦਾ ਮਾਣ ਪਰਾਪਤ ਹੈ। ਸਾਲ 2003 ਵਿੱਚ ਸੁਰੂ ਹੋਏ ਇਸ 10 ਦਿਨਾਂ ਮੇਲੇ ਲਈ ਅਗਸਤ ਮਹੀਨਾ ਨਿਯਤ ਕੀਤਾ ਗਿਆ ਹੈ। 18 ਅਗਸਤ ਤੋਂ ਲੈਕੇ 27 ਅਗਸਤ 2022 ਤੱਕ ਚੱਲਣ ਵਾਲੇ ਇਸ ਮੇਲੇ ਵਿੱਚ ਦੁਨੀਆ ਭਰ ਦੇ ਮੁਲਕ ਆਪੋ ਆਪਣੇ ਸੱਭਿਆਚਾਰ ਦਾ ਵਿਖਾਵਾ ਕਰਦੇ ਹਨ। ਜਿਸ ਵਿੱਚ ਵੱਖੋ ਵੱਖ ਮੁਲਕਾਂ ਦੇ ਖਾਣੇ, ਲੋਕ ਨਾਚ,ਸੰਗੀਤ ਅਤੇ ਹਾਰ ਸਿੰਗਾਰ ਦੀਆਂ ਵਸਤਾਂ ਦੀ ਨੁਮਾਇਸ ਹੁੰਦੀ ਹੈ। ਰਾਤ ਨੂੰ 10 ਵਜੇ ਮੇਲੇ ਦੀ ਸਮਾਪਤੀ ਆਤਿਸਬਾਜੀ ਨਾਲ ਹੁੰਦੀ ਹੈ। 18 ਅਗਸਤ ਨੂੰ ਇਸ ਮੇਲੇ ਦੀ ਸੁਰੂਆਤ ਮੇਲੇ ਦੀ ਸਾਮ ਇੰਡੀਆ ਦੇ ਨਾਮ ਨਾਲ ਹੋਈ। ਰਾਸਟਰੀ ਗੀਤ ਤੋਂ ਬਾਦ ਲਗਾਤਾਰ ਬਾਲੀਵੁੱਡ ਦਾ ਸੰਗੀਤ ਝੀਲ ਦੇ ਕਿਨਾਰੇ ਬਣੇ ਐਲੀਸਟਨ ਪਾਰਕ ਵਿੱਚ ਗੂੰਜਦਾ ਰਿਹਾ। ਰਾਤ ਸਾਢੇ ਨੌਂ ਵਜੇ ਇੰਡੀਆ ਦੀ ਪੇਸ਼ਕਾਰੀ ਬਾਕਮਾਲ ਆਤਿਸਬਾਜੀ ਅਤੇ ਇਸ ਆਤਿਸਬਾਜੀ ਦੇ ਨਾਲ ਨਾਲ ਇੰਡੀਅਨ ਗਾਣੇ ਵੱਜ ਰਹੇ ਸਨ। ਭਾਵੇਂ ਇਸ ਮੇਲੇ ਦੇ ਮੇਲੀਆਂ ਨੂੰ ਸਾਇਦ ਸ਼ਬਦਾਂ ਦੀ ਸਮਝ ਤਾਂ ਨਹੀਂ ਆ ਰਹੀ ਸੀ ਪਰ ਭਾਰਤੀ ਸੰਗੀਤ ਦੇ ਦੀਵਾਨੇ ਹੋਏ ਗੋਰੇ ਗੋਰੀਆਂ ਝੂਮ ਰਹੇ ਸਨ। ਜਿਹਨਾਂ ਨੂੰ ਦੇਖਕੇ ਲੱਗਦਾ ਸੀ ਕਿ ਸਾਰੀ ਮਨੁੱਖਤਾ ਨੂੰ ਬਿਨਾ ਕਿਸੇ ਭੇਦਭਾਵ ਦੇ ਇੱਕੋ ਥਾਂ ਇਕੱਠੇ ਕਰਨ ਵਾਲੇ ਅਜਿਹੇ ਮੇਲੇ ਹੋਣੇ ਚਾਹੀਦੇ ਹਨ।




## ਮੌਂਟਰੀ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਕੈਲਗਰੀ ਨੇ ਪਬਲਿਕ ਲਈ ਸੈੱਡ ਬਣਾਕੇ ਦੇਣ ਵਿੱਚ ਮੱਦਦ ਕਰਨ ਵਾਲਿਆਂ ਦਾ ਸਨਮਾਨ ਕੀਤਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਰਥਈਸਟ ਏਰੀਆ ਵਿੱਚ ਮੌਂਟਰੀ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਵੱਲੋਂ ਮੌਂਟਰੀ ਪਾਰਕ ਦੀਆਂ ਗਰਾਊਂਡਾਂ ਵਿੱਚ ਗਜ਼ੀਬੋ ਪ੍ਰੋਜੈਕਟ (ਬਜ਼ੁਰਗਾਂ ਦੇ ਬੈਠਣ ਲਈ ਸੈੱਡ) ਬਣਾਏ ਗਏ ਹਨ। ਬੀਤੇ ਦਿਨੀ ਇਹ ਸੈੱਡ ਆਮ ਲੋਕਾਂ ਦੇ ਵਰਤਣ ਲਈ ਕਮਿਓਨਿਟੀ ਨੂੰ ਸਮਰਪਿਤ ਕੀਤੇ ਗਏ। ਇੱਕ ਸਾਦੇ ਸਮਾਗਮ ਦੌਰਾਨ ਇਸ ਪ੍ਰੋਜੈਕਟ ਨੂੰ ਨੇਪਰੇ ਚਾੜਨ ਵਿੱਚ ਮੱਦਦ ਕਰਨ ਵਾਲਿਆਂ ਦਾ ਸਨਮਾਨ ਵੀ ਕੀਤਾ ਗਿਆ ਜਿਹਨਾਂ ਵਿੱਚ ਪੰਜਾਬੀ ਭਾਈਚਾਰੇ ਦੇ ਪਾਲ ਸੇਖੋਂ ਦਾ ਨਾਂ ਵੀ ਸਾਮਿਲ ਹੈ, ਪਾਲ ਸੇਖੋਂ ਕਿਚਨ ਕੈਬਨਿਟ ਅਤੇ ਘਰ ਬਣਾਉਣ ਦਾ ਕੰਮ ਕਰਦੇ ਹਨ ਉਹਨਾਂ ਨੇ ਇਸ ਪ੍ਰੋਜੈਕਟ ਲਈ ਆਪਣੀ ਟੀਮ ਦਾ ਵੱਡਾ ਯੋਗਦਾਨ ਪਾਇਆ ਸੀ ਜਿਸ ਕਾਰਣ ਸੰਸਥਾ ਵੱਲੋਂ ਉਹਨਾਂ ਦਾ ਇਸ ਮੌਕੇ ਵਿਸੇਸ ਸਨਮਾਨ ਕੀਤਾ ਗਿਆ। ਮੌਂਟਰੀ ਪਾਰਕ ਕਮਿਓਨਿਟੀ ਐਸੋਸੀਏਸ਼ਨ ਦੀ ਪ੍ਰਧਾਨ ਲੀਜ਼ਾ ਰਹਿਮੀ,ਐਮ ਪੀ ਜਸਰਾਜ ਹੱਲਣ,ਐਮ ਐਲ ਏ ਮੋਇ ਐਮਰੀ,ਦਾ ਵੀ ਸਨਮਾਨ ਕੀਤਾ ਗਿਆ ਕਿਉਂਕਿ ਇਹਨਾਂ ਦੀ ਮੱਦਦ ਬਿਨਾ ਇਸ ਪ੍ਰੋਜੈਕਟ ਨੇਪਰੇ ਚੜਨਾ ਮੁਸਕਿਲ ਸੀ। ਸੰਸਥਾ ਦੇ ਪ੍ਰਧਾਨ ਸੁਰਿੰਦਰ ਸੇਖੋਂ ਅਤੇ ਵਾਈਸ ਪ੍ਰਧਾਨ ਸੁਰਿੰਦਰ ਕਾਲੀਆ ਨੇ ਸਨਮਾਨ ਵਿੱਚ ਪਲੈਕਾਂ ਆਏ ਹੋਏ ਚਾਰੇ ਮਹਿਮਾਨਾਂ ਨੂੰ ਦਿੱਤੀਆਂ।




PROUDLY WESTERN CANADIAN
INNOVATIVE STONECRAFT
CRAFTED STONE VENEER
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E Saskatoon SK S7K0X8
FREE ESTIMATES
BEST PRICE GUARANTEE
We ship across Western Canada.
INFO@NNOVATIVESTONECRAFT.CA
WWW.INNOVATIVESTONECRAFT.CA

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

PUNJABI SWEETS
HOUSE & RESTAURANT
TAKE OUT
We do catering also
ALL KINDS OF SWEETS NON-VEG & VEGI FOOD
FAST & BEST FRIENDLY SERVICE
Open 7 Days a Week
403-293-5252
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Bay 113 216 Saddle Towne Cir. N.E. T3J 0C9

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Vig Fashions
Jewellery - Fashion Boutique
Tailoring - Dry Clean
ਵਿਆਹ ਸ਼ਾਦੀਆਂ ਲਈ ਸੋਹਣੇ ਸੋਹਣੇ ਸੂਟ, ਗਰਾਰੇ-ਸ਼ਰਾਰੇ, ਲਹਿੰਗੇ, ਆਰਟੀਫਿਸ਼ਲ ਜਿਊਲਰੀ, ਜਾਗੋ ਦਾ ਸਮਾਨ, ਕੁੜਤੇ ਪਜਾਮੇ, ਪੱਗਾਂ, ਕੰਬਲ, ਆਦਿ ਬਜ਼ਾਰ ਨਾਲੋਂ ਸਸਤੇ ਅਤੇ ਵਧੀਆ ਕੁਆਲਿਟੀ ਵਿੱਚ ਮਿਲਦੇ ਹਨ।
ਸਿਲਾਈ ਅਤੇ ਡਰਾਈਕਲੀਨ ਵੀ ਕਰਵਾ ਸਕਦੇ ਹੋ
ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜੇ ਵਿੱਚ
Ph: 403-590-5620
#159-5120 47 Street NE, Calgary (AB)
E: Vigfashions@gmail.com

# ਕੈਲਗਰੀ ਦੇ ਬੋਨੈਸ ਪਾਰਕ ਵਿੱਚ ਪੰਜਾਬਣਾਂ ਨੇ ਤੀਆਂ ਦੀਆਂ ਰੌਣਕਾਂ ਲਾਈਆਂ





ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਨੇ ਇਸ ਵਾਰ ਆਪਣੀ ਮਹੀਨਾਵਾਰ ਇਕੱਤਰਤਾ ਬੋਨੈੱਸ ਪਾਰਕ ਦੇ ਛਾਂਦਾਰ ਰੁੱਖਾਂ ਹੇਠਾਂ ਕੂਲੇ ਹਰੇ ਘਾਹ ਉੱਤੇ ਬੈਠ ਕੇ ਕੀਤੀ। ਮਕਸਦ ਸਾਉਣ ਦੇ ਮਹੀਨੇ ਨੂੰ ਆਖਰੀ ਤੀਆਂ ਮਨਾ ਅਲਵਿਦਾ ਕਹਿਣਾ ਸੀ। ਸਵੇਰੇ ਸਾਢੇ ਕੁ ਗਿਆਰਾਂ ਵਜੇ ਰੰਗ ਬਰੰਗੇ ਸੂਟਾਂ ਵਿੱਚ ਸੱਜੀਆਂ 55 ਕੁ ਸੁਹਣੀਆਂ ਸੀਨੀਅਰ ਮਟਿਆਰਾਂ ਦਾ ਸਮੂਹ ਜੈਨੇਸਜ਼ ਸੈਂਟਰ ਦੇ ਪਾਰਕ ਵਿੱਚ ਬੱਸ ਦਾ ਇੰਤਜ਼ਾਰ ਕਰਦਾ ਆਉਂਦੇ ਜਾਂਦੇ ਦੀ ਨਿਗ੍ਹਾ ਦਾ ਕੇਂਦਰ ਬਣਿਆ ਹੋਇਆ ਸੀ। ਇੱਕ ਵੱਡੀ ਬੱਸ ਅਤੇ ਦੋ ਕੁ ਕਾਰਾਂ ਵਿੱਚ ਸੁਆਰ ਇੱਕ ਕੁ ਵਜੇ ਪਾਰਕ ਵਿੱਚ ਪਹੁੰਚੇ ਤਾਂ ਅਗਾਊਂ ਪਹੁੰਚੇ ਕੁਝ ਮੈਂਬਰ ਜਗ੍ਹਾ ਦਾ ਪ੍ਰਬੰਧ ਕਰ ਇੰਤਜ਼ਾਰ ਕਰ ਰਹੇ ਸਨ। ਸਭ ਆਪਣੇ ਨਾਲ ਲਿਆਂਦੀਆਂ ਚਾਦਰਾਂ ਚਟਾਈਆਂ ਤੇ ਬੈਠ ਗਏ ਤਾਂ ਖਾਣ-ਪੀਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ। ਸਭ ਨੇ ਸਮੋਸੇ ਜਲੇਬੀਆਂ ਖੀਰ ਗੁਲਗੁਲੇ ਅਤੇ ਹੋਰ ਆਪਣੇ ਨਾਲ ਘਰਾਂ ਤੋਂ ਲਿਆਂਦੇ ਵੰਨ-ਸੁਵੰਨੇ ਖਾਣਿਆਂ ਦਾ ਰਲ ਮਿਲ ਕੇ ਭਰਪੂਰ ਆਨੰਦ ਮਾਣਿਆ।

ਇਸ ਗਰੁੱਪ ਨਾਲ ਗਏ ਸੁਭਾਸ਼ ਸ਼ਰਮਾ ਜੀ ਅਤੇ ਉਨ੍ਹਾਂ ਦੀ ਪਤਨੀ ਇੰਦਰਾ ਸ਼ਰਮਾ ਨੇ ਅੱਜ ਦੀ ਇਸ ਤੀਆਂ ਵਾਲੀ ਪਿਕਨਕ ਨੂੰ ਕੈਮਰਾਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ। ਨੇੜੇ ਬੈਠੇ ਇੱਕ ਅਫ਼ਗਾਨੀ ਪ੍ਰਵਾਰ ਕੋਲੋਂ ਜ਼ਰਾ ਉੱਚੀ ਅਵਾਜ਼ ਵਿੱਚ ਗਾਉਣ ਤੇ ਨੱਚਣ ਦੀ ਰਿਵਾਜ਼ਨ ਸਹਿਮਤੀ ਮੰਗੀ ਤਾਂ ਪ੍ਰਵਾਰ ਦੇ ਵਡੇਰੇ ਵੀ ਸੁਣ ਕੇ ਖੁਸ਼ ਹੋਏ। ਭੈਣਾਂ ਨੇ ਬੋਲੀਆਂ ਦੀ ਛਹਿਬਰ ਲਾਈ ਤਾਂ ਨੱਚਣ ਵਾਲੀਆਂ ਸੀਨੀਅਰ ਮੁਟਿਆਰਾਂ ਦੀ ਅੱਡੀ ਉੱਠਣੋਂ ਨਾ ਰਹਿ ਸਕੀ। ਖ਼ੂਬ ਰੌਣਕ ਲਗੀ। ਆਲੇ ਦੁਆਲੇ ਬੈਠੇ ਪ੍ਰਵਾਰ ਵੀ ਦਰਸ਼ਕ ਬਣ ਸ਼ਾਮਲ ਹੋ ਗਏ ਅਤੇ ਫੋਟੋ ਅਤੇ ਵੀਡੀਓ ਬਣਾਉਣ ਲਗੇ। ਫਿਰ ਮਾਈਕ ਤੇ ਕਈ ਟੋਲੀਆਂ ਨੇ ਲੋਕ ਗੀਤ ਅਤੇ ਆਪਣੀ ਪਸੰਦ ਦੇ ਗੀਤ ਗਾਏ। ਸ਼ਰਮਾ ਜੀ ਨਾਲ ਨਾਲ ਵੀਡੀਓ ਬਣਾਉਂਦੇ ਰਹੇ। ਤੀਆਂ ਦੇ ਇਸ ਪ੍ਰਦਰਸ਼ਨ ਨੇ ਹੋਰ ਕਮਿਊਨੀਟੀਜ਼ ਨੂੰ ਵੀ ਆਪਣੇ ਵਿੱਚ ਸ਼ਾਮਲ ਕਰ ਮਲਟੀਕਮਿਊਨਿਟੀ ਸਮਾਗਮ ਬਣਾ ਲਿਆ। ਉਪਰੰਤ ਸਾਰੀਆਂ ਭੈਣਾਂ ਦੇ ਇਕੱਠ ਨੂੰ ਸੰਬੋਧਤ ਹੁੰਦਿਆਂ ਸਭਾ ਦੇ ਮੈਂਬਰ ਡਾ: ਪੂਨਮ ਵਲੋਂ ਉਨ੍ਹਾਂ ਵਲੋਂ ਨਾਰਥ ਈਸਟ ਦੇ ਵਾਸੀਆਂ ਲਈ 29 ਅਗਸਤ ਤੋਂ 2 ਸਤੰਬਰ ਤੱਕ ਲਗਾਏ ਜਾ ਰਹੇ 'ਹੈਲਥ ਐਂਡ ਵੈੱਲਨੈੱਸ' ਕੈਂਪ ਬਾਰੇ ਜਾਣਕਾਰੀ ਦਿੱਤੀ ਗਈ। ਇਹ ਕੈਂਪ ਜੈਨੇਸਜ਼ ਸੈਂਟਰ ਵਿੱਚ ਲਗਣਾ ਹੈ। ਗੁਰਚਰਨ ਥਿੰਦ ਨੇ ਨਾਰਥ ਆਫ ਮੈਕਨਾਈਟ ਕਮਿਊਨਿਟੀ ਸੋਸਾਇਟੀ ਦੁਆਰਾ ਸ਼ੁਰੂ ਕੀਤੇ ਜਾ ਰਹੇ ਇੰਟਰਪਨਿਓਰ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ। ਇਹ ਪ੍ਰੋਗਰਾਮ ਔਰਤਾਂ ਲਈ ਹੈ ਜੋ ਕੋਈ ਛੋਟਾ ਮੋਟਾ ਧੰਦਾ ਆਪਣੇ ਘਰ ਵਿੱਚ ਰਹਿ ਕੇ ਕਰ ਰਹੀਆਂ ਹਨ ਜਾਂ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਲਈ ਇਹ ਬਿਜ਼ਨਸ ਕਰਨ ਲਈ ਟ੍ਰੇਨਿੰਗ ਦੇਣ ਵਰਗਾ ਪ੍ਰੋਗਰਾਮ ਹੈ ਜੋ ਸਤੰਬਰ ਮਹੀਨੇ ਤੋਂ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਇਛੁੱਕ ਕੁੜੀਆਂ/ਔਰਤਾਂ ਇਸ ਵਿੱਚ ਸ਼ਾਮਲ ਹੋਣ ਲਈ ਉਸ ਨਾਲ ਸੰਪਰਕ ਕਰ ਸਕਦੀਆਂ ਹਨ। ਗੁਰਚਰਨ ਥਿੰਦ ਨੇ ਅੱਜ ਦੀ ਇਸ ਤੀਆਂ ਵਾਲੀ ਪਿਕਨਿਕ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਨੌਰੀਨ, ਕਿਰਨ ਕਲਸੀ, ਰੁਬੀਨਾ ਜੀ, ਬਲਜੀਤ ਜਠੌਲ, ਅਮਰਜੀਤ ਸੱਗੂ, ਤਰਨਜੀਤ ਅਤੇ ਹੋਰ ਭੈਣਾਂ ਦੁਆਰਾ ਪਾਏ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਧੰਨਵਾਦ ਕੀਤਾ।

ਇਸ ਤੋਂ ਬਾਦ ਇੱਕ ਵਾਰ ਫਿਰ ਕਈ ਭੈਣਾਂ ਨੇ ਨੱਚਣ ਗਾਉਣ ਦਾ ਆਪਣਾ ਰਹਿ ਗਿਆਂ ਝੱਸ ਪੂਰਾ ਕਰਨਾ ਸ਼ੁਰੂ ਕਰ ਦਿੱਤਾ। ਕਈ ਪਾਰਕ ਵਿੱਚ ਚਲਣ ਵਾਲੀ ਟ੍ਰੇਨ ਦਾ ਆਨੰਦ ਮਾਨਣ ਚਲੇ ਗਈਆਂ। ਬਾਕੀ ਖਾਣ-ਪੀਣ ਦੇ ਰਹਿੰਦੇ ਸਮਾਨ ਦਾ ਨਬੇੜਾ ਕਰਨ ਵਿੱਚ ਰੁੱਝ ਗਈਆਂ। ਸਾਢੇ ਕੁ ਚਾਰ ਵਜੇ ਬੱਸ ਦੇ ਆਉਣ ਦਾ ਸੱਦਾ ਆ ਗਿਆ। ਸਭ ਆਪੋ ਆਪਣਾ ਸਾਜੋ ਸਮਾਨ ਸਮੇਟ ਬੱਸ ਵਿੱਚ ਸੁਆਰ ਹੋ ਸਾਢੇ ਕੁ ਪੰਜ ਵਜੇ ਵਰ੍ਹਦੇ ਮੀਂਹ ਵਿੱਚ ਬੱਸੋਂ ਉਤਰ ਆਪੋ ਆਪਣੇ ਘਰਾਂ ਨੂੰ ਰਵਾਨਾ ਹੋ ਗਈਆਂ। ਇੰਜ ਅੱਜ ਦਾ ਇਹ ਦਿਹਾੜਾ ਸੀਨੀਅਰਜ਼ ਦੇ ਸੁਪਨਿਆਂ ਦਾ ਦਿਨ ਬਣ ਉਨ੍ਹਾਂ ਦੇ ਚੇਤਿਆਂ ਦਾ ਖੂਬਸੂਰਤ ਦਿਨ ਹੋ ਨਿਬੜਿਆ।

# ਓਕਵਿਲ ਵਿੱਚ ਮਾਰੇ ਗਏ ਨੌਜਵਾਨ ਦੀ ਪਛਾਣ ਅਲਬਰਟਾ ਨਿਵਾਸੀ ਅਰਮਾਨ ਢਿੱਲੋਂ ਵੱਜੋਂ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੰਦੂਕ ਦੀ ਗੋਲੀ ਭਾਵੇਂ ਕਿਤੇ ਚੱਲੇ ,ਕਿਸੇ ਪਾਸਿਓਂ ਵੀ ਚੱਲੇ ਪਰ ਉਸਦਾ ਅੰਤ ਤਾਂ ਕਿਸੇ ਮਾਂ ਦੀ ਕੁੱਖ ਦੀਆਂ ਆਂਦਰਾਂ ਦਾ ਰੁੱਗ ਭਰਦਿਆਂ ਕਿਸੇ ਘਰ ਦੇ ਉਜਾੜੇ ਨਾਲ ਹੁੰਦਾ ਹੈ। ਕਨੇਡਾ ਦੇ ਅਲਬਰਟਾ ਸੂਬੇ ਅੰਦਰ ਦਿਨ ਬਦਿਨ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਪੁਲਿਸ ਅਨੁਸਾਰ ਕੈਲਗਰੀ ਵਿੱਚ ਹੀ ਸਾਲ 2022 ਦੇ ਅੱਠ ਮਹੀਨਿਆਂ ਦੌਰਾਨ ਹੁਣ ਤੱਕ 94 ਵਾਰਦਾਤਾਂ ਵਾਪਰ ਚੁੱਕੀਆਂ ਹਨ ਜਿਹਨਾਂ ਵਿੱਚੋਂ ਵੱਡੀ ਗਿਣਤੀ ਦਾ ਸਬੰਧ ਪੰਜਾਬੀ ਭਾਈਚਾਰੇ ਨਾਲ ਵੀ ਹੈ। ਪਰ ਕਨੇਡਾ ਦੇ ਹੋਰਨਾਂ ਸੂਬਿਆਂ ਵਿੱਚ ਵਾਪਰਦੀਆਂ ਅਜਿਹੀਆਂ ਘਟਨਾਵਾਂ ਦਾ ਸੇਕ ਵੀ ਬੀਤੇ ਦਿਨੀ ਅਲਬਰਟਾ ਸੂਬੇ ਤੱਕ ਅੱਪੜਿਆ ਹੈ। 19 ਅਗਸਤ ਨੂੰ ਓਨਟਾਰੀਓ ਦੇ ਓਕਵਿਲ ਇਲਾਕੇ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਦੌਰਾਨ ਇੱਕ 27 ਸਾਲਾ ਗੱਭਰੂ ਦੇ ਮੌਕੇ ਉੱਪਰ ਹੀ ਮਾਰੇ ਜਾਣ ਅਤੇ 20 ਸਾਲਾ ਉਮਰ ਦੇ ਜਖਮੀ ਹੋਣ ਦੀ ਘਟਨਾ ਵਾਪਰੀ ਸੀ। ਪੁਲਿਸ ਨੇ ਮਿਰਤਕ ਦੀ ਪਛਾਣ ਐਡਮੰਟਨ ਨਿਵਾਸੀ ਅਰਮਾਨ ਢਿੱਲੋਂ ਵੱਜੋਂ ਕੀਤੀ ਹੈ। ਅਰਮਾਨ ਢਿੱਲੋਂ ਦਾ ਪਿਛੋਕੜ ਅਪਰਾਧ ਦੀ ਦੁਨੀਆ ਨਾਲ ਜੁੜਿਆ ਹੋਣ ਦੀ ਪੁਸਟੀ ਵੀ ਟਰਾਂਟੋ ਦੀ ਅਖ਼ਬਾਰ ਨੇ ਕੀਤੀ ਹੈ। ਦੱਸਿਆ ਜਾਂਦਾ ਹੈ ਸਾਲ 2016 ਵਿੱਚ ਐਡਮਿੰਟਨ ਵਿਖੇ ਨਾਈਟ ਕਲੱਬ ਦੇ ਬਾਹਰ ਹੋਈ ਗੋਲੀਬਾਰੀ ਸਬੰਧੀ ਅਰਮਾਨ ਢਿੱਲੋਂ ਦੇ ਕਨੇਡਾਵਾਈਡ ਗ੍ਰਿਫਤਾਰੀ ਵਾਰੰਟ ਜਾਰੀ ਹੋਏ ਸਨ ਤਾਂ ਉਸ ਨੇ ਖੁਦ ਹੀ ਆਪਣੇ ਵਕੀਲ ਰਾਹੀਂ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਸੀ। ਉਸ ਸਮੇ ਉਸਦੀ ਉਮਰ 21 ਸਾਲ ਸੀ। ਪੁਲਿਸ ਇਸ ਕੇਸ ਦੀ ਛਾਣਬੀਣ ਵਿੱਚ ਲੱਗੀ ਹੋਈ ਹੈ ਪਰ ਹਾਲੇ ਤੱਕ ਪੁਲਿਸ ਹੱਥ ਕੁੱਝ ਵੀ ਨਾ ਲੱਗਣ ਦੀ ਹੀ ਖ਼ਬਰ ਹੈ ਕਿਉਂਕਿ ਕਿ ਜੋ ਚਿੱਟੇ ਰੰਗ ਦੀ ਐਕਇਰਾ ਐਮ ਡੀ ਐਕਸ ਘਟਨਾ ਸਥਾਨ ਦੇ ਨੇੜੇ ਸੜੀ ਹੋਈ ਹਾਲਤ ਵਿੱਚ ਮਿਲੀ ਸੀ ਉਸਦੇ ਇਸ ਵਾਰਦਾਤ ਵਿੱਚ ਵਰਤੇ ਹੋਣ ਦਾ ਸ਼ੱਕ ਹੈ। ਪੁਲਿਸ ਨੇ ਘਟਨਾ ਸਥਾਨ ਦੇ ਨੇੜੇ ਰਹਿਣ ਵਾਲੇ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਵੀ ਕੀਤੀ ਹੈ।



STANCE PHYSIO
CHIRO & MASSAGE
Psychological/Mental Health Counselling Available
ਫਿਜ਼ੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
www.stancephysio.com
Ph: +1(825)513-0151 Address: 470, 10980 38St NE AB Calgary

# ਸਟਾਫ਼ ਦੀ ਕਮੀਂ ਨੂੰ ਦੂਰ ਕਰਨ ਲਈ ਅੰਤਰਰਾਸ਼ਟਰੀ ਟ੍ਰੇਨਿੰਗ ਪ੍ਰਾਪਤ ਨਰਸਾਂ ਦੀਆਂ ਸੇਵਾਵਾਂ ਲਈਆਂ ਜਾਣ - ਜਗਮੀਤ ਸਿੰਘ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਸਟਾਫ ਦੀ ਕਮੀ ਦੇ ਚਲਦਿਆਂ ਕੈਨੇਡਾ ਭਰ ਦੇ ਹਰੇਕ ਸੂਬੇ ਵਿੱਚ ਸਿਹਤ ਸੇਵਾਵਾਂ ਪ੍ਰਭਾਵਤ ਹੋ ਰਹੀਆਂ ਹਨ। ਹਰੇਕ ਸੂਬੇ ਦੇ ਪ੍ਰੀਮੀਅਰ ਵੱਲੋਂ ਫੈਡਰਲ ਸਰਕਾਰ ਕੋਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਫੰਡਿੰਗ ਵਧਾਈ ਜਾਵੇ। ਇਸੇ ਦੌਰਾਨ ਐਨਡੀਪੀ ਲੀਡਰ ਜਗਮੀਤ ਸਿੰਘ ਨੇ ਆਖਿਆ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਮਾਮਲੇ ਵਿੱਚ ਅੱਗੇ ਆਉਣਾ ਚਾਹੀਦਾ ਹੈ ਅਤੇ ਪ੍ਰੀਮੀਅਰਾਂ ਨਾਲ ਮੀਟਿੰਗ ਕਰਕੇ ਸਮੱਸਿਆ ਨੂੰ ਹੱਲ ਕਰਨਾ ਚਾਹੀਦਾ ਹੈ। ਇਸ ਨਾਲ ਹੀ ਜਗਮੀਤ ਸਿੰਘ ਨੇ ਸਲਾਹ ਦਿੱਤੀ ਕਿ ਕੈਨੇਡਾ ਵਿੱਚ ਮੌਜੂਦ ਅੰਤਰਰਾਸ਼ਟਰੀ ਟ੍ਰੇਨਿੰਗ ਪ੍ਰਾਪਤ ਨਰਸਾਂ ਅਤੇ ਹੈਲਥ ਕੇਅਰ ਵਰਕਰਾਂ ਨੂੰ ਮਾਨਤਾ ਦੇ ਕੇ ਹੈਲਥ ਕੇਅਰ ਸਿਸਟਮ ਵਿੱਚ ਲਿਆਂਦਾ ਜਾਵੇ ਅਤੇ ਜਿਨ੍ਹਾਂ ਨਰਸਾਂ ਕੋਲ ਅਜੇ ਇਮੀਗ੍ਰੇਸ਼ਨ ਸਟੇਟਸ ਨਹੀਂ ਹੈ ਉਨ੍ਹਾਂ ਦੇ ਇਮੀਗਰੇਸ਼ਨ ਸਟੇਟਸ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਵੀ ਲਈਆਂ ਜਾ ਸਕਦੀਆਂ ਹਨ। ਇਸਦੇ ਨਾਲ ਹੀ ਜਗਮੀਤ ਸਿੰਘ ਨੇ ਆਖਿਆ ਕਿ ਕੁੱਝ ਸੂਬਿਆਂ ਦੇ ਪ੍ਰੀਮੀਅਰਾਂ ਵੱਲੋਂ ਸਿਹਤ ਸੇਵਾਵਾਂ ਦੇ ਨਿੱਜੀਕਰਨ ਦੀ ਗੱਲ ਕੀਤੀ ਜਾ ਰਹੀ ਹੈ ਜੋ ਕਿ ਸਰਾਸਰ ਗਲਤ ਹੈ, ਕਿਉਂਕਿ ਇਸ ਨਾਲ ਅਮੀਰ ਲੋਕਾਂ ਨੂੰ ਤਾਂ ਸਿਹਤ ਸੇਵਾਵਾਂ ਮਿਲ ਜਾਣਗੀਆਂ ਪਰ ਘੱਟ ਆਮਦਨ ਵਾਲੇ ਲੋਕ ਇਸ ਤੋਂ ਵਾਂਝੇ ਹੋ ਜਾਣਗੇ।

SSSS IMMIGRATION SERVICES
www.ssssimmigration.com
ICCRC CRCIC
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
To help you attain your goals for immigration to Canada through...
• Provincial Nominee Programs
• Express Entry
• Family/ Spouse Sponsorship
• Work Permit, Visitor Visa
• PR Card and Citizenship
• Prepare Immigration applications or related documents
• Student Recruitment and Student visa, SINP, TR to PR,
ਇਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਬਾਰੇ ਜਾਣਕਾਰੀ ਅਤੇ ਉਹਦੇ ਹੱਲ ਸੰਬੰਧੀ ਯੂਨੀਵਰਸਲ ਇਮੀਗ੍ਰੇਸ਼ਨ ਵਾਲਿਆਂ ਨੂੰ ਕਾਲ ਕਰੋ।
Unit#4-3000 Diefenbaker Dr, Saskatoon (SK) S7L7K2 (Near Superstore West)
Regulated Canadian Immigration Consultant, CEO Member of ICCRC

CENTURY 21 Fusion
RANDY SINGH
Saskatoon REALTOR®
306.361.7810
randy.singh@century21.ca
randysinghrealty.com
Call me today!
Not intended to solicit properties currently listed for sale or buyers under contract.
Each office is independently owned and operated.

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
State Farm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILITY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent

## ਵਿਨਸਪੋਰਟ ਡੇ ਲਾਜ ਨਵੀਨੀਕਰਨ ਪ੍ਰੋਜੈਕਟ ਲਈ ਜਾਰਜ ਚਾਹਲ ਮੈਂਬਰ ਪਾਰਲੀਮੈਂਟ ਵੱਲੋਂ17 ਮਿਲੀਅਨ ਡਾਲਰ ਤੋਂ ਵੀ ਵੱਧ ਦੀ ਰਕਮ ਜਾਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਓਲੰਪਿਕ ਪਾਰਕ ਅਸਲ ਵਿੱਚ 1988 ਵਿੱਚ ਬਣਾਇਆ ਗਿਆ ਸੀ ਪਰ 35 ਸਾਲ ਪੁਰਾਣਾ ਹੋਣ ਦੇ ਬਾਵਜੂਦ ਵੀ ਹੁਣ ਇਹ ਨਵੀਂ ਦਿੱਖ ਵਿੱਚ ਦਿਖਾਈ ਦੇਵੇਗਾ। ਕੈਲਗਰੀ ਵਿੰਟਰ ਓਲੰਪਿਕ ਹੁਣ ਵਿਜ਼ਟਰਾਂ ਅਤੇ ਮਹਿਮਾਨਾਂ ਨੂੰ ਹੁਣ ਆਪਣੇ ਵੱਲ ਖਿਚੇਗਾ। ਕਿਉਂਕਿ ਸਰਕਾਰ ਨੇ ਇਸ ਦੇ ਨਵੀਨੀਕਰਣ ਲਈ 17 ਮਿਲੀਅਨ ਡਾਲਰ ਤੋਂ ਵੱਧ ਦੀ ਰਕਮ ਜਾਰੀ ਕੀਤੀ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਰਜ ਚਹਿਲ, ਐਮ ਪੀ ਨੇ ਕਿਹਾ, "ਮੈਂ




ਇੱਕ ਹੋਰ ਲਿਬਰਲ ਨਿਵੇਸ਼ ਦੀ ਘੋਸ਼ਣਾ ਕਰਨ ਲਈ ਬਹੁਤ ਉਤਸ਼ਾਹਿਤ ਸੀ ਕਿ ਅਸੀਂ ਕੈਲਗਰੀ ਦੇ ਖੇਡ ਖੇਤਰ ਵਿੱਚ ਨਵੀਨੀਕਰਨ ਲਈ **17.4** ਮਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰ ਰਹੇ ਹਾਂ। ਹੁਣ ਕੈਲਗਰੀ ਵਾਲੇ ਇਸ ਦਾ ਭਰਪੂਰ ਫਾਇਦਾ ਉਠਾ ਸਕਣਗੇ ।

## ਕੈਨੇਡਾ ਅਤੇ ਜਰਮਨੀ ਵਿਚਾਲੇ ਹਾਈਡਰੋਜਨ ਸਪਲਾਈ ਸਬੰਧੀ ਅਹਿਮ ਸਮਝੌਤਾ ਹੋਇਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਅਤੇ ਜਰਮਨੀ ਵਿਚਾਲੇ ਹਾਈਡਰੋਜਨ ਦੀ ਸਪਲਾਈ ਸਬੰਧੀ ਇੱਕ ਅਹਿਮ ਸਮਝੌਤਾ ਕੀਤਾ ਗਿਆ ਜਿਸ ਤਹਿਤ ਸਾਲ 2025 ਤੋਂ ਕੈਨੇਡਾ ਦੁਆਰਾ ਜਰਮਨੀਂ ਨੂੰ ਹਾਈਡਰੋਜਨ ਐਕਸਪੋਰਟ ਕਰਨਾ ਸ਼ੁਰੂ ਕੀਤਾ ਜਾਵੇਗਾ। ਇਸ ਸਮਝੌਤੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਸ ਸਮਝੌਤੇ ਨਾਲ ਕਈ ਲਾਭ ਹੋਣਗੇ ਜਿਵੇਂ ਰੋਜ਼ਗਾਰ ਦੇ ਮੌਕੇ ਪੈਦਾ ਹੋਣਾ , ਕਲੀਨ ਐਨਰਜੀ ਦੀ ਵਰਤੋਂ ਅਤੇ ਇਸ ਨਾਲ ਸਾਫ ਵਾਤਾਵਰਨ ਚ ਮਦਦ ਮਿਲਣਾ ਸ਼ਾਮਿਲ ਹੈ। ਜਰਮਨੀ ਦੇ ਚਾਂਸਲਰ ਓਲਫ਼ ਸ਼ੋਲਜ਼ ਨੇ ਆਖਿਆ ਕਿ ਇਸ ਸਮਝੌਤੇ ਨਾਲ ਵਾਤਾਵਰਨ ਦੀ ਸੰਭਾਲ ਵਿਚ ਮਦਦ ਮਿਲੇਗੀ ਇਸ ਦੇ ਨਾਲ ਹੀ ਉਨਾਂ ਦੁਵੱਲੇ ਸਬੰਧਾਂ ਲਈ ਵੀ ਇਸ ਸਮਝੌਤੇ ਦੀ ਅਹਿਮੀਅਤ ਦਾ ਜ਼ਿਕਰ ਕੀਤਾ

## ਫੈਡਰਲ ਸਰਕਾਰ ਨੇ ਕੈਲਗਰੀ ਦੇ ਹਵਾਈ ਅੱਡੇ ਲਈ 2 ਮਿਲੀਅਨ ਡਾਲਰ ਦੇ ਕਰੀਬ ਮੱਦਦ ਦਿੱਤੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਕਾਰਨ ਕੈਨੇਡਾ ਭਰ ਦੇ ਹਵਾਈ ਅੱਡਿਆਂ ਤੇ ਹਵਾਈ ਸੇਵਾਵਾਂ ਵਿੱਚ ਪਏ ਭਾਰੀ ਵਿਘਨ ਕਾਰਨ ਯਾਤਰੀਆਂ ਨੂੰ ਵੱਡੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਹਾਲਾਂਕਿ ਇਸ ਸੰਬੰਧੀ ਫੈਡਰਲ ਸਰਕਾਰ ਵੱਲੋਂ ਆਖਿਆ ਗਿਆ ਹੈ ਕਿ ਮਹਾਂਮਾਰੀ ਉਪਰੰਤ ਕੈਨੇਡਾ ਦੇ ਲੋਕਾਂ ਦੀਆਂ ਯਾਤਰਾ ਸਬੰਧੀ ਯੋਜਨਾਵਾਂ ਨੂੰ ਸਮਝਣ ਵਿੱਚ ਕਿਤੇ ਕਮੀ ਰਹਿ ਗਈ ਹੈ। ਇਸੇ ਦੌਰਾਨ ਕੈਲਗਰੀ ਦੇ ਹਵਾਈ ਅੱਡੇ ਤੇ ਯਾਤਰੀਆਂ ਲਈ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਫੰਡਿੰਗ ਦਾ ਐਲਾਨ ਕੀਤਾ ਗਿਆ ਹੈ। ਕੈਲਗਰੀ ਸਕਾਈਵਿਊ ਤੋਂ ਮੈਂਬਰ ਪਾਰਲੀਮੈਂਟ ਜੌਰਜ ਚਾਹਲ ਜਿਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ **1.9** ਮਿਲੀਅਨ ਡਾਲਰ ਦੀ ਮੱਦਦ ਸਰਕਾਰ ਵੱਲੋਂ ਦਿੱਤੀ ਜਾ ਰਹੀ ਹੈ ਤਾਂ ਹਵਾਈ ਸਫਰ ਕਰਨ ਵਾਲਿਆਂ ਨੂੰ ਦਰਪੇਸ਼ ਆਉਂਦੀਆਂ ਮੁਸਕਿਲਾਂ ਤੋਂ ਛੁਟਕਾਰਾ ਮਿਲ ਸਕੇ । ਉਹਨਾਂ ਕਿਹਾ ਕਿ ਲਿਬਰਲ ਸਰਕਾਰ ਹਮੇਸਾ ਹੀ ਕੈਲਗਰੀ ਏਅਰਪੋਰਟ ਅਤੇ ਕੈਲਗਰੀ ਵਾਸੀਆਂ ਦੀ ਮੱਦਦ ਲਈ ਉਹਨਾਂ ਦੇ ਨਾਲ ਹੈ।

## ਨਸਲਵਾਦ ਦੀ ਸਮੱਸਿਆ ਸਬੰਧੀ ਘਟਨਾਵਾਂ ਨੂੰ ਲੈਕੇ ਪੁਲਿਸ ਚਿੰਤਤ ਹੈ।

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਨਸਲਵਾਦ ਦੀ ਸਮੱਸਿਆ ਕਈ ਦਹਾਕਿਆਂ ਤੋਂ ਚੱਲ ਰਹੀ ਹੈ ਅਤੇ ਇਹ ਵਰਤਾਰਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਦੇਸ਼ ਦੇ ਸਾਰੇ ਹੀ ਪ੍ਰਮੁੱਖ ਆਗੂਆਂ ਵੱਲੋਂ ਇਸ ਵਰਤਾਰੇ ਖਿਲਾਫ ਬਿਆਨ ਦਿੱਤੇ ਜਾਂਦੇ ਰਹੇ ਹਨ ਅਤੇ ਦੇਸ਼ ਦੇ ਲੋਕਾਂ ਨੂੰ ਨਸਲਵਾਦ ਜਿਹੀ ਬੁਰਾਈ ਤੋਂ ਦੂਰ ਰਹਿਣ ਲਈ ਅਪੀਲਾਂ ਵੀ ਕੀਤੀਆਂ ਜਾਂਦੀਆਂ ਹਨ । ਪਰ ਆਏ ਦਿਨ ਸੋਸ਼ਲ ਮੀਡੀਆ ਉੱਪਰ ਅਜਿਹੀਆਂ ਵੀਡੀਓ ਜਾਂ ਪੋਸਟਾਂ ਵਾਇਰਲ ਹੁੰਦੀਆਂ ਰਹਿੰਦੀਆਂ ਹਨ ਜਿਸ ਵਿਚ ਕੋਈ ਵਿਅਕਤੀ ਕਿਸੇ ਹੋਰ ਨੂੰ ਰੰਗ , ਨਸਲ ਜਾਂ ਪਿਛੋਕੜ ਦੇ ਆਧਾਰ ਤੇ ਜ਼ਲੀਲ ਕਰਦਾ ਨਜ਼ਰ ਆਉਂਦਾ ਹੈ। ਪਰ ਪੁਲਿਸ ਦਾ ਕਹਿਣਾ ਹੈ ਕਿ ਨਸਲੀ ਵਿਤਕਰੇ ਦੀਆਂ ਸਿਰਫ ਵੀਡੀਓ ਨਾ ਬਣਾਈਆਂ ਜਾਣ ਸਗੋਂ ਇਸ ਸਬੰਧੀ ਪੁਲਿਸ ਨੂੰ ਵੀ ਸ਼ਿਕਾਇਤ ਦਰਜ ਕਰਵਾਈ ਜਾਵੇ ।

## ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਵਿਦਿਆਰਥੀਆਂ ਦਾ 10 ਹਜ਼ਾਰ ਡਾਲਰ ਤੱਕ ਦਾ ਕਰਜ਼ਾ ਮਾਫ਼ ਕੀਤਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਅਹਿਮ ਐਲਾਨ ਕਰਦਿਆਂ ਵਿਦਿਆਰਥੀਆਂ ਨੂੰ ਵੱਡੀ ਰਾਹਤ ਦਿੱਤੀ ਹੈ ।
ਵਿਦਿਆਰਥੀਆਂ ਦੇ 10,000 ਡਾਲਰ ਤੱਕ ਦੇ ਕਰਜ਼ਿਆਂ ਨੂੰ ਮੁਆਫ ਕਰ ਦਿੱਤਾ ਹੈ ਜਿਸ ਨਾਲ ਕਈ ਮਿਲੀਅਨ ਲੋਕਾਂ ਨੂੰ ਲਾਭ ਮਿਲੇਗਾ। ਇਸ ਤੋਂ



ਇਲਾਵਾ ਘੱਟ ਆਮਦਨ ਵਾਲੇ ਪਰਿਵਾਰਾਂ ਲਈ 20,000 ਡਾਲਰ ਤਕ ਦੀ ਕਰਜ਼ਾ ਮੁਆਫ਼ੀ ਦਾ ਐਲਾਨ ਕੀਤਾ ਹੈ । ਇਸ ਐਲਾਨ ਮੁਤਾਬਕ ਸਵਾ ਲੱਖ ਡਾਲਰ ਤੋਂ ਘੱਟ ਆਮਦਨ ਵਾਲੇ ਵਿਅਕਤੀ ਜਾਂ ਫਿਰ ਢਾਈ ਲੱਖ ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਇਸ ਕਰਜ਼ਾ ਮੁਆਫ਼ੀ ਦਾ ਲਾਭ ਮਿਲੇਗਾ ।

## ਵਿਸ਼ਵ ਪ੍ਰਸਿੱਧ ਗਾਇਕ ਆਰਿ.ਫ ਲੁਹਾਰ ਵੱਲੋਂ ਯਮਲਾ ਘਰਾਣੇ ਦੇ ਹੀਰੇ ਵਿਜੇ ਯਮਲਾ ਦਾ ਕੈਂਠੇ ਨਾਲ ਸਨਮਾਨ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਪੰਜਾਬੀ ਸੰਗੀਤ ਜਗਤ ਵਿੱਚ ਜਨਾਬ ਆਲਮ ਲੁਹਾਰ ਤੇ ਉਸਤਾਦ ਲਾਲ ਚੰਦ ਯਮਲਾ ਜੱਟ ਜੀ ਦੇ ਘਰਾਣੇ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ। ਜਦੋਂ ਇਹਨਾਂ ਦੋਹਾਂ ਘਰਾਣਿਆਂ ਦੇ ਚਿਰਾਗ ਆਰਿਫ ਲੁਹਾਰ ਤੇ ਵਿਜੇ ਯਮਲਾ ਇੱਕ ਦੂਜੇ ਨੂੰ ਗਲਵੱਕੜੀ ਪਾਉਂਦੇ ਹੋਣ ਤਾਂ ਇਉਂ ਮਹਿਸੂਸ ਕਰ ਸਕਦੇ ਹਾਂ ਜਿਵੇਂ ਚੜ੍ਹਦੇ ਤੇ ਲਹਿੰਦੇ ਪੰਜਾਬ ਨੇ ਇੱਕ ਦੂਜੇ ਨੂੰ ਕਲਾਵੇ 'ਚ ਲੈ ਲਿਆ ਹੋਵੇ। ਬਰਤਾਨੀਆ ਫੇਰੀ 'ਤੇ ਆਏ ਵਿਜੇ ਯਮਲਾ ਵੱਲੋਂ ਆਰਿਫ ਲੁਹਾਰ ਜੀ ਨਾਲ ਵਿਸ਼ੇਸ਼ ਮਿਲਣੀ ਕੀਤੀ, ਜਿਸ ਦੌਰਾਨ ਵਿਜੇ ਯਮਲਾ ਨੇ ਆਪਣੇ ਭਰਾ ਰਵੀ ਯਮਲਾ ਵੱਲੋਂ ਬਹੁਤ ਹੀ ਰੀਝਾਂ ਨਾਲ ਤਿਆਰ ਕੀਤੀ ਤੂੰਬੀ ਆਰਿਫ ਲੁਹਾਰ ਜੀ ਦੇ ਬੇਟੇ ਨੂੰ ਭੇਂਟ ਕੀਤੀ। ਨਾਲ ਹੀ ਵਿਜੇ ਵੱਲੋਂ ਦੂਸਰੇ ਬੇਟੇ ਨੂੰ ਬੁਘਦੂ ਸਾਜ਼ ਵੀ ਪਿਆਰ ਸਹਿਤ ਭੇਂਟ ਕੀਤਾ। ਦੋਵੇਂ ਘਰਾਣਿਆਂ ਦੇ ਕਲਾਕਾਰ ਫਰਜੰਦਾਂ ਵੱਲੋਂ ਕਲਾਕਾਰੀ ਦੀ ਅਜਿਹੀ ਸਾਂਝ ਪਾਈ ਕਿ ਕੰਧਾਂ ਵੀ ਝੂਮ ਉੱਠੀਆਂ। ਵਿਜੇ ਯਮਲਾ ਵੱਲੋਂ ਵਜਾਈ ਤੂੰਬੀ ਦੀ ਟੁਣਕਾਰ 'ਤੇ ਆਰਿਫ ਲੁਹਾਰ ਜੀ ਵੱਲੋਂ ਗੀਤਾਂ ਦੀ ਛਹਿਬਰ ਲਗਾ ਦਿੱਤੀ। ਇਸ ਸਮੇਂ ਲੁਹਾਰ ਪਰਿਵਾਰ ਵੱਲੋਂ ਵਿਜੇ ਯਮਲਾ ਨੂੰ ਪਾਕਿਸਤਾਨ ਤੋਂ ਖਾਸ ਤੌਰ 'ਤੇ ਬਣਵਾ ਕੇ ਲਿਆਂਦੇ ਕੈਂਠੇ ਨਾਲ ਸਨਮਾਨਿਤ ਕੀਤਾ। ਇਸ ਸਮੇਂ ਬੋਲਦਿਆਂ ਆਰਿਫ ਲੁਹਾਰ ਨੇ ਕਿਹਾ ਕਿ ਵਿਜੇ ਯਮਲਾ ਮੇਰਾ ਨਿੱਕਾ ਵੀਰ ਹੀ ਨਹੀਂ, ਸਗੋਂ ਮੇਰੇ ਪੁੱਤਰਾਂ ਵਰਗਾ ਹੈ। ਯਮਲਾ ਜੱਟ ਜੀ ਦੀ ਸੰਗੀਤਕ ਵਿਰਾਸਤ ਨੂੰ ਅੱਗੇ ਲੈ ਕੇ ਜਾਣ ਲਈ ਉਸਦੀ ਮਿਹਨਤ ਤੇ ਲਗਨ ਅੱਗੇ ਸਿਰ ਝੁਕਦਾ ਹੈ। ਉਹਨਾਂ ਕਿਹਾ ਕਿ ਆਪਣੇ ਪਿਤਾ ਦੇ ਦੋਸਤ ਦੇ ਪੋਤਰੇ ਹੱਥੋਂ ਯਮਲਾ ਜੱਟ ਸਾਹਿਬ ਦੀ ਈਜਾਦ ਕੀਤੀ ਤੂੰਬੀ ਲੈ ਕੇ ਆਪਣੇ ਆਪ ਨੂੰ ਧੰਨ ਸਮਝਦਾ ਹਾਂ।
























## ਸੰਪਾਦਕੀ



ਸਾਂਝ ਅਤੇ ਸਹਿਜ ਸਫਲਤਾ ਦੇ ਦਰਵਾਜੇ ਹਨ।
-ਜੇਮਸ ਮੈਡੀਸਨ

# ਦੇਰੀ ਨਾਲ ਇਨਸਾਫ

ਪੰਜਾਬ ਵਿੱਚ ਕਾਲੇ ਦੌਰ ਦੌਰਾਨ ਦੋਹਾਂ ਪਾਸਿਆਂ ਤੋਂ ਵਧੀਕੀਆਂ ਹੋਈਆਂ ਪਰ ਪੁਲਿਸ ਨੇ ਜਿਹੜੀਆਂ ਵਧੀਕੀਆਂ ਕੀਤੀਆਂ ਉਹ ਇਸ ਕਾਰਨ ਭੁਲਾਈਆਂ ਨਹੀਂ ਜਾ ਸਕਦੀਆਂ ਕਿਉਂਕਿ ਉਹ ਕਾਨੂੰਨ ਦੀ ਪਾਬੰਦ ਹੁੰਦੀ ਹੈ। ਪਰ ਉਸ ਨੇ ਉਸ ਸਮੇਂ ਦੌਰਾਨ ਰੱਜ ਕੇ ਦੱਬ ਕੇ ਮਨੁੱਖੀ ਅਧਿਕਾਰਾਂ ਨੂੰ ਤਿਲਾਂਜਲੀ ਦਿੱਤੀ ਅਤੇ ਬਹੁਤ ਸਾਰੇ ਨਿਰਦੋਸ਼ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅੱਜ ਵੀ ਕਦੇ-ਕਦੇ ਉਹ ਪਲ ਯਾਦ ਆ ਜਾਂਦੇ ਹਨ। ਇਸੇ ਸਿਲਸਿਲੇ ਵਿੱਚ ਮੁਹਾਲੀ ਦੀ ਇੱਕ ਵਿਸ਼ੇਸ਼ ਅਦਾਲਤ ਦੇ ਫ਼ੈਸਲੇ ਨੇ ਪੰਜਾਬ ਅੰਦਰ ਖਾੜਕੂਵਾਦ ਦੇ ਦੌਰ ਦੇ ਹਾਲਾਤ ਮੁੜ ਯਾਦ ਕਰਵਾ ਦਿੱਤੇ ਹਨ। ਸੀਬੀਆਈ ਦੀ ਇਸ ਵਿਸ਼ੇਸ਼ ਅਦਾਲਤ ਨੇ ਲਗਭਗ ਤਿੰਨ ਦਹਾਕੇ ਪਹਿਲਾਂ ਝੂਠੇ ਪੁਲਿਸ ਮੁਕਾਬਲੇ ਦੇ ਕੇਸ ਵਿੱਚ ਪੰਜਾਬ ਪੁਲਿਸ ਦੇ ਡੀਐੱਸਪੀ (ਸੇਵਾਮੁਕਤ) ਕ੍ਰਿਸ਼ਨ ਸਿੰਘ ਅਤੇ ਸਬ ਇੰਸਪੈਕਟਰ (ਸੇਵਾਮੁਕਤ) ਤਰਸੇਮ ਲਾਲ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਅਤੇ 2-2 ਲੱਖ ਰੁਪਏ ਜੁਰਮਾਨਾ ਕੀਤਾ ਹੈ। ਅਦਾਲਤ ਨੇ ਜੁਰਮਾਨੇ ਦੀ ਰਾਸ਼ੀ ਵਿੱਚੋਂ ਇੱਕ-ਇੱਕ ਲੱਖ ਰੁਪਏ ਤਿੰਨ ਪੀੜਤ ਪਰਿਵਾਰਾਂ ਨੂੰ ਦੇਣ ਲਈ ਕਿਹਾ ਹੈ। ਮਾਮਲਾ 90ਵਿਆਂ ਦਾ ਹੈ ਜਦੋਂ ਮੱਧ ਪ੍ਰਦੇਸ਼ ਪੁਲਿਸ ਨੇ ਸੱਤ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਵਿੱਚੋਂ ਪੰਜ ਨੌਜਵਾਨਾਂ ਨੂੰ ਅੰਮ੍ਰਿਤਸਰ ਪੁਲਿਸ ਪੰਜਾਬ ਲੈ ਆਈ ਸੀ। ਪੁਲਿਸ ਅਨੁਸਾਰ 13 ਦਸੰਬਰ 1992 ਵਾਲੇ ਦਿਨ ਨੌਜਵਾਨਾਂ ਨੂੰ ਹਥਿਆਰ ਬਰਾਮਦ ਕਰਨ ਲਈ ਲਿਜਾਇਆ ਜਾ ਰਿਹਾ ਸੀ ਤਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਧਰਦਿਓ ਪਿੰਡ ਨੇੜੇ ਖਾੜਕੂਆਂ ਨੇ ਫਾਇਰਿੰਗ ਕਰ ਦਿੱਤੀ ਜਿਸ ਵਿੱਚ ਸਾਹਿਬ ਸਿੰਘ, ਬਲਵਿੰਦਰ ਸਿੰਘ ਅਤੇ ਦਲਬੀਰ ਸਿੰਘ ਸਮੇਤ ਇੱਕ ਹੋਰ ਅਣਪਛਾਤੇ ਵਿਅਕਤੀ (ਖਾੜਕੂ) ਦੀ ਮੌਤ ਹੋ ਗਈ। ਪੀੜਤ ਪਰਿਵਾਰ ਪੁਲਿਸ ਦੀ ਕਹਾਣੀ ਨਾਲ ਸਹਿਮਤ ਨਹੀਂ ਹੋਏ। ਉਨ੍ਹਾਂ ਹਰ ਥਾਂ ਚਾਰਾਜੋਈ ਕੀਤੀ। ਆਖਿਰ ਪਿੰਡ ਚੁੱਗ ਦੇ ਸਾਹਿਬ ਸਿੰਘ ਦੇ ਪਿਤਾ ਕਾਹਨ ਸਿੰਘ ਦੀ ਸ਼ਿਕਾਇਤ 'ਤੇ ਸੁਪਰੀਮ ਕੋਰਟ ਨੇ 1995 'ਚ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪਣ ਦਾ ਆਦੇਸ਼ ਦਿੱਤਾ। ਸੀਬੀਆਈ ਨੇ ਮੁਕਾਬਲੇ ਦੇ ਝੂਠੇ ਹੋਣ ਦੇ ਸਬੂਤ ਇਕੱਠੇ ਕਰਕੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦਾ ਰਾਹ ਤਿਆਰ ਕੀਤਾ। ਉਸ ਸਮੇਂ ਦੌਰਾਨ ਅਨੇਕ ਅਜਿਹੀਆਂ ਘਟਨਾਵਾਂ ਵਾਪਰੀਆਂ ਪਰ ਇਨਸਾਫ ਸਿਰਫ ਕੁਝ ਮਾਮਲਿਆਂ 'ਚ ਹੀ ਮਿਲਿਆ ਹੈ। ਮਨੁੱਖੀ ਹੱਕਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਦਾ ਕੇਸ ਇਸ ਪ੍ਰਸੰਗ 'ਚ ਮਹੱਤਵਪੂਰਨ ਹੈ। ਉਸ ਨੇ ਅੰਮ੍ਰਿਤਸਰ ਦੀਆਂ ਤਿੰਨ ਸ਼ਮਸ਼ਾਨਘਾਟਾਂ ਅੰਦਰ ਬੇਪਛਾਣ ਕਹਿ ਕੇ ਜਲਾਈਆਂ ਗਈਆਂ ਲਾਸ਼ਾਂ ਬਾਰੇ ਤੱਥ ਇਕੱਠੇ ਕਰਨੇ ਸ਼ੁਰੂ ਕੀਤੇ ਸਨ। ਸਤੰਬਰ 1995 ਵਿੱਚ ਖਾਲੜਾ ਗਾਇਬ ਹੋਇਆ ਅਤੇ ਬਾਅਦ ਵਿੱਚ ਸੀਬੀਆਈ ਜਾਂਚ ਦੌਰਾਨ ਉਸ ਦੀ ਪੁਲਿਸ ਹਿਰਾਸਤ ਵਿੱਚ ਹੋਈ ਮੌਤ ਦੀ ਪੁਸ਼ਟੀ ਹੋਈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕਾਨੂੰਨ ਦੀ ਪਾਲਣਾ ਕਰਨ ਲਈ ਪ੍ਰਤੀਬੱਧ ਹਨ। ਪੁਲਿਸ ਤੇ ਤਫ਼ਤੀਸ਼ ਕਰਨ ਵਾਲੀਆਂ ਹੋਰ ਏਜੰਸੀਆਂ ਦੁਆਰਾ ਕਾਨੂੰਨ ਦੀ ਪਾਲਣਾ ਨਾ ਕਰਨ ਦੇ ਵਰਤਾਰੇ ਜਮਹੂਰੀਅਤ ਨੂੰ ਠੇਸ ਪਹੁੰਚਾਉਂਦੇ ਹਨ। ਇਹ ਸਵਾਲ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਆਜ਼ਾਦੀ ਮਿਲਣ ਦੇ ਬਾਅਦ ਵੀ ਨਾਗਰਿਕਾਂ ਨੂੰ ਨਿਆਂ ਦੇਣ ਵਿੱਚ ਆਉਂਦੀਆਂ ਅੜਚਣਾਂ ਦੂਰ ਕਿਉਂ ਨਹੀਂ ਕੀਤੀਆਂ ਗਈਆਂ। ਸੰਵਿਧਾਨਕ ਦਾਇਰੇ ਵਿੱਚ ਰਹਿੰਦੇ ਹੋਏ ਇਨਸਾਫ਼ ਦੀ ਗਰੰਟੀ ਦੇਸ਼ ਦੇ ਹਰ ਨਾਗਰਿਕ ਦਾ ਹੱਕ ਹੈ। ਇਸ ਮੌਕੇ ਵੀ ਬਹੁਤ ਸਾਰੀਆਂ ਜਾਂਚ ਏਜੰਸੀਆਂ ਉੱਤੇ ਕਾਨੂੰਨ ਦੀ ਬਜਾਇ ਸਰਕਾਰੀ ਹੁਕਮ ਵਜਾਉਣ ਦੇ ਦੋਸ਼ ਲੱਗ ਰਹੇ ਹਨ। ਅਜਿਹੇ ਹਾਲਾਤ ਲੋਕਾਂ ਦਾ ਕਾਨੂੰਨ ਵਿੱਚ ਭਰੋਸਾ ਘਟਾਉਂਦੇ ਹਨ। ਅਜਿਹੇ ਸਮੇਂ ਇਨਸਾਫ਼ ਯਕੀਨੀ ਬਣਾਉਣ ਵਾਲੇ ਫ਼ੈਸਲੇ ਹੀ ਲੋਕਾਂ ਦਾ ਵਿਸ਼ਵਾਸ ਕਾਇਮ ਰੱਖ ਸਕਦੇ ਹਨ।

**ਸੁਖਜਿੰਦਰ ਸਮਰਾ**
ਮੋ. 95835-92000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਉਹ ਆਏ ਅਤੇ ਚਲੇ ਗਏ



ਗੁਰਮੀਤ ਸਿੰਘ ਪਲਾਹੀ

ਉਹ ਆਏ ਅਤੇ ਚਲੇ ਗਏ। ਹਾਲੋਂ-ਬੇਹਾਲ ਪੰਜਾਬ ਅਤੇ ਪੰਜਾਬੀਆਂ ਨੂੰ ਆਪਣੇ ਹਾਲ ਤੇ ਛੱਡ ਗਏ। ਉਹ ਆਏ ਅਤੇ ਚਲੇ ਗਏ। ਪੰਜਾਬ ਪੱਲੇ ਇੱਕ ਕੈਂਸਰ ਹਸਪਤਾਲ ਪਾ ਗਏ ਅਤੇ ਪੰਜਾਬੀਆਂ ਦੀਆਂ ਇਸ਼ਾਰੇ-ਇਸ਼ਾਰੇ 'ਚ ਮੰਗੀਆਂ ਪੰਜਾਬ ਦੇ ਮੁੱਖ ਮੰਤਰੀ ਦੀਆਂ ਮੰਗਾਂ ਤੇ ਚੁੱਪੀ ਵਟ ਗਏ। ਇਵੇਂ ਜਾਪਿਆਂ ਜਿਵੇਂ ਨਰੇਂਦਰ ਮੋਦੀ ਭਾਰਤ ਦਾ ਨਹੀਂ ਭਾਜਪਾ ਦਾ ਪ੍ਰਧਾਨ ਮੰਤਰੀ ਹੈ ਅਤੇ ਭਗਵੰਤ ਸਿੰਘ ਮਾਨ ਪੰਜਾਬ ਦਾ ਨਹੀਂ "ਆਪ" ਦਾ ਮੁੱਖ ਮੰਤਰੀ ਹੈ। ਉਲਾਹਮਾ ਕਾਹਦਾ, ਪੰਜਾਬ ਸਦਾ ਹੀ ਕੇਂਦਰ ਦੀਆਂ ਅੱਖਾਂ 'ਚ ਰੜਕਦਾ ਰਿਹਾ ਹੈ ਅਤੇ ਰੜਕਦਾ ਰਹੇਗਾ, ਕਿਉਂਕਿ ਪੰਜਾਬ ਸਦਾ ਅਣਖ ਨਾਲ ਜੀਊਣਾ ਸਿੱਖਿਆ ਹੈ। ਭਾਵੇਂ ਹਾਲ ਪੰਜਾਬ ਦੇ ਨਿਰੇ ਮਾੜੇ ਹਨ!

ਕੀ ਕੇਂਦਰ ਨਹੀਂ ਜਾਣਦਾ ਪੰਜਾਬ ਹੱਦ ਦਰਜ਼ੇ ਦਾ ਕਰਜ਼ਾਈ ਹੈ? ਕੀ ਕੇਂਦਰ ਨਹੀਂ ਜਾਣਦਾ ਪੰਜਾਬੀਆਂ ਦੇ ਜ਼ਬਰੀ ਪ੍ਰਵਾਸ ਅਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਸਮੱਸਿਆ? ਕੀ ਕੇਂਦਰ ਨਹੀਂ ਜਾਣਦਾ ਪੰਜਾਬ ਦੇਸ਼ ਦਾ ਢਿੱਡ ਭਰਦਾ ਆਪ ਮਾਰੂਥਲ ਹੋਣ ਵੱਲ ਵੱਧ ਰਿਹਾ ਹੈ? ਕੀ ਕੇਂਦਰ ਨਹੀਂ ਜਾਣਦਾ ਪੰਜਾਬ ਦਾ ਨੌਜਵਾਨ ਔਜੜੇ ਰਾਹਾਂ 'ਤੇ ਹੈ, ਨਸ਼ਿਆਂ ਦੇ ਸੌਦਾਗਰਾਂ ਉਸਦਾ ਨਾਸ ਮਾਰਿਆ ਹੋਇਆ ਹੈ? ਕੀ ਕੇਂਦਰ ਨਹੀਂ ਜਾਣਦਾ ਕਿ ਸੂਬੇ ਪੰਜਾਬ ਦਾ ਕਿਸਾਨ ਕਰਜ਼ੇ ਦੀ ਦਲ ਦਲ 'ਚ ਫਸਿਆ, ਨਿੱਤ ਖੁਦਕੁਸ਼ੀਆਂ ਕਰਦਾ ਹੈ?

ਨਹੀਂ ਲੁਕੀ ਹੋਈ ਕਿਸੇ ਤੋਂ ਪੰਜਾਬ ਦੀ ਹਾਲਾਤ ਆਰਥਿਕ ਪੱਖੋਂ ਨਿਘਾਰ ਦੀ। ਨਾ ਕੋਈ ਵੱਡਾ ਉਦਯੋਗ ਪੰਜਾਬ 'ਚ, ਨਾ ਕੋਈ ਪੰਜਾਬ ਦੀ ਰਾਜਧਾਨੀ, ਨਾ ਪੰਜਾਬੀਆਂ ਨੂੰ ਕਦੇ ਮਿਲਿਆ ਆਰਥਿਕ ਪੈਕੇਜ ਅਤੇ ਜੋ ਛੋਟੇ-ਵੱਡੇ ਉਦਯੋਗ ਪੰਜਾਬ 'ਚ ਹਨ ਜਾਂ ਸਨ, ਉਹ ਵੀ ਪੰਜਾਬੋਂ ਬਾਹਰ ਤੁਰ ਗਏ ਜਾਂ ਤੋਰ ਦਿੱਤੇ ਗਏ, ਕਿਉਂਕਿ ਗੁਆਂਢੀ ਸੂਬਿਆਂ 'ਚ ਉਦਯੋਗ ਲਈ ਪੈਕੇਜ ਹਨ, ਪੰਜਾਬ ਇਹਨਾ ਤੋਂ ਸੱਖਣਾ। ਉਹ ਪੰਜਾਬ ਜਿਹੜਾ ਸਰਹੱਦੀ ਸੂਬਾ ਹੈ, ਉਹ ਪੰਜਾਬ ਜਿਹੜਾ ਦੇਸ਼ ਲਈ ਜਾਨਾਂ ਵਾਰਦਾ ਹੈ, ਉਹ ਪੰਜਾਬ ਜਿਹੜਾ ਹਰ ਔਕੜ ਵੇਲੇ ਆਪਣੀ ਹੋਂਦ ਗੁਆ ਕੇ ਵੀ ਦੇਸ਼ ਲਈ ਕੁਰਬਾਨ ਹੁੰਦਾ ਹੈ। ਉਹ ਪੰਜਾਬ ਅੱਜ ਸਿਆਸਤਦਾਨਾਂ ਦੀਆਂ ਭੈੜੀਆਂ ਨੀਤੀਆਂ ਅਤੇ ਨੀਤ ਕਾਰਨ ਅਧ ਮੋਇਆ ਹੋਇਆ ਪਿਆ ਹੈ। ਕੇਂਦਰ ਨੂੰ ਇਸ ਨਾਲ ਕੀ ਵਾਸਤਾ? ਉਸ ਲਈ ਤਾਂ ਆਪਣੇ ਹਿੱਤ ਪਿਆਰੇ ਹਨ। ਪੰਜਾਬ 'ਚ ਭਾਜਪਾ ਰਾਜ-ਭਾਗ ਸਥਾਪਤ ਕਰਨਾ ਉਸਦਾ ਮੁੱਖ ਉਦੇਸ਼ ਹੈ। ਕਿਸੇ ਵੀ ਪਾਰਟੀ ਨੂੰ ਇਹ ਅਧਿਕਾਰ ਪ੍ਰਾਪਤ ਹੈ, ਪਰ ਵਿਰੋਧੀ ਧਿਰਾਂ ਨੂੰ ਮਿੱਧਕੇ, ਮਨ-ਆਈਆਂ ਕਰਨੀਆਂ ਤੇ ਸੂਬੇ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰਨਾ ਕਿਥੋਂ ਤੱਕ ਜਾਇਜ਼ ਹੈ?

ਭਾਰਤ ਅਤੇ ਏਸ਼ੀਆਈ ਦੇਸ਼ਾਂ ਵਿੱਚ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ। ਖਾਦ ਅਤੇ ਕੀਟਨਾਸ਼ਕਾਂ ਦਾ ਕਾਰੋਬਾਰ ਕਰਨ ਵਾਲੀਆਂ ਬਹੁ-ਰਾਸ਼ਟਰੀ ਕੰਪਨੀਆਂ ਨੇ ਇਹ ਪਰਚਾਰਿਆ ਕਿ ਬੇਹਤਰ ਉਪਜ ਲਈ ਕੀਟਨਾਸ਼ਕਾਂ ਦਾ ਇਸਤੇਮਾਲ ਜ਼ਰੂਰੀ ਹੈ। ਇਸਦੇ ਬਾਅਦ ਦੇਸ਼ ਦੇ ਕਿਸਾਨਾਂ ਨੇ ਖ਼ਾਸ ਕਰਕੇ ਪੰਜਾਬ ਦੇ ਕਿਸਾਨਾਂ ਨੇ ਕੀਟਨਾਸ਼ਕ ਖਾਦਾਂ ਦਾ ਇਸਤੇਮਾਲ ਇਸ ਕਦਰ ਕਰਨਾ ਸ਼ੁਰੂ ਕੀਤਾ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਤਾਂ ਖ਼ਤਮ ਹੋਣ ਕੰਢੇ ਹੋਈ ਹੀ ਹੈ, ਕੈਂਸਰ, ਦਮਾ ਅਤੇ ਹੋਰ ਭਿਅੰਕਰ ਬੀਮਾਰੀਆਂ ਨੇ ਪੰਜਾਬੀਆਂ ਨੂੰ ਘੇਰਾ ਪਾ ਲਿਆ ਹੈ। ਅੱਜ ਪੰਜਾਬ ਦੀ ਹੀ ਨਹੀਂ ਦੇਸ਼ ਦੇ ਲੱਖਾਂ ਕਿਸਾਨਾਂ ਦੇ ਖੇਤਾਂ ਦੀ ਉਪਜਾਊ ਸ਼ਕਤੀ ਇੰਨੀ ਘੱਟ ਹੋ ਗਈ ਹੈ ਕਿ ਵੱਡੀ ਮਾਤਰਾ 'ਚ ਖਾਦ ਤੇ ਕੀਟਨਾਸ਼ਕਾਂ ਦੀ ਵਰਤੋਂ ਬਿਨ੍ਹਾਂ ਫ਼ਸਲ ਹੀ ਨਹੀਂ ਉੱਗਦੀ। ਇਹਨਾ ਰਸਾਇਣਿਕ ਖਾਦਾਂ ਤੇ ਕੀਟਨਾਸ਼ਕਾਂ ਕਾਰਨ ਜ਼ਹਿਰੀਲਾਪਨ ਧਰਤੀ 'ਚ ਵੱਧਦਾ ਹੈ। ਇਹ ਬੀਮਾਰੀਆਂ ਦਾ ਕਾਰਨ ਬਣਦਾ ਹੈ। ਸਿੱਟੇ ਵਜੋਂ ਕਿਸਾਨ ਕਈ ਸਮੱਸਿਆਵਾਂ ਨਾਲ ਘਿਰਦੇ ਜਾ ਰਹੇ ਹਨ। ਪੰਜਾਬ ਹਰੀ ਕ੍ਰਾਂਤੀ ਕਾਰਨ ਖਾਦਾਂ, ਕੀਟਨਾਸ਼ਕਾਂ ਦੀ ਵਰਤੋਂ ਕਾਰਨ ਦੇਸ਼ ਦੇ ਬਾਕੀ ਭਾਗਾਂ ਨਾਲੋਂ ਵੱਧ ਲਪੇਟ 'ਚ ਆਇਆ ਹੈ। ਬਠਿੰਡਾ ਤੋਂ ਰਾਜਸਥਾਨ ਨੂੰ ਹਰ ਰੋਜ਼ ਭਰਕੇ ਜਾਂਦੀ ਕੈਂਸਰ ਟਰੇਨ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਇਹ ਖਿੱਤਾ ਕੈਂਸਰ ਤੋਂ ਵੱਧ ਪ੍ਰਭਾਵਤ ਹੈ। ਹੁਣ ਮੋਹਾਲੀ ਵਿਖੇ ਕੈਂਸਰ ਹਸਪਤਾਲ ਤੇ ਖੋਜ਼ ਕੇਂਦਰ ਦਾ ਨਰੇਂਦਰ ਮੋਦੀ ਪ੍ਰਦਾਨ ਮੰਤਰੀ ਵਲੋਂ ਉਦਘਾਟਨ ਕਰਨਾ, ਜਿਸ ਦੀ ਨੀਂਹ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 2013 ਵਿੱਚ ਰੱਖੀ ਸੀ ਅਤੇ ਫੰਡ ਮਨਜ਼ੂਰ ਅਤੇ ਜਾਰੀ ਕੀਤੇ ਸਨ, ਇਸ ਗੱਲ ਦੀ ਗਵਾਹੀ ਹੈ ਕਿ ਪੰਜਾਬ ਸਮੇਤ ਇਸ ਖਿੱਤੇ 'ਚ ਜਾਨ ਮਾਰੂ ਕੈਂਸਰ ਦਾ ਪ੍ਰਕੋਪ ਵਧ ਰਿਹਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਕੇਂਦਰ ਸਰਕਾਰ ਰਸਾਇਣ ਖਾਦਾਂ ਉਤੇ ਸਬਸਿਡੀ ਦੇ ਰਹੀ ਹੈ, ਪਰ ਖੇਤੀ ਉਨਤ ਕਰਨ ਲਈ ਹੋਰ ਕੋਈ ਵਿਕਲਪ (ਖਾਦਾਂ ਤੋਂ ਬਿਨ੍ਹਾਂ) ਉਪਲੱਬਧ ਨਹੀਂ ਕਰਵਾ ਰਹੀ। ਕਿਸਾਨ ਇਸ ਸਮੇਂ ਮਾਨਸਿਕ ਤਣਾਅ ਵਿੱਚ ਹਨ, ਘਾਟੇ ਦੀ ਖੇਤੀ ਕਰ ਰਹੇ ਹਨ ਅਤੇ ਸਰਕਾਰ ਸਾਲ ਭਰ ਲਈ ਉਹਨਾ ਨੂੰ 6 ਜਾਂ 8 ਹਜ਼ਾਰ ਰੁਪਏ ਦੀ ਮਦਦ ਦੇ ਕੇ ਆਪਣੇ ਕਿਸਾਨ ਪੱਖੀ ਹੋਣ ਦਾ ਸਬੂਤ ਦੇਣ ਦੇ ਆਹਰ 'ਚ ਹੈ। ਖ਼ਾਸ ਤੌਰ 'ਤੇ ਉਸ ਵੇਲੇ ਜਦੋਂ ਬੀਜ਼ਾਂ, ਖਾਦਾਂ, ਕੀੜੇ ਮਾਰ ਦਵਾਈਆਂ, ਡੀਜ਼ਲ ਦੇ ਭਾਅ ਅਸਮਾਨ ਨੂ ਛੋਹ ਰਹੇ ਹਨ।

ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਖੇਤੀ ਅਧਾਰਤ ਉਦਯੋਗ ਪੰਜਾਬ 'ਚ ਲਾਉਣ ਦੀ ਲੋੜ ਸੀ, ਪਰ ਇਸ ਦਿਸ਼ਾ 'ਚ ਕੋਈ ਕਦਮ ਨਹੀਂ ਪੁੱਟੇ ਗਏ। ਪੰਜਾਬ ਨੂੰ ਪਾਣੀਆਂ ਦੀ ਲੋੜ ਸੀ, ਉਹ ਹਥਿਆਉਣ ਦਾ ਲਗਾਤਾਰ ਯਤਨ ਹੋਇਆ। ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਅਨੁਸਾਰ ਦਰਿਆਈ ਪਾਣੀਆਂ ਉਤੇ ਹੱਕ ਪੰਜਾਬ ਦਾ ਸੀ, ਉਸ ਸਬੰਧੀ ਝਗੜਾ ਪੈਦਾ ਕੀਤਾ ਗਿਆ। ਪੰਜਾਬ ਦੀ ਰਾਜਧਾਨੀ ਪੰਜਾਬ ਨੂੰ ਨਾ ਦਿੱਤੀ ਗਈ। ਕੇਂਦਰ ਦੀਆਂ ਸਰਕਾਰਾਂ ਭਾਵੇਂ ਉਹ ਹੁਣ ਵਾਲੀ ਭਾਜਪਾ ਸਰਕਾਰ ਹੈ ਜਾਂ ਪਹਿਲੀਆਂ ਕਾਂਗਰਸੀ ਜਾਂ ਹੋਰ ਸਰਕਾਰਾਂ ਪੰਜਾਬ ਨਾਲ ਮਤਰੇਆ ਸਲੂਕ ਕਰਦੀਆਂ ਰਹੀਆਂ। ਇਹੋ ਕਾਰਨ ਹੈ ਕਿ ਪੰਜਾਬੀਆਂ 'ਚ ਕੇਂਦਰ ਪ੍ਰਤੀ ਰੰਜ਼ਿਸ਼ ਵੇਖਣ ਨੂੰ ਮਿਲਦੀ ਹੈ ਅਤੇ ਸਮੇਂ-ਸਮੇਂ ਪੰਜਾਬੀ ਇਸ ਵਿਤਕਰੇ ਪ੍ਰਤੀ ਰੋਸ ਪ੍ਰਗਟ ਕਰਦੇ ਨਜ਼ਰ ਆਉਂਦੇ ਹਨ। ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨ ਦਾ ਜਿਸ ਢੰਗ ਨਾਲ ਸਮੁੱਚੇ ਪੰਜਾਬੀਆਂ ਨੇ ਵਿਰੋਧ ਕੀਤਾ, ਉਹ ਇਸਦੀ ਤਾਜ਼ਾ ਉਦਾਹਰਨ ਹੈ। ਯਾਦ ਰੱਖਣ ਵਾਲੀ ਗੱਲ ਇਹ ਵੀ ਹੈ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਲਗਾਈ ਐਮਰਜੈਂਸੀ ਦੇ ਵਿਰੋਧ ਦੀ ਸ਼ੁਰੂਆਤ ਵੀ ਪੰਜਾਬ 'ਵੱਲੋਂ ਹੋਈ ਸੀ, ਜਿਸਦੇ ਦਮਨ ਚੱਕਰ 'ਚ ਪੰਜਾਬੀਆਂ ਦਾ ਵੱਡਾ ਨੁਕਸਾਨ ਹੋਇਆ। ਪੰਜਾਬ 'ਚ ਚਲੀਆਂ ਗਰਮ-ਸਰਦ ਲਹਿਰਾਂ ਕਾਰਨ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ ਜਾਨ ਤੋਂ ਹੱਥ ਧੋਣੇ ਪਏ ਅਤੇ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਧੱਕਾ ਲੱਗਾ।

ਪੰਜਾਬ ਦੀ ਸਥਿਤੀ ਦੇ ਮੱਦੇਨਜ਼ਰ ਪੰਜਾਬੀਆਂ ਨੂੰ ਪ੍ਰਵਾਸ ਦਾ ਰਾਹ ਅਪਨਾਉਣਾ ਪਿਆ, ਸਥਿਤੀ ਇਹ ਹੈ ਕਿ ਅੱਜ ਹਰ ਪੰਜਾਬੀ ਪਰਿਵਾਰ ਆਪਣੇ ਨੌਜਵਾਨ ਬੱਚਿਆਂ ਨੂੰ ਵਿਦੇਸ਼ 'ਚ ਭੇਜਕੇ ਸੁੱਖ ਦਾ ਸਾਹ ਲੈਣ 'ਤੇ ਮਜ਼ਬੂਰ ਹੋ ਰਿਹਾ ਹੈ ਅਤੇ ਪੰਜਾਬ ਬਾਕੀ ਸੂਬਿਆਂ ਤੋਂ ਆਏ ਪ੍ਰਵਾਸੀਆਂ ਦੇ ਹੱਥ ਆਉਂਦਾ ਦਿਸਦਾ ਹੈ, ਕਿਉਂਕਿ ਲਗਭਗ ਹਰ ਖੇਤਰ 'ਚ ਕਾਰੀਗਰ ਹੁਣ ਯੂ.ਪੀ., ਸੀ.ਪੀ., ਬਿਹਾਰ ਤੇ ਹੋਰ ਸੂਬਿਆਂ ਦੇ ਲੋਕ ਹਨ, ਜੋ ਵੱਡੀ ਮਾਤਰਾ 'ਚ ਪੰਜਾਬ 'ਚੋਂ ਕਮਾਈ ਕਰਦੇ ਹਨ ਅਤੇ ਆਪਣੇ ਸੂਬਿਆਂ 'ਚ ਲੈ ਜਾਂਦੇ ਹਨ ਅਤੇ ਪੰਜਾਬ ਦਾ ਪੈਸਾ, ਪ੍ਰਵਾਸ ਕਰਨ ਲਈ "ਮਣਾਂ-ਮੂੰਹੀ" ਪੰਜਾਬ 'ਚੋਂ ਬਾਹਰ ਧੱਕਿਆ ਜਾ ਰਿਹਾ ਹੈ। ਪੰਜਾਬ ਦੀ ਨੌਜਵਾਨੀ, ਪੰਜਾਬ ਦਾ ਦਿਮਾਗ, ਪੰਜਾਬ ਦਾ ਪੈਸਾ ਪੰਜਾਬ ਵਿਚੋਂ ਲਗਾਤਾਰ ਬੇਰੋਕ-ਟੋਕ ਬਾਹਰ ਜਾ ਰਿਹਾ ਹੈ ਅਤੇ ਨੌਜਵਾਨ ਸਿੱਧੇ ਜਾਂ ਅਸਿੱਧੇ ਢੰਗ ਨਾਲ ਕੈਨੇਡਾ, ਅਮਰੀਕਾ, ਅਸਟ੍ਰੇਲੀਆ, ਨਿਊਜੀਲੈਂਡ ਅਤੇ ਹੋਰ ਦੇਸ਼ਾਂ ਵੱਲ ਕੂਚ ਕਰ ਰਹੇ ਹਨ।

ਪੰਜਾਬ ਦੇ ਵਿਕਾਸ ਦੀ ਇੱਕ ਝਲਕ ਵੇਖਣੀ ਹੈ ਤਾਂ ਵੇਖ ਲਵੋ। ਪਿੰਡਾਂ ਦੀਆਂ ਸੜਕਾਂ ਟੁੱਟੀਆਂ ਪਈਆਂ ਹਨ। ਸਕੂਲਾਂ ਵਿੱਚ ਟੀਚਰ ਨਹੀਂ ਪੇਂਡੂ ਹਸਪਤਾਲਾਂ, ਡਿਸਪੈਂਸਰੀਆਂ 'ਚ ਸਟਾਫ਼ ਨਹੀਂ, ਦਵਾਈਆਂ ਮਿਲਣੀਆਂ ਤਾਂ ਦੂਰ ਦੀ ਗੱਲ ਹੈ। ਸਰਕਾਰੀ ਦਫ਼ਤਰਾਂ 'ਚ ਮਿਲਦੀਆਂ ਸੁਵਿਧਾਵਾਂ, ਸੁਵਿਧਾ ਸੈਂਟਰਾਂ ਕਾਰਨ ਮਹਿੰਗੀਆਂ ਹੋ ਗਈਆਂ ਹਨ। ਥਾਣਿਆਂ, ਅਦਾਲਤਾਂ 'ਚ ਇਨਸਾਫ਼ ਲੈਣਾ ਆਮ ਆਦਮੀ ਲਈ ਔਖਾ ਅਤੇ ਮਹਿੰਗਾ ਹੋ ਚੁੱਕਿਆ ਹੈ। ਪਿੰਡ ਪੰਚਾਇਤਾਂ ਦੇ ਹਾਲਾਤ ਮਾੜੇ ਹਨ, ਉਪਰਲੇ ਅਧਿਕਾਰੀ ਕੰਮ ਨਹੀਂ ਕਰਨ ਦੇ ਰਹੇ, ਗ੍ਰਾਂਟਾਂ ਉਹਨਾ ਦੀ ਮਰਜ਼ੀ ਨਾਲ ਖ਼ਰਚੀਆਂ ਜਾ ਰਹੀਆਂ ਹਨ। ਇਹੋ ਜਿਹੀਆਂ ਹਾਲਤਾਂ 'ਚ ਭਲਾ ਸਥਾਨਕ ਸਰਕਾਰਾਂ ਦਾ ਕੀ ਅਰਥ? ਪਿੰਡਾਂ, ਸ਼ਹਿਰਾਂ 'ਚ ਪ੍ਰਦੂਸ਼ਨ ਇੰਨਾ ਕਿ ਨਦੀਆਂ, ਨਾਲੇ ਗੰਦੇ ਪਾਣੀ ਨਾਲ ਭਰੇ ਪਏ ਹਨ। ਪਿੰਡਾਂ 'ਚ ਰੂੜੀਆਂ ਦੀ ਭਰਮਾਰ ਹੈ, ਸ਼ਹਿਰਾਂ 'ਚ ਗੰਦਗੀ ਦਾ ਕੋਈ ਅੰਤ ਨਹੀਂ। ਦਰੱਖ਼ਤਾਂ, ਬੂਟਿਆਂ ਦੀ ਕਟਾਈ ਕਾਰਨ ਪੰਜਾਬ ਦਾ ਵਾਤਾਵਰਨ ਖ਼ਰਾਬ ਹੋ ਗਿਆ ਹੈ। ਉਪਰੋਂ ਰੇਤਾ, ਬਜ਼ਰੀ, ਖਨਣ, ਮਾਫੀਏ ਉਤੇ ਕੰਟਰੋਲ ਨਾ ਹੋਣ ਕਾਰਨ, ਆਪ ਮੁਹਾਰੇ, ਮੂੰਹ ਮੰਗੀਆਂ ਕੀਮਤਾਂ ਉਤੇ ਰੇਤਾ ਬਜ਼ਰੀ ਮਿਲ ਰਹੀ ਹੈ। ਨਸ਼ਿਆਂ ਦੇ ਸੌਦਾਗਰਾਂ, ਭ੍ਰਿਸ਼ਟ ਅਫ਼ਸਰਾਂ, ਕਾਲੇ-ਦਿਲ ਵਾਲੇ ਕੁਝ ਸਿਆਸਤਦਾਨਾਂ ਦੀ ਤਿਕੱੜੀ ਨੇ ਪੰਜਾਬ ਨੂੰ ਲੁੱਟਣ-ਪੁੱਟਣ 'ਚ ਕੋਈ ਕਸਰ ਨਹੀਂ ਛੱਡੀ। ਇਹੋ ਜਿਹੇ ਹਾਲਾਤਾਂ 'ਚ ਪੰਜਾਬ ਵਿਰਲਾਪ ਨਹੀਂ ਕਰੇਗਾ ਤਾਂ ਕੀ ਕਰੇਗਾ? ਪੰਜਾਬ ਵਿਰੋਧ ਨਹੀਂ ਕਰੇਗਾ ਤਾਂ ਕੀ ਕਰੇਗਾ? ਪੰਜਾਬ ਆਪਣੇ ਹੱਕ ਨਹੀਂ ਮੰਗੇਗਾ ਤਾਂ ਕੀ ਕਰੇਗਾ?

ਹਰ ਸਿਆਸੀ ਧਿਰ ਪੰਜਾਬ ਹਥਿਆਉਣਾ ਚਾਹੁੰਦੀ ਹੈ, ਇਸ ਉਤੇ ਰਾਜ-ਭਾਗ ਕਰਨਾ ਚਾਹੁੰਦੀ ਹੈ, ਪਰ ਪੰਜਾਬ ਪੱਲੇ ਕੁੱਝ ਪਾਉਣਾ ਨਹੀਂ ਚਾਹੁੰਦੀ। ਨੇਤਾਵਾਂ ਦੀ ਪੰਜਾਬ ਤੇ ਪੰਜਾਬੀਆਂ ਪ੍ਰਤੀ ਲਗਾਅ ਦੀ ਕਮੀ, ਪੰਜਾਬੀਆਂ ਨੂੰ ਔਜੜੇ ਰਾਹੀਂ ਤੋਰ ਰਹੀ ਹੈ। ਇਹੋ ਜਿਹੇ ਹਾਲਾਤਾਂ 'ਚ ਪੰਜਾਬ ਦਾ ਭਵਿੱਖ ਕੀ ਹੈ?

# ਲੱਗਦਾ ਹੈ ਕਿ ਯੂਕਰੇਨ ਵਾਂਗ ਅਮਰੀਕਾ ਤਾਇਵਾਨ ਨੂੰ ਵੀ ਜੰਗ ਵਿੱਚ ਫਸਾਏਗਾ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਚੀਨ ਦੇ ਸਖਤ ਵਿਰੋਧ ਦੇ ਬਾਵਜੂਦ ਅਮਰੀਕਾ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਦੀ ਸਪੀਕਰ ਨੈਨਸੀ ਪਲੋਸੀ ਨੇ ਤਾਇਵਾਨ ਦਾ ਮਿਤੀ 2 ਤੋਂ 4 ਅਗਸਤ ਤੱਕ ਦਾ ਦੋ ਦਿਨਾਂ ਵਿਵਾਦਤ ਦੌਰਾ ਕੀਤਾ ਹੈ। ਤਾਇਵਾਨ ਨੂੰ ਹੜੱਪਣ ਦਾ ਬਹਾਨਾ ਭਾਲ ਰਹੇ ਚੀਨ ਨੇ ਦੌਰਾ ਖਤਮ ਹੁੰਦੇ ਸਾਰ ਉਸ ਦੇ ਨਜ਼ਦੀਕ ਜੰਗਾਂ ਮਸ਼ਕਾਂ (4 ਤੋਂ 7 ਅਗਸਤ) ਸ਼ੁਰੂ ਕਰ ਦਿੱਤੀਆਂ ਤੇ ਦਰਜ਼ਨਾਂ ਤਬਾਹਕੁੰਨ ਸਮੁੰਦਰੀ ਜਹਾਜ਼ਾਂ ਨਾਲ ਤਾਇਵਾਨ ਨੂੰ ਇੱਕ ਤਰਾਂ ਸਾਰੇ ਪਾਸੇ ਤੋਂ ਘੇਰ ਲਿਆ। ਐਤਵਾਰ ਨੂੰ ਜੰਗੀ ਮਸ਼ਕਾਂ ਖਤਮ ਹੋਣ ਤੋਂ ਬਾਅਦ ਚੀਨ ਨੇ ਨਵਾਂ ਐਲਾਨ ਕੀਤਾ ਹੈ ਕਿ ਉਹ ਅਗਲੇ ਮਹੀਨੇ ਅਮਰੀਕਾ ਦੇ ਮਿੱਤਰ ਦੱਖਣੀ ਕੋਰੀਆ ਦੇ ਨਜ਼ਦੀਕ ਯੈਲੋ ਅਤੇ ਬਹਾਈ ਸਾਗਰ ਵਿੱਚ ਜੰਗੀ ਮਸ਼ਕਾਂ ਕਰੇਗਾ। ਇਹ ਇੱਕ ਤਰਾਂ ਅਮਰੀਕਾ ਨੂੰ ਖੁਲ੍ਹੀ ਚਣੌਤੀ ਹੈ। ਰੂਸ ਦੇ ਯੂਕਰੇਨ 'ਤੇ ਕੀਤੇ ਹਮਲੇ ਤੋਂ ਚੀਨ ਨੂੰ ਭਾਰੀ ਉਤਸ਼ਾਹ ਮਿਲਿਆ ਹੈ। ਯੂਕਰੇਨ ਨੇ ਅਮਰੀਕਾ ਦੇ ਇਸ ਵਾਅਦੇ ਕਾਰਨ ਰੂਸ ਨਾਲ ਜੰਗ ਜਾਰੀ ਰੱਖੀ ਸੀ ਕਿ ਉਸ ਨੂੰ ਨਾਟੋ ਦਾ ਮੈਂਬਰ ਬਣਾ ਲਿਆ ਜਾਵੇਗਾ ਤੇ ਹਥਿਆਰਾਂ ਦੀ ਖੁਲ੍ਹੀ ਸਪਲਾਈ ਕੀਤੀ ਜਾਵੇਗੀ। ਪਰ ਹੁਣ ਤੱਕ ਯੂਕਰੇਨ ਨੂੰ ਨਾ ਤਾਂ ਯੂਰਪੀਨ ਯੂਨੀਅਨ ਅਤੇ ਨਾਟੋ ਦੀ ਮੈਂਬਰਸ਼ਿੱਪ ਮਿਲੀ ਹੈ ਤੇ ਨਾ ਹੀ ਰੂਸ ਦੇ ਅੰਦਰੂਨੀ ਖੇਤਰ ਨੂੰ ਨਿਸ਼ਾਨਾ ਬਣਾ ਸਕਣ ਵਾਲੀਆਂ ਦੂਰ ਮਾਰ ਮਿਜ਼ਾਈਲਾਂ। ਅਮਰੀਕਾ ਨੂੰ ਪਤਾ ਹੈ ਕਿ ਜੇ ਯੂਕਰੇਨ ਨੂੰ ਨਾਟੋ ਦੀ ਮੈਂਬਰਸ਼ਿੱਪ ਦੇ ਦਿੱਤੀ ਤਾਂ ਉਸ ਨੂੰ ਯੁੱਧ ਵਿੱਚ ਸ਼ਾਮਲ ਹੋਣਾ ਪਵੇਗਾ ਕਿਉਂਕਿ ਇੱਕ ਨਾਟੋ ਮੈਂਬਰ 'ਤੇ ਹੋਇਆ ਹਮਲਾ ਸਾਰੇ ਨਾਟੋ ਸੰਗਠਨ 'ਤੇ ਸਮਝਿਆ ਜਾਂਦਾ ਹੈ।

ਪੈਲੋਸੀ ਦੇ ਦੌਰੇ ਨੇ ਤਾਇਵਾਨ ਨੂੰ ਕੋਈ ਫਾਇਦਾ ਦੇਣ ਦੀ ਬਜਾਏ ਉਲਟਾ ਹੋਰ ਮੁਸੀਬਤ ਵਿੱਚ ਫਸਾ ਦਿੱਤਾ ਹੈ। ਅਸਲ ਵਿੱਚ ਅਮਰੀਕਾ, ਰੂਸ, ਇੰਗਲੈਂਡ, ਫਰਾਂਸ ਅਤੇ ਜਰਮਨੀ ਸਮੇਤ ਜਿਆਦਾਤਰ ਦੇਸ਼ ਤਾਇਵਾਨ ਨੂੰ ਅਜ਼ਾਦ ਦੇਸ਼ ਦੀ ਬਜਾਏ ਚੀਨ ਦਾ ਹਿੱਸਾ ਮੰਨਦੇ ਹਨ, ਜਿਸ ਕਾਰਨ ਅਜੇ ਤੱਕ ਤਾਇਵਾਨ ਨੂੰ ਯੂ.ਐਨ.ਉ. ਦੀ ਮੈਂਬਰਸ਼ਿੱਪ ਨਹੀਂ ਮਿਲ ਸਕੀ। 1971 ਵਿੱਚ ਸਰਬ ਸੰਮਤੀ ਨਾਲ ਪਾਸ ਹੋਏ ਇੱਕ ਮਤੇ ਰਾਹੀਂ ਜਨਰਲ ਕੌਂਸਲ ਨੇ ਤਾਇਵਾਨ ਦੀ ਯੂ.ਐਨ.ਉ.



ਮੈਂਬਰਸ਼ਿੱਪ ਖਤਮ ਕਰ ਕੇ ਚੀਨ ਨੂੰ ਦੇ ਦਿੱਤੀ ਸੀ ਤੇ ਉਸ ਨੂੰ ਸੁਰੱਖਿਆ ਕੌਂਸਲ ਦਾ ਸਥਾਈ ਮੈਂਬਰ ਵੀ ਬਣਾ ਦਿੱਤਾ ਸੀ। ਜਿਸ ਵੀ ਦੇਸ਼ ਦੇ ਤਾਇਵਾਨ ਨਾਲ ਕੂਟਨੀਕਤ ਸਬੰਧ ਹਨ, ਚੀਨ ਉਸ ਦਾ ਆਰਥਿਕ ਅਤੇ ਕੂਟਨੀਤਕ ਬਾਇਕਾਟ ਕਰ ਦਿੰਦਾ ਹੈ। ਇਸੇ ਕਾਰਨ 193 ਯੂ.ਐਨ.ਉ. ਮੈਂਬਰ ਦੇਸ਼ਾਂ ਵਿੱਚੋਂ ਤਾਇਵਾਨ ਦੇ ਸਿਰਫ 13 ਛੋਟੇ ਮੋਟੇ ਦੇਸ਼ਾਂ ਨਾਲ ਕੂਟਨੀਤਕ ਸਬੰਧ ਹਨ। ਇਥੋਂ ਤੱਕ ਕਿ ਅਮਰੀਕਾ ਅਤੇ ਤਾਇਵਾਨ ਦੇ ਵੀ ਆਪਸੀ ਕੂਟਨੀਤਕ ਸਬੰਧ ਨਹੀਂ ਹਨ। ਪੈਲੋਸੀ ਦੇ ਦੌਰੇ ਨੇ ਚੀਨ ਨੂੰ ਹਮਲਾਵਰ ਰੁਖ ਅਪਣਾਉਣ ਦਾ ਚਿਰਾਂ ਤੋਂ ਉਡੀਕਿਆ ਜਾ ਰਿਹਾ ਬਹਾਨਾ ਪ੍ਰਦਾਨ ਕਰ ਦਿੱਤਾ ਹੈ। ਹੁਣ ਉਹ ਵਪਾਰਕ ਅਤੇ ਫੌਜੀ ਗਤੀਵਿਧੀਆਂ ਰਾਹੀਂ ਤਾਇਵਾਨ ਦੀ ਸੰਘੀ ਘੁੱਟੇਗਾ। ਅਮਰੀਕਾ ਤਾਇਵਾਨ ਨੂੰ ਸਿਰਫ ਦੂਰੋਂ ਹੱਲਾਸ਼ੇਰੀ ਦੇਵੇਗਾ ਤੇ ਚੀਨ ਨਾਲ ਕਿਸੇ ਤਰਾਂ ਦੀ ਵੀ ਸਿੱਧੀ ਟੱਕਰ ਲੈਣ ਦੀ ਹਿੰਮਤ ਨਹੀਂ ਕਰੇਗਾ।

1970 ਤੋਂ ਬਾਅਦ ਚੀਨ ਨਾਲ ਆਮ ਵਰਗੇ ਸਬੰਧ ਬਣਾਉਣ ਖਾਤਰ ਅਮਰੀਕਾ ਨੇ ਤਾਇਵਾਨ ਦੀ ਬਜਾਏ ਚੀਨ ਨੂੰ ਕੂਟਨੀਤਕ ਮਾਨਤਾ ਪ੍ਰਦਾਨ ਕੀਤੀ ਸੀ ਅਤੇ ਚੀਨ ਦੇ ਇਸ ਦਾਅਵੇ ਕਿ ਤਾਇਵਾਨ ਉਸ ਦਾ ਅਨਿਖੜਵਾਂ ਅੰਗ ਹੈ, ਨੂੰ ਪ੍ਰਵਾਨ ਕਰਦਿਆਂ ਤਾਇਵਾਨ ਨਾਲ ਆਪਣੇ ਸਬੰਧ ਸੀਮਤ ਰੱਖਣ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਚੀਨ ਤੇ ਅਮਰੀਕਾ ਦਰਮਿਆਨ ਵੱਡੀਆਂ ਵਪਾਰਕ ਭਾਈਵਾਲੀਆਂ ਵਿਕਸਤ ਹੋਈਆਂ ਅਤੇ ਸਬੰਧਾਂ ਵਿੱਚ ਨਿੱਘਾਪਣ ਆਇਆ। ਪਰ ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਅਤੇ ਚੀਨ ਦੀਆਂ ਪਸਾਰਵਾਦੀ ਨੀਤੀਆਂ ਵਿੱਚ ਟਕਰਾਉ ਆਉਣ ਕਾਰਨ ਚੀਨ ਰੂਸ ਦੇ ਨਜ਼ਦੀਕ ਚਲਾ ਗਿਆ ਤੇ ਅਮਰੀਕਾ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ। ਜਿੱਥੇ ਚੀਨ ਦਾ ਦੋਸ਼ ਹੈ ਕਿ ਅਮਰੀਕਾ ਤਾਇਵਾਨ ਪ੍ਰਤੀ ਆਪਣੇ ਸਟੈਂਡ ਤੋਂ ਪਿੱਛੇ ਹਟ ਰਿਹਾ ਹੈ, ਉਥੇ ਅਮਰੀਕਾ ਦਾ ਕਹਿਣਾ ਹੈ ਕਿ ਚੀਨ ਦੇ ਮੌਜੂਦਾ ਰਾਸ਼ਟਰਪਤੀ ਜ਼ੀ ਜਿੰਨਪਿੰਗ ਦੀਆਂ ਨੀਤੀਆਂ ਤਾਇਵਾਨ ਦੀ ਯਥਾਸਥਿਤੀ ਨੂੰ ਬਦਲ ਰਹੀਆਂ ਹਨ। ਪੈਲੋਸੀ ਦੀ ਤਾਇਵਾਨ ਫੇਰੀ ਨੇ ਸਥਿੱਤੀ ਹੋਰ ਵੀ ਗੁੰਝਲਦਾਰ ਬਣਾ ਦਿੱਤੀ ਹੈ। ਪੈਲੋਸੀ ਦੇ ਦੌਰੇ ਤੋਂ ਫੌਰਨ ਬਾਅਦ ਚੀਨ ਦੇ ਰਾਸ਼ਟਰਪਤੀ ਜ਼ੀ ਜਿੰਨਪਿੰਗ ਨੇ ਇੱਕ ਸਖਤ ਬਿਆਨ ਦਿੱਤਾ ਹੈ ਕਿ ਚੀਨ ਅਤੇ ਤਾਇਵਾਨ ਦਾ ਰਲੇਵਾਂ ਅਟੱਲ ਹੈ, ਇਸ ਲਈ ਤਾਕਤ ਦੀ ਵਰਤੋਂ ਕਰਨੀ ਪਈ ਤਾਂ ਜਰੂਰ ਕੀਤੀ ਜਾਵੇਗੀ। ਇਸ ਦੇ ਜਵਾਬ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਿਡੇਨ ਨੇ ਮੋੜਵਾਂ ਬਿਆਨ ਦਿੱਤਾ ਕਿ ਤਾਇਵਾਨ ਅਮਰੀਕਾ ਦਾ ਮਿੱਤਰ ਦੇਸ਼ ਹੈ, ਇਸ ਦੀ ਰਾਖੀ ਕਰਨ ਲਈ ਅਮਰੀਕਾ ਹਰ ਪ੍ਰਕਾਰ ਦੀ ਸੈਨਿਕ ਮਦਦ ਦੇਵੇਗਾ।

ਚੀਨ ਅਤੇ ਤਾਇਵਾਨ ਦੇ ਝਗੜੇ ਬਾਰੇ ਜਾਨਣ ਲਈ ਇਤਿਹਾਸ ਵਿੱਚ ਪਿੱਛੇ ਜਾਣ ਦੀ ਜਰੂਰਤ ਹੈ। ਤਾਇਵਾਨ ਚੀਨ ਤੋਂ ਕਰੀਬ 100 ਕਿ.ਮੀ. ਦੂਰ ਦੱਖਣੀ ਚੀਨ ਸਾਗਰ ਵਿੱਚ ਸਥਿੱਤ ਹੈ। ਕੇਰਲਾ ਜਿੱਡੇ ਇਸ ਛੋਟੇ ਜਿਹੇ ਦੇਸ਼ ਦਾ ਕੁੱਲ ਖੇਤਰਫਲ 36197 ਕਿ.ਮੀ. ਤੇ ਅਬਾਦੀ ਕਰੀਬ ਢਾਈ ਕਰੋੜ ਹੈ। ਐਨੀ ਅਬਾਦੀ ਹੋਣ ਦੇ ਕਾਰਨ ਇਹ ਸੰਸਾਰ ਦੇ ਸਭ ਤੋਂ ਵੱਧ ਘਣੀ ਅਬਾਦੀ ਵਾਲੇ ਦੇਸ਼ਾਂ ਵਿੱਚ ਆਉਂਦਾ ਹੈ। ਇਸ ਨੇ ਐਨੀ ਉਦਯੋਗਿਕ ਤਰੱਕੀ ਕੀਤੀ ਹੈ ਕਿ ਇਹ ਸੰਸਾਰ ਦਾ ਵੀਹਵਾਂ ਸੱਭ ਤੋਂ ਅਮੀਰ ਦੇਸ਼ ਹੈ ਤੇ ਇਸ ਦੇ ਨਾਗਰਿਕਾਂ ਨੂੰ ਅਮਰੀਕਾ ਸਮੇਤ ਅਨੇਕਾਂ ਸ਼ਕਤੀਸ਼ਾਲੀ ਦੇਸ਼ਾਂ ਵਿੱਚ ਵਿੱਚ ਬਿਨਾਂ ਵੀਜ਼ਾ ਦਾਖਲ ਹੋਣ ਦੀ ਸਹੂਲਤ ਹੈ। ਸ਼ੁਰੂ ਤੋਂ ਇਹ ਇੱਕ ਅਜ਼ਾਦ ਦੇਸ਼ ਸੀ, ਪਰ 1683 ਈਸਵੀ ਵਿੱਚ ਚੀਨ ਦੇ ਕਵਿੰਗ ਵੰਸ਼ ਦੇ ਬਾਦਸ਼ਾਹ ਕਾਂਜ਼ੀ ਨੇ ਇਸ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ। ਪਰ ਪਹਿਲੇ ਚੀਨ ਜਪਾਨ ਯੁੱਧ ਵਿੱਚ ਹਾਰ ਜਾਣ ਤੋਂ ਬਾਅਦ ਹੋਈ ਇੱਕ ਸੰਧੀ ਕਾਰਨ ਬਾਦਸ਼ਾਹ ਗੁਆਂਗਜ਼ੂ ਨੇ 1895 ਵਿੱਚ ਇਸ 'ਤੇ ਜਪਾਨ ਦਾ ਅਧਿਕਾਰ ਮੰਨ ਲਿਆ। 1911 ਵਿੱਚ ਚੀਨ ਵਿੱਚ ਚਿਆਂਗ ਕਾਈ ਸ਼ੇਕ ਦੀ ਅਗਵਾਈ ਹੇਠ ਬਗਾਵਤ ਹੋ ਗਈ ਤੇ ਕਵਿੰਗ ਵੰਸ਼ ਦੇ ਆਖਰੀ ਬਾਦਸ਼ਾਹ ਜ਼ੁਆਨਤੌਂਗ ਨੂੰ ਤਖਤ ਬਰਦਾਰ ਕਰ ਕੇ ਲੋਕਤੰਤਰ ਦੀ ਸਥਾਪਨਾ ਕੀਤੀ ਗਈ। ਦੂਸਰੇ ਸੰਸਾਰ ਯੁੱਧ ਵਿੱਚ ਜਪਾਨ ਦੇ ਹਾਰ ਜਾਣ 'ਤੇ ਚੀਨ ਨੇ ਦੁਬਾਰਾ ਤਾਇਵਾਨ 'ਤੇ ਕਬਜ਼ਾ ਕਰ ਲਿਆ। ਇੱਕ ਅਕਤੂਬਰ 1949 ਨੂੰ ਮਾਉ ਜ਼ੇ ਤੁੰਗ ਦੀ ਅਗਵਾਈ ਹੇਠ ਕਮਿਊਨਿਸਟ ਪਾਰਟੀ ਨੇ ਚਿਆਂਗ ਕਾਈ ਸ਼ੇਕ ਨੂੰ ਹਰਾ ਕੇ ਚੀਨ 'ਤੇ ਕਬਜ਼ਾ ਕਰ ਲਿਆ। ਚਿਆਂਗ ਕਾਈ ਸ਼ੇਕ ਆਪਣੀ ਸਰਕਾਰ ਨੂੰ ਤਾਇਵਾਨ ਲੈ ਗਿਆ ਤੇ 7 ਦਸੰਬਰ 1949 ਈਸਵੀ ਨੂੰ ਤਾਇਵਾਨ ਨੂੰ ਅਜ਼ਾਦ ਦੇਸ਼ ਘੋਸ਼ਿਤ ਕਰ ਦਿੱਤਾ। ਲੋਕਤਾਂਤਰਿਕ ਸਰਕਾਰ ਅਧੀਨ ਤਾਇਵਾਨ ਨੇ ਤੇਜ਼ੀ ਨਾਲ ਤਰੱਕੀ ਕੀਤੀ ਤੇ ਕੁਝ ਹੀ ਸਾਲਾਂ ਵਿੱਚ ਇਹ ਸੰਸ਼ਾਰ ਦਾ ਮੋਹਰੀ ਉਦਯੋਗਕ ਦੇਸ਼ ਬਣ ਗਿਆ। ਇਸ ਵੇਲੇ ਇਹ ਸੈਮੀਕੰਡਕਟਰ, ਪੈਟਰੋਕੈਮੀਕਲ, ਗੱਡੀਆਂ, ਸਪੇਅਰ ਪਾਰਟਸ, ਸਮੁੰਦਰੀ ਜਹਾਜ, ਇਲੈੱਕਟਰੋਨਿਕਸ, ਮੋਬਾਇਲ ਫੋਨ, ਸਟੀਲ, ਪਲਾਸਟਿਕ ਅਤੇ ਕੰਪਿਊਟਰ ਆਦਿ ਦਾ ਸੰਸਾਰ ਦਾ 18ਵਾਂ ਵੱਡਾ ਨਿਰਯਾਤਕ ਹੈ। ਪਰ ਸੈਨਿਕ ਸ਼ਕਤੀ ਵਿੱਚ ਇਹ ਚੀਨ ਦੇ ਮੁਕਾਬਲੇ ਪਾਸਕੂ ਵੀ ਨਹੀਂ ਹੈ। ਚੀਨ ਦੀ ਫੌਜ (2100000 ) ਸੰਸਾਰ ਦੀ ਸਭ ਤੋਂ ਵੱਡੀ ਫੌਜ ਹੈ ਜਿਸ ਦੇ ਮੁਕਾਬਲੇ ਤਾਇਵਾਨ ਕੋਲ ਕੁਲ ਮਿਲਾ ਕੇ ਸਿਰਫ ਤਿੰਨ ਲੱਖ ਦੇ ਕਰੀਬ ਸੈਨਿਕ ਹਨ। ਤਾਇਵਾਨ ਕਿਸੇ ਤਰਾਂ ਵੀ ਪ੍ਰਮਾਣੂ ਸ਼ਕਤੀ ਚੀਨ ਦੀ ਫੌਜ, ਡਰੋਨਾਂ, ਬੈਲਸਟਿਕ ਮਿਜ਼ਾਈਲਾਂ ਅਤੇ ਸਾਈਬਰ ਹਮਲਿਆਂ ਦਾ ਮੁਕਾਬਲਾ ਨਹੀਂ ਕਰ ਸਕਦਾ। ਇਹ ਫੌਜੀ ਸਾਜ਼ੋ ਸਮਾਨ ਲਈ ਪੂਰੀ ਤਰਾਂ ਅਮਰੀਕਾ 'ਤੇ ਨਿਰਭਰ ਹੈ, ਕਿਉਂਕਿ ਚੀਨ ਦੇ ਦਬਾਅ ਕਾਰਨ ਹੋਰ ਕੋਈ ਦੇਸ਼ ਇਸ ਨੂੰ ਹਥਿਆਰ ਵੇਚਣ ਦੀ ਜ਼ੁਰਅਤ ਨਹੀਂ ਕਰਦਾ। ਜ਼ੁਬਾਨੀ ਜਮ੍ਹਾ ਖਰਚ ਤੋਂ ਇਲਾਵਾ ਅਮਰੀਕਾ ਕਿਸੇ ਵੀ ਸੰਧੀ ਅਧੀਨ ਚੀਨ ਦੇ ਹਮਲੇ ਸਮੇਂ ਤਾਇਵਾਨ ਦੀ ਰਾਖੀ ਕਰਨ ਲਈ ਪਾਬੰਦ ਨਹੀਂ ਹੈ। ਜੇ ਚੀਨ ਤਾਇਵਾਨ 'ਤੇ ਕਬਜ਼ਾ ਕਰ ਲੈਂਦਾ ਹੈ ਤਾਂ ਉਹ ਪੈਸੀਫਿਕ ਸਾਗਰ ਵਿੱਚ ਉੱਚਤਮ ਸ਼ਕਤੀ ਬਣ ਜਾਵੇਗਾ ਤੇ ਗੁਆਮ ਅਤੇ ਹਵਾਈ ਵਿੱਚ ਅਮਰੀਕੀ ਸੈਨਿਕ ਅੱਡਿਆਂ ਲਈ ਖਤਰਾ ਪੈਦਾ ਕਰ ਸਕਦਾ ਹੈ। ਇਸ ਵੇਲੇ ਚੀਨੀ ਜਹਾਜ਼ਾਂ ਨੇ ਤਾਇਵਾਨ ਨੂੰ ਸੱਤ ਪਾਸੇ ਤੋਂ ਘੇਰਿਆ ਹੋਇਆ ਹੈ ਤੇ ਇਤਿਹਾਸ ਵਿੱਚ ਪਹਿਲੀ ਵਾਰ ਚੀਨ ਨੇ ਅਸਲੀ ਬਾਰੂਦ ਵਾਲੀਆਂ ਮਿਜ਼ਾਈਲਾਂ ਸਮੁੰਦਰ ਵਿੱਚ ਦਾਗੀਆਂ ਹਨ। ਚੀਨੀ ਹਵਾਈ ਜਹਾਜ਼ਾਂ ਨੇ ਚਾਰ ਦਿਨਾਂ ਵਿੱਚ 128 ਵਾਰ ਤਾਇਵਾਨ ਦੀ ਹਵਾਈ ਸੀਮਾਂ ਉਲੰਘੀ ਹੈ। ਜੇ ਚੀਨ ਨੇ ਹਮਲਾ ਨਾ ਵੀ ਕੀਤਾ ਤਾਂ ਹੋ ਸਕਦਾ ਹੈ ਕਿ ਉਹ ਤਾਇਵਾਨ ਦੀ ਆਰਥਿਕ ਨਾਕਾਬੰਦੀ ਕਰ ਦੇਵੇ। ਜੇ ਚੀਨ ਨੇ ਤਾਇਵਾਨ 'ਤੇ ਹਮਲਾ ਕਰ ਦਿੱਤਾ ਤਾਂ ਸੰਸਾਰ ਨੂੰ ਯੂਕਰੇਨ ਸੰਕਟ ਨਾਲੋਂ ਵੀ ਵੱਧ ਔਖਿਆਈ ਝੱਲਣੀ ਪੈ ਸਕਦੀ ਹੈ। ਸੰਸਾਰ ਦਾ ਮਿਲਟਰੀ ਸਾਜ਼ੋ ਸਮਾਨ, ਗੱਡੀਆਂ, ਮੋਬਾਇਲ ਫੋਨ, ਘੜੀਆਂ, ਵੀਡੀਉ ਗੇਮਾਂ ਅਤੇ ਹਰ ਪ੍ਰਕਾਰ ਦਾ ਇਲੈਂਕਟੋਨਿਕ ਸਮਾਨ ਆਦਿ ਤਾਇਵਾਨ ਨਿਰਮਤ ਮਾਈਕਰੋ ਚਿੱਪਾਂ 'ਤੇ ਨਿਰਭਰ ਕਰਦਾ ਹੈ, ਕਿਉਂਕਿ ਤਾਇਵਾਨ ਸੰਸਾਰ ਦਾ ਸਭ ਤੋਂ ਵੱਡਾ ਚਿੱਪ ਨਿਰਮਾਤਾ ਹੈ। ਤਾਇਵਾਨ ਦੇ ਸਿਰਫ ਇੱਕ ਅਦਾਰੇ, ਦੀ ਤਾਇਵਾਨ ਸੈਮੀਕੰਡਕਟਰ ਮੈਨੂਫੈਕਚਰਿੰਗ ਕੰਪਨੀ ਦਾ ਸੰਸਾਰ ਦੀ ਅੱਧੀ ਤੋਂ ਵੱਧ ਚਿੱਪ ਮੰਡੀ 'ਤੇ ਏਕਾਧਿਕਾਰ ਹੈ। ਇਸ ਦਾ ਕਾਰੋਬਾਰ 7500 ਕਰੋੜ ਰੁਪਏ ਸਲਾਨਾ ਤੋਂ ਵੀ ਵੱਧ ਹੈ। ਅਜਿਹੀਆਂ ਸੂਖਮ ਇਕਾਈਆਂ 'ਤੇ ਕਬਜ਼ਾ ਕਰ ਕੇ ਚੀਨ ਸੰਸਾਰ ਨੂੰ ਰੂਸ ਦੇ ਤੇਲ ਨਾਲੋਂ ਵੀ ਵੱਧ ਬਲੈਕਮੇਲ ਕਰਨ ਦੇ ਸਮਰੱਥ ਹੋ ਜਾਵੇਗਾ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਇਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

**ਖ਼ਬਰ ਪੰਜਾਬ ਤੋਂ ਆਈ ਐ ਬਈ--**

# ਕੈਪਟਨ ਦੀਆਂ ਫਾਈਲਾਂ ਖੁੱਲ੍ਹੀਆਂ ਤਾਂ 3400 ਕਰੋੜ ਨਿਕਲਣਗੇ : ਪ੍ਰਤਾਪ ਬਾਜਵਾ

## - ਪ੍ਰਨੀਤ ਕੌਰ ਨਹੀਂ ਹੋਣਗੇ ਕਾਂਗਰਸ ਦੇ ਉਮੀਦਵਾਰ - ਆਮ ਆਦਮੀ ਪਾਰਟੀ ਸਰਕਾਰ ਪੂਰੀ ਤਰ੍ਹਾਂ ਫੇਲ੍ਹ

ਪਟਿਆਲਾ (ਪੰਜਾਬੀ ਅਖ਼ਬਾਰ ਬਿਊਰੋ): ਪੰਜਾਬ ਵਿਧਾਨ ਸਭਾ ਵਿਰੋਧੀ ਧਿਰ ਦੇ ਨੇਤਾ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਕਾਰਵਾਈ ਕਰਨ ਤੋਂ ਆਪ ਸਰਕਾਰ ਡਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੈਪਟਨ ਅਮਰਿੰਦਰ ਸਿੰਘ ਦੀਆਂ ਫਾਈਲਾਂ ਖੋਲ੍ਹੀਆਂ ਜਾਣ 'ਤੇ ਸਖਤ ਕਾਰਵਾਈ ਕੀਤੀ ਜਾਵੇ ਤਾਂ ਉਨ੍ਹਾਂ ਕੋਲੋਂ 3400 ਕਰੋੜ ਰੁਪਏ ਨਿਕਲਣਗੇ। ਇਸ ਲਈ ਜ਼ਰੂਰੀ ਹੈ ਕੇ ਆਪਣਾ ਡਰ ਦੂਰ ਕਰਕੇ ਕੈਪਟਨ ਖਿਲਾਫ ਕਾਰਵਾਈ ਆਰੰਭੀ ਜਾਵੇ। ਪ੍ਰਤਾਪ ਬਾਜਵਾ ਪਟਿਆਲਾ ਦੇ ਸਰਕਟ ਹਾਊਸ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਜਿਥੇ ਸੱਤਾ ਧਿਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਉਥੇ ਹੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਮਹਾਰਾਣੀ ਪ੍ਰਨੀਤ ਕੌਰ ਤੇ ਵੀ ਸ਼ਬਦੀ ਵਾਰ ਕੀਤੇ, ਉਨ੍ਹਾਂ ਕਿਹਾ ਕਿ ਉਹਨਾਂ ਨੇ ਕਾਂਗਰਸ ਨੂੰ ਪੂਰੀ ਤਰ੍ਹਾਂ ਲੁੱਟਿਆ ਹੈ। ਪ੍ਰਤਾਪ ਬਾਜਵਾ ਨੇ ਕਿਹਾ ਕਿ ਮਹਾਰਾਣੀ ਪ੍ਰਨੀਤ ਕੌਰ ਲੋਕ ਸਭਾ ਹਲਕੇ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਨਹੀਂ ਹੋਣਗੇ। ਇਸ ਵਾਰ ਪਟਿਆਲਾ ਹਲਕੇ ਤੋਂ ਕਿਸੇ ਹੋਰ ਆਗੂ ਨੂੰ ਟਿਕਟ ਦੇ ਕੇ ਸੰਸਦ 'ਚ ਜਾਣ ਦਾ ਮੌਕਾ ਦੇਵਾਂਗੇ ਤੇ ਕਾਂਗਰਸ ਪਾਰਟੀ ਆਪਣਾ ਮਜ਼ਬੂਤ ਕੈਂਡੀਡੇਟ ਖੜ੍ਹਾ ਕਰਕੇ ਉਹਨੂੰ ਵੱਡੀ ਜਿੱਤ ਦਰਜ ਕਰਾਉਣ ਵਿੱਚ ਅਹਿਮ ਰੋਲ ਅਦਾ ਕਰੇਗੀ। ਉਨ੍ਹਾਂ ਕਿਹਾ ਕਿ ਪ੍ਰਨੀਤ ਕੌਰ ਹੁਣ ਕਾਂਗਰਸ ਦਾ ਹਿਸਾ ਨਹੀਂ ਰਹੇ ਹਨ ਇਸ ਲਈ ਉਨ੍ਹਾਂ ਨੂੰ ਨੈਤਿਕਤਾ ਦੇ ਅਧਾਰ 'ਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ। ਬਾਜਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਕੋਈ



ਵੀ ਮੰਗ ਦਸਣ ਅਤੇ ਪੂਰੀ ਕਰਵਾਉਣ 'ਚ ਨਾਕਾਮ ਸਾਬਤ ਹੋਏ ਹਨ, ਕਿਉਂ ਕੇ ਕਿਸਾਨਾਂ ਸਮੇਤ ਸ੍ਰੀ ਕਰਤਾਰਪੁਰ ਸਾਹਿਬ ਦੇ ਬੰਦ ਪਏ ਲਾਂਘੇ ਨੂੰ ਮੁੜ ਖੁੱਲ੍ਹਵਾਉਣ ਲਈ ਕੋਈ ਮੰਗ ਨਹੀਂ ਕੀਤੀ, ਜਦਕਿ ਇਹ ਸਹੀ ਮੌਕਾ ਸੀ ਕਿ ਪ੍ਰਧਾਨ ਮੰਤਰੀ ਖੁਦ ਆਪਣੇ ਘਰ ਚਲ ਕੇ ਆਏ ਸਨ। ਇਸ ਤੋ ਇਲਾਵਾ ਪਾਕਿਸਤਾਨ ਬਾਰਡਰ ਖੋਲ੍ਹ ਕੇ ਸੈਂਟਰਲ ਏਸ਼ੀਆ ਮਾਰਕੀਟ ਟਰੇਡ ਖੋਲਣ ਦੀ ਵੀ ਮੰਗ ਕੀਤੀ ਜਾ ਸਕਦੀ ਸੀ।

ਪ੍ਰਤਾਪ ਬਾਜਵਾ ਨੇ ਕਿਹਾ ਕੇ ਪਾਵਰਕੌਮ ਤੇ 25 ਹਜ਼ਾਰ ਕਰੋੜ ਦਾ ਕਰਜ਼ਾ ਹੈ, ਜਦਕਿ ਮੁਫ਼ਤਖੋਰੀ ਦੇ ਵਾਅਦੇ ਕਾਰਨ ਹੁਣ 17 ਹਜ਼ਾਰ ਕਰੋੜ ਦੀ ਮੁਫ਼ਤ ਬਿਜਲੀ ਜਾ ਰਹੀ ਹੈ। ਉਧਰ ਸੈਂਟਰ ਨੇ ਇਕ ਨਵਾਂ ਕਾਨੂੰਨ ਲਿਆਂਦਾ ਹੈ ਕੇ ਜੇਕਰ ਬਿਜਲੀ ਖਰੀਦ ਦਾ ਪੈਸਾ ਲੇਟ ਹੋ ਗਿਆ ਤਾਂ 18 ਫੀਸਦੀ ਵਿਆਜ ਦੇਣਾ ਪਏਗਾ। ਇਸ ਨਾਲ ਹੋਰ ਵੀ ਕਰਜ਼ ਚੜ੍ਹੇਗਾ। ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਤੇ ਨਿਸ਼ਾਨਾ ਸਾਧਦਿਆਂ ਕਿਹਾ ਹੈ ਕਿ ਕੀਮੋ ਸੈਸ਼ਨ ਲਈ ਲੰਬੀ ਉਡੀਕ ਕਰਨ ਵਾਲੇ ਕੈਂਸਰ ਦੇ ਮਰੀਜ਼ਾਂ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਸਿਹਤ ਮੰਤਰੀ ਦੀ ਸਸਤੀ ਲੋਕਪ੍ਰਿਯਤਾ ਦੀ ਰਣਨੀਤੀ 'ਚ ਰੁੱਝੀ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਮੈਡੀਕਲ ਵਿਭਾਗ ਦੇ ਅਧਿਕਾਰੀ ਅਤੇ ਡਾਕਟਰ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈ ਰਹੇ ਹਨ। ਇਸ ਨਾਲ ਜਿਥੇ ਆਮ ਲੋਕਾਂ ਨੂੰ ਪ੍ਰੇਸ਼ਾਨੀ ਹੋਏਗੀ, ਉਥੇ ਹੀ ਸਰਕਾਰ ਦੀ ਕਰਗੁਜ਼ਾਰੀ ਤੇ ਵੀ ਸਵਾਲੀਆ ਨਿਸ਼ਾਨ ਲਗਦਾ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਐਡਵਾਂਸ ਕੈਂਸਰ ਇੰਸਟੀਚਿਊਟ ਕਮ ਹਸਪਤਾਲ 'ਚ ਓਨ ਕਾਲੋਜਿਸਟ ਦੀਆਂ 5 ਮਨਜ਼ੂਰਸ਼ੁਦਾ ਅਸਾਮੀਆਂ 'ਚੋਂ 4 ਸਰਕਾਰ ਦੀਆਂ ਗਲਤ ਤਰਜ਼ੀਹਾਂ ਦੇ ਨਾਲ-ਨਾਲ ਇਸ ਦੀ ਗੰਭੀਰਤਾ ਨੂੰ ਵੀ ਪੂਰੀ ਤਰ੍ਹਾਂ ਬੇਨਕਾਬ ਕਰਦੀਆਂ ਹਨ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਚ ਆਯੂਸ਼ਮਾਨ ਸਕੀਮ ਤਹਿਤ ਲੱਖਾਂ ਲੋਕਾਂ ਨੂੰ ਲਾਭ ਮਿਲ ਰਿਹਾ ਸੀ ਪਰ ਦਿੱਲੀ ਦੇ ਮਾਡਲ ਤੇ ਮੁਹੱਲਾ ਕਲੀਨਿਕਾਂ ਨੂੰ ਤਰਜ਼ੀਹ ਦਿੰਦਿਆਂ ਇਸ ਸਕੀਮ ਨੂੰ ਵੀ ਬੰਦ ਕਰ ਦਿੱਤਾ ਗਿਆ। ਹੁਣ ਆਮ ਲੋਕਾਂ ਨੂੰ ਇਲਾਜ ਕਰਾਉਣ ਲਈ ਪੈਸਾ ਦੇਣਾ ਪੈ ਰਿਹਾ ਹੈ। ਇਹ ਸੂਬੇ 'ਚ ਡਾਕਟਰੀ ਹਾਲਾਤ ਬਾਰੇ ਸੱਚਮੁੱਚ ਇਕ ਦੁਖਦਾਈ ਗੱਲ ਹੈ। ਬਾਜਵਾ ਨੇ ਕਿਹਾ ਕਿ ਕੈਂਸਰ ਦੇ ਮਰੀਜ਼ ਆਯੂਸ਼ਮਾਨ ਸਕੀਮ ਤਹਿਤ ਆਪਣਾ ਮੁਫ਼ਤ ਇਲਾਜ ਕਰਵਾ ਰਹੇ ਸਨ ਪਰ ਇਸ ਸਕੀਮ ਨੂੰ ਬੰਦ ਕਰ ਦਿੱਤਾ ਗਿਆ। ਇਸ ਮੌਕੇ ਸੀਨੀਅਰ ਆਗੂ ਸ ਲਾਲ ਸਿੰਘ, ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਹਲਕਾ ਮੁਖੀ ਪਟਿਆਲਾ ਵਿਸ਼ਨੂੰ ਸ਼ਰਮਾ, ਹਰਿੰਦਰਪਾਲ ਸਿੰਘ ਹੈਰੀਮਾਨ, ਮੋਹਿਤ ਮਹਿੰਦਰਾ, ਸੀਨੀਅਰ ਕਾਂਗਰਸੀ ਸੰਦੀਪ ਸਿੰਗਲਾ, ਹਰਵਿੰਦਰ ਸਿੰਘ ਨਿੱਪੀ, ਸੰਤੋਖ ਸਿੰਘ ਚੈਅਰਮੈਨ ਤੋਂ ਇਲਾਵਾ ਵੱਡੀ ਗਿਣਤੀ 'ਚ ਆਗੂ ਮੌਜੂਦ ਸਨ।

# ਪੰਜਾਬ 'ਚ ਲਗਾਤਾਰ ਵਧ ਰਹੇ ਨੇ ਏਡਜ਼ ਦੇ ਮਰੀਜ਼

**☛ ਹੁਣ ਘਰ-ਘਰ ਜਾ ਕੇ ਮਰੀਜ਼ਾਂ ਨੂੰ ਲੱਭਣਗੇ ਸਿਹਤ ਮੁਲਾਜ਼ਮ**

**☛ ਸਰਕਾਰ ਨੇ ਇਹ ਸਕੀਮ ਅੰਮ੍ਰਿਤਸਰ, ਪਟਿਆਲਾ ਅਤੇ ਲੁਧਿਆਣਾ 'ਚ ਸ਼ੁਰੂ ਕਰਨ ਦੀ ਨੀਤੀ**

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਪੰਜਾਬ 'ਚ ਏਡਜ਼ ਪੀੜਤ ਮਰੀਜ਼ਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਸਰਕਾਰ ਵੱਲੋਂ 82 ਫੀਸਦੀ ਮਰੀਜ਼ਾਂ ਦੀ ਭਾਲ ਕਰ ਕੇ ਇਲਾਜ ਕੀਤਾ ਜਾ ਰਿਹਾ ਹੈ, ਬਾਕੀ ਬਚਦੇ 18 ਫੀਸਦੀ ਮਰੀਜ਼ ਅਜੇ ਤੱਕ ਸਰਕਾਰੀ ਅਦਾਰਿਆਂ 'ਚ ਇਲਾਜ ਲਈ ਨਹੀਂ ਪਹੁੰਚ ਸਕੇ ਹਨ। ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਹੁਣ 18 ਫੀਸਦੀ ਮਰੀਜ਼ਾਂ ਤੱਕ ਪਹੁੰਚ ਕਰਨ ਲਈ ਸੰਪੂਰਨ ਸੁਰੱਖਿਆ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ। ਇਸ ਸਕੀਮ ਤਹਿਤ ਸਿਹਤ ਕਰਮਚਾਰੀ ਹਰ ਜ਼ਿਲ੍ਹੇ 'ਚ ਨਾਜ਼ੁਕ ਖੇਤਰਾਂ ਵਿਚ ਜਾ ਕੇ ਇਨ੍ਹਾਂ ਮਰੀਜ਼ਾਂ ਦੀ ਭਾਲ ਕਰਨਗੇ, ਫਿਲਹਾਲ ਸਰਕਾਰ ਨੇ ਇਹ ਸਕੀਮ ਅੰਮ੍ਰਿਤਸਰ, ਪਟਿਆਲਾ ਅਤੇ ਲੁਧਿਆਣਾ 'ਚ ਸ਼ੁਰੂ ਕਰਨ ਦੀ ਨੀਤੀ ਬਣਾਈ ਹੈ। ਜਾਣਕਾਰੀ ਅਨੁਸਾਰ ਪੰਜਾਬ 'ਚ ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਨਸ਼ੇ ਅਤੇ ਹੋਰ ਕਾਰਨਾਂ ਕਰ ਕੇ ਲੋਕ ਏਡਜ਼ ਦੀ ਲਪੇਟ 'ਚ ਆ ਰਹੇ ਹਨ। ਅੰਮ੍ਰਿਤਸਰ ਦੀ ਗੱਲ ਕਰੀਏ ਤਾਂ ਇਥੇ ਸਾਲ 1996 'ਚ ਏਡਜ਼ ਤੋਂ ਪੀੜਤ ਮਰੀਜ਼ਾਂ ਦੀ ਜਾਂਚ ਲਈ ਮੈਡੀਕਲ ਕਾਲਜ ਅੰਦਰ ਆਈ. ਆਰ. ਟੀ. ਕੇਂਦਰ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਮਰੀਜ਼ਾਂ ਦੀ ਗਿਣਤੀ 15160 ਹੈ, ਜਦਕਿ 6454 ਮਰੀਜ਼ ਸਰਕਾਰੀ ਅਦਾਰਿਆਂ ਤੋਂ ਦਵਾਈਆਂ ਲੈ ਰਹੇ ਹਨ। ਬਾਕੀ ਮਰੀਜ਼ ਉਹ ਹਨ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ ਅਤੇ ਕੁਝ ਮਰੀਜ਼ ਅਜਿਹੇ ਹਨ, ਜਿਨ੍ਹਾਂ ਨੇ ਦਵਾਈ



ਵਿਚਕਾਰ ਹੀ ਛੱਡ ਦਿੱਤੀ ਹੈ। ਹਾਲਾਂਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਐੱਚ. ਆਈ. ਵੀ ਮਰੀਜ਼ਾਂ ਦਾ ਪਤਾ ਲਗਾ ਕੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਪਰ ਫਿਰ ਵੀ ਲੁਧਿਆਣਾ ਅਤੇ ਪਟਿਆਲਾ 'ਚ ਵੀ ਟੀਚੇ ਨੂੰ 100 ਫੀਸਦੀ ਪੂਰਾ ਕਰਨ ਲਈ ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਪੂਰੀ ਸੁਰੱਖਿਆ ਯੋਜਨਾ ਲਾਗੂ ਕੀਤੀ ਗਈ ਹੈ। ਇਸ ਸਕੀਮ ਤਹਿਤ ਜ਼ਿਲ੍ਹੇ 'ਚ ਕੰਮ ਸ਼ੁਰੂ ਕਰਨ ਲਈ ਅੱਜ ਸਿਹਤ ਮੰਤਰਾਲੇ ਭਾਰਤ ਸਰਕਾਰ ਦੇ ਏਡਜ਼ ਕੰਟਰੋਲ ਪ੍ਰੋਗਰਾਮ ਤਹਿਤ ਸੁਧੀਰ ਚਾਵਲਾ, ਰਾਜੀਵ ਕੁਮਾਰ, ਡਾ. ਪਾਇਲ ਅਤੇ ਪੰਜਾਬ ਏਡਜ਼ ਕੰਟਰੋਲ ਸੋਸਾਇਟੀ ਰਮਨ ਕੁਮਾਰ ਅਤੇ ਮਨੂ ਦੀ ਅਗਵਾਈ ਹੇਠ ਇਕ ਟੀਮ ਮੁਆਇਨਾ ਕਰਨ ਲਈ ਪਹੁੰਚੀ। ਜ਼ਿਲ੍ਹਾ ਟੀ. ਬੀ. ਅਫਸਰ ਅਤੇ ਏਡਜ਼ ਕੰਟਰੋਲ ਪ੍ਰੋਗਰਾਮ ਦੇ ਜ਼ਿਲ੍ਹਾ ਇੰਚਾਰਜ ਡਾ. ਵਿਜੇ ਕੁਮਾਰ ਨੇ ਕਿਹਾ ਕਿ ਐੱਚ. ਆਈ. ਵੀ. ਇਸ ਬੀਮਾਰੀ ਤੋਂ ਪੀੜਤ ਮਰੀਜ਼ਾਂ ਦਾ ਸਰਕਾਰੀ ਕੇਂਦਰਾਂ 'ਚ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ 'ਚ 11 ਸੈਂਟਰ ਬਣਾਏ ਗਏ ਹਨ, ਜਿੱਥੇ ਇਹ ਮਰੀਜ਼ ਜਾ ਕੇ ਆਪਣਾ ਟੈਸਟ ਮੁਫ਼ਤ ਕਰਵਾ ਸਕਦੇ ਹਨ, ਇਨ੍ਹਾਂ ਮਰੀਜ਼ਾਂ ਦੀ ਪਛਾਣ ਗੁਪਤ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮਰੀਜ਼ਾਂ ਦਾ ਡਾਟਾ ਸਿਹਤ ਵਿਭਾਗ ਕੋਲ ਮੌਜੂਦ ਹੈ, ਉਨ੍ਹਾਂ ਤੋਂ ਇਲਾਵਾ 18 ਫੀਸਦੀ ਮਰੀਜ਼ ਅਜਿਹੇ ਹਨ, ਜੋ ਸਾਕਾਰਾਤਮਕ ਅਤੇ ਖ਼ਤਰੇ 'ਚ ਹਨ, ਉਨ੍ਹਾਂ ਨੂੰ ਲੱਭਣ ਲਈ ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਪੂਰੀ ਸੁਰੱਖਿਆ ਯੋਜਨਾ ਤਿਆਰ ਕੀਤੀ ਗਈ ਹੈ। ਸਕੀਮ ਤਹਿਤ ਉਪਰੋਕਤ ਤਿੰਨਾਂ ਜ਼ਿਲ੍ਹਿਆਂ 'ਚ ਉਸ ਖੇਤਰ ਦੀ ਪਛਾਣ ਕੀਤੀ ਜਾਵੇਗੀ, ਜਿਥੇ ਇਹ ਮਰੀਜ਼ ਹੋਣ ਦੀ ਸੰਭਾਵਨਾ ਹੈ। ਡਾ. ਵਿਜੇ ਨੇ ਦੱਸਿਆ ਕਿ ਐੱਚ. ਆਈ. ਵੀ. ਦਾ ਜੇਕਰ ਸਮੇਂ ਸਿਰ ਇਲਾਜ ਕਰਵਾਇਆ ਜਾਵੇ ਤਾਂ ਮਰੀਜ਼ ਦੀ ਕੀਮਤੀ ਜਾਨ ਬਚ ਸਕਦੀ ਹੈ। ਅਗਲੇ ਹਫ਼ਤੇ ਤੋਂ ਇਹ ਪ੍ਰਾਜੈਕਟ ਤਹਿਤ ਕੰਮ ਕਰਨਾ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿੱਥੇ ਮਰੀਜ਼ਾਂ ਦੀ ਪਛਾਣ ਗੁਪਤ ਰੱਖੀ ਜਾਂਦੀ ਹੈ, ਉੱਥੇ ਹੀ ਉਨ੍ਹਾਂ ਨੂੰ ਇਨ੍ਹਾਂ ਕੇਂਦਰਾਂ 'ਤੇ ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਏ. ਆਰ. ਟੀ. ਸੈਂਟਰ ਦਾ ਸਟਾਫ ਪੂਰੀ ਤਨਦੇਹੀ ਅਤੇ ਲਗਨ ਨਾਲ ਮਰੀਜ਼ਾਂ ਦਾ ਇਲਾਜ ਕਰ ਰਿਹਾ ਹੈ। ਐੱਚ. ਆਈ. ਵੀ. ਇਸ ਤੋਂ ਪੀੜਤ ਮਰੀਜ਼ਾਂ ਦੇ ਰਿਸ਼ਤੇਦਾਰਾਂ ਨੂੰ ਵੀ ਆਪਣਾ ਟੈਸਟ ਜ਼ਰੂਰ ਕਰਵਾਉਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੂੰ ਵੀ ਖ਼ਤਰਾ ਬਣਿਆ ਰਹਿੰਦਾ ਹੈ। ਜੇਕਰ ਸਮੇਂ ਸਿਰ ਬੀਮਾਰੀ ਦਾ ਪਤਾ ਲੱਗ ਜਾਵੇ ਤਾਂ ਹੋਰ ਬੀਮਾਰੀਆਂ ਉਸ ਵਿਅਕਤੀ ਨੂੰ ਆਪਣੀ ਲਪੇਟ 'ਚ ਨਹੀਂ ਲੈਂਦੀਆਂ। ਉਨ੍ਹਾਂ ਕਿਹਾ ਕਿ ਸਿਹਤ ਕਰਮਚਾਰੀ ਮਰੀਜ਼ਾਂ ਦੀ ਸੇਵਾ ਲਈ ਪੂਰੀ ਤਰ੍ਹਾਂ ਤਿਆਰ ਹਨ। ਇਸ ਮੌਕੇ ਪ੍ਰੋਗਰਾਮ ਦੀ ਜ਼ਿਲ੍ਹਾ ਮੈਨੇਜਰ ਮਨਪ੍ਰੀਤ ਵੀ ਹਾਜ਼ਰ ਸਨ।

# ਪੰਜਾਬ ਦੇ ਜੰਗਲਾਤ ਘੁਟਾਲੇ 'ਚ ਈ.ਡੀ. ਦੀ ਐਂਟਰੀ, ਐੱਫ.ਆਈ.ਆਰ. ਦੀ ਕਾਪੀ ਮੰਗੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-ਪੰਜਾਬ ਦੇ ਜੰਗਲਾਤ ਵਿਭਾਗ ਦੇ ਘੁਟਾਲੇ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਐਂਟਰੀ ਹੋ ਚੁੱਕੀ ਹੈ। ਈ.ਡੀ. ਦੀ ਐਂਟਰੀ ਤੋਂ ਬਾਅਦ ਘੁਟਾਲੇ ਦੇ ਮੁਲਜ਼ਮ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਵਿਜੀਲੈਂਸ ਅਧਿਕਾਰੀਆਂ ਮੁਤਾਬਕ ਇਸ ਮਾਮਲੇ ਵਿੱਚ ਦਰਜ ਐੱਫ.ਆਈ.ਆਰ. ਦੀ ਕਾਪੀ ਈ.ਡੀ. ਤੋਂ ਮੰਗੀ ਗਈ ਹੈ। ਨਾਲ ਹੀ ਇਸ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਵੱਲੋਂ ਹੁਣ ਤੱਕ ਕੀਤੀ ਗਈ





ਜਾਂਚ ਅਤੇ ਗ੍ਰਿਫ਼ਤਾਰੀਆਂ ਦਾ ਵੇਰਵਾ ਦੇਣ ਲਈ ਕਿਹਾ ਗਿਆ ਹੈ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਈ.ਡੀ. ਇਸ ਗੱਲ ਦੀ ਜਾਂਚ ਕਰੇਗੀ ਕਿ ਇਸ ਘੁਟਾਲੇ ਵਿੱਚ ਕੋਈ ਪੈਸਾ ਵਿਦੇਸ਼ ਵਿੱਚ ਗਿਆ ਹੈ ਜਾਂ ਨਹੀਂ। ਵਿਜੀਲੈਂਸ ਸੂਤਰਾਂ ਦਾ ਕਹਿਣਾ ਹੈ ਕਿ ਈਡੀ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਸਾਰੇ ਮਾਮਲਿਆਂ ਦਾ ਵੇਰਵਾ ਲੈ ਸਕਦੀ ਹੈ, ਜਿਨ੍ਹਾਂ ਵਿੱਚ ਕਾਂਗਰਸੀ ਆਗੂ ਸ਼ਾਮਲ ਹਨ।

# ਕਾਂਗਰਸ ਦੀ ਇੰਨੀ ਤਬਾਹੀ ਹੋ ਚੁੱਕੀ ਹੈ ਕਿ ਹੁਣ ਕੋਈ ਵਾਪਸੀ ਨਹੀਂ: ਕੈਪਟਨ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ ਕਿ ਮੌਜੂਦਾ ਪ੍ਰਬੰਧ ਅਧੀਨ ਕਾਂਗਰਸ ਪਾਰਟੀ ਦੀ ਇਨ੍ਹੀਂ ਮਾੜੀ ਹਾਲਤ ਹੋ ਚੁੱਕੀ ਹੈ ਕਿ ਕੋਈ ਵਾਪਸੀ ਹੁਣ ਮੁਮਕਿਨ ਨਹੀਂ ਲਗਦੀ। ਸਾਬਕਾ ਮੁੱਖ ਮੰਤਰੀ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਅੱਜ ਟਿੱਪਣੀ ਕੀਤੀ, ਜਦੋਂ ਤੁਸੀਂ ਗੁਲਾਮ ਨਬੀ ਆਜ਼ਾਦ ਵਰਗੇ ਨੇਤਾਵਾਂ ਨੂੰ ਪਾਰਟੀ ਵਿੱਚ ਨਹੀਂ ਰੱਖ ਸਕਦੇ ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਪਾਰਟੀ ਨਾਲ ਬਿਤਾਈ ਹੈ, ਤਾਂ ਤੁਹਾਡੇ ਕੰਮਕਾਜ ਅਤੇ ਤੁਹਾਡੇ ਸੀਨੀਅਰ ਅਤੇ ਤਜਰਬੇਕਾਰ ਨੇਤਾਵਾਂ ਨਾਲ ਪੇਸ਼ ਆਉਣ ਦੇ ਤਰੀਕੇ ਵਿੱਚ ਕੁਝ ਬੇਹੱਦ ਜਿਆਦਾ ਗਲਤ ਹੈ।

ਕੁਝ ਨੇਤਾਵਾਂ ਦੇ ਦਾਅਵਿਆਂ 'ਤੇ ਸਵਾਲ ਉਠਾਉਂਦੇ ਹੋਏ ਕੈਪਟਨ ਅਮਰਿੰਦਰ ਨੇ ਕਿਹਾ, ਪਾਰਟੀ ਨੇ ਆਜ਼ਾਦ ਨੂੰ ਇੰਨਾ ਕੁਝ ਦਿੱਤਾ ਹੈ, ਇਹ ਇਕ ਪਰਸਪਰ ਪ੍ਰਕਿਰਿਆ ਹੈ। ਪਾਰਟੀ ਕਈ ਲੀਡਰਾਂ ਦੇ ਖੂਨ-ਪਸੀਨੇ ਅਤੇ ਮਿਹਨਤ ਨਾਲ ਬਣੀ ਹੈ, ਉਹਨਾ ਨੇ ਟਿੱਪਣੀ ਕਰਦਿਆਂ ਕਿਹਾ, ਇਹ ਇੱਕਲੇ ਇਕ ਆਦਮੀ ਦਾ ਰਾਜ ਨਹੀਂ ਹੋ ਸਕਦਾ।

ਸ੍ਰੀ ਆਜ਼ਾਦ ਨੂੰ ਦਲੇਰਾਨਾ ਫੈਸਲਾ



ਲੈਣ ਲਈ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਇੱਕ ਇਮਾਨਦਾਰ ਆਗੂ ਸਿਧਾਂਤਾਂ ਅਤੇ ਮਾਣ ਨਾਲ ਸਮਝੌਤਾ ਨਹੀਂ ਕਰ ਸਕਦਾ। ਉਹਨਾਂ ਕਿਹਾ, ਇਹ ਕੁਝ ਖਾਸ ਸਵਾਰਥਾਂ ਵਾਲੇ ਲੋਕਾਂ ਦਾ ਇੱਕ ਖਾਸ ਸਮੂਹ ਹੈ ਜਿਸ ਨੇ ਪਾਰਟੀ ਨੂੰ ਸਾੜਨਾ ਸ਼ੁਰੂ ਕਰ ਦਿੱਤੀ ਹੈ, ਉਹਨਾਂ ਨੇ ਕਿਹਾ ਕਿ ਕਿਸ ਤਰ੍ਹਾਂ ਸਮੇਂ-ਸਮੇਂ @ਤੇ ਇੰਨੇ ਤੂਫਾਨਾਂ ਦਾ ਸਾਹਮਣਾ ਕਰਨ ਵਾਲੇ ਅਤੇ ਪਾਰਟੀ ਦੇ ਨਾਲ ਖੜੇ ਰਹੇ ਸੀਨੀਅਰ ਆਗੂਆਂ ਨੂੰ ਪਾਰਟੀ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕੁਝ ਕਾਂਗਰਸੀ ਆਗੂਆਂ ਵੱਲੋਂ ਸ੍ਰੀ ਆਜ਼ਾਦ ਖ਼ਿਲਾਫ਼ ਦਿੱਤੇ ਭੈੜੇ ਬਿਆਨਾਂ ਦੀ ਨਿਖੇਧੀ ਕੀਤੀ। ਉਨ੍ਹਾਂ ਦੇ ਵਿਰੁੱਧ ਬੇਬੁਨਿਆਦ ਦੋਸ਼ ਲਗਾਉਣ ਦੀ ਬਜਾਏ, ਤੁਹਾਨੂੰ ਆਤਮ-ਪੜਚੋਲ ਕਰਨੀ ਚਾਹੀਦੀ ਹੈ ਕਿ ਪਾਰਟੀ ਦਾ ਇਹ ਹਾਲ ਕਿਉਂ ਹੋ ਰਿਹਾ ਹੈ, ਉਹਨਾ ਨੇ ਦਿਖਾਵੇ ਦੇ ਵਫ਼ਾਦਾਰ ਬਣਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਸਲਾਹ ਦਿੱਤੀ।

## ਨਹੀਂ ਰਿਲੀਜ਼ ਹੋਵੇਗਾ ਮੂਸੇਵਾਲਾ ਦਾ ਗਾਣਾ 'ਜਾਂਦੀ ਵਾਰ'!

ਮਾਨਸਾ (ਪੰਜਾਬੀ ਅਖਬਾਰ ਬਿਊਰੋ)- ਸੰਗੀਤਕਾਰ ਸਲੀਮ ਮਰਚੈਂਟ ਵੱਲੋਂ ਸਿੱਧੂ ਮੂਸੇਵਾਲਾ ਦਾ ਗੀਤ 'ਜਾਂਦੀ ਵਾਰ' 2 ਸਤੰਬਰ ਨੂੰ ਰਿਲੀਜ਼ ਕੀਤਾ ਜਾ ਰਿਹਾ ਹੈ ਪਰ ਮੂਸੇਵਾਲਾ ਦਾ ਪਰਿਵਾਰ ਇਸ ਦੇ ਹੱਕ ਵਿੱਚ ਨਹੀਂ ਹੈ। ਉਨ੍ਹਾਂ ਨੇ ਸੰਗੀਤਕਾਰ ਸਲੀਮ ਮਰਚੈਂਟ ਨੂੰ ਗੀਤ ਰਿਲੀਜ਼ ਨਾ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸਲੀਮ ਨੂੰ ਪਹਿਲਾਂ ਵੀ ਰੋਕਿਆ ਗਿਆ ਸੀ। ਇਸ ਤੋਂ ਇਲਾਵਾ ਇਸ ਗੀਤ ਦਾ ਵਪਾਰੀਕਰਨ ਵੀ ਗੈਰ-ਕਾਨੂੰਨੀ ਹੈ। ਜੇ ਪਰਿਵਾਰ ਦੀ ਚਿਤਾਵਨੀ ਤੋਂ ਬਾਅਦ ਵੀ ਗੀਤ ਰਿਲੀਜ਼ ਹੋਇਆ ਤਾਂ ਪਰਿਵਾਰ ਕਾਨੂੰਨੀ ਰਾਹ ਅਖਤਿਆਰ ਕਰੇਗਾ। ਸਲੀਮ ਮਰਚੈਂਟ ਨੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਉਹ ਮੂਸੇਵਾਲਾ ਦਾ ਗੀਤ 2 ਸਤੰਬਰ ਨੂੰ ਰਿਲੀਜ਼ ਕਰ ਰਹੇ ਹਨ।

# ਬਿਜਲੀ ਸੈਕਟਰ ਵਿੱਚ ਵੱਡੇ ਸੁਧਾਰ ਜਲਦ, ਪੰਜਾਬ ਸਰਕਾਰ ਵੱਲੋਂ ਆਰਡੀਐੱਸਐੱਸ ਸਕੀਮ ਅਧੀਨ 25,237 ਕਰੋੜ ਰੁਪਏ ਦੀ ਕਾਰਜ-ਯੋਜਨਾ ਨੂੰ ਪ੍ਰਵਾਨਗੀ : ਈ.ਟੀ.ਓ.

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- 24 ਘੰਟੇ ਮਿਆਰੀ ਬਿਜਲੀ ਸਪਲਾਈ ਦੇਣ ਦੇ ਉਦੇਸ ਨਾਲ ਪੰਜਾਬ ਸਰਕਾਰ ਨੇ 25,237 ਕਰੋੜ ਰੁਪਏ ਦੀ ਕਾਰਜ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ ਤਾਂ ਜੋ ਖਪਤਕਾਰਾਂ ਨੂੰ ਬਿਜਲੀ ਦੀ ਸਪਲਾਈ ਵਿੱਚ ਹੋਰ ਸੁਧਾਰ ਲਿਆਂਦਾ ਜਾ ਸਕੇ। ਰਿਫਾਰਮ-ਬੇਸਡ ਐਂਡ ਰਿਜ਼ਲਟ-ਲਿੰਕਡ ਰੀਵੈਂਪਡ ਡਿਸਟ੍ਰੀਬਿਊਸਨ ਸੈਕਟਰ ਸਕੀਮ (ਆਰਡੀਐਸਐਸ) ਇੱਕ ਫਲੈਗਸ਼ਿਪ ਸਕੀਮ ਹੈ ਜਿਸਦਾ ਉਦੇਸ ਇੱਕ ਮਜ਼ਬੂਤ ਅਤੇ ਟਿਕਾਊ ਵੰਡ ਨੈੱਟਵਰਕ ਰਾਹੀਂ ਡਿਸਟ੍ਰੀਬਿਊਸ਼ਨ ਕੰਪਨੀਆਂ ਦੀ ਕਾਰਜ-ਕੁਸ਼ਲਤਾ ਅਤੇ ਵਿੱਤੀ ਸਥਿਰਤਾ ਵਿੱਚ ਸੁਧਾਰ ਕਰਨਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਇਸ ਸਕੀਮ ਤਹਿਤ 94 ਨਵੇਂ 66 ਕੇਵੀ ਸਬ ਸਟੇਸਨਾਂ ਨੂੰ ਕਾਰਜਸ਼ੀਲ ਕਰਨ ਅਤੇ ਕ੍ਰਮਵਾਰ 89 ਅਤੇ 382 66/11 ਕੇਵੀ ਪਾਵਰ ਟਰਾਂਸਫਾਰਮਰਾਂ ਦੀ ਸਥਾਪਨਾ ਅਤੇ ਇਸ ਵਿੱਚ ਵਾਧੇ ਵਰਗੇ ਬੁਨਿਆਦੀ ਢਾਂਚੇ ਦੇ ਕੰਮ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਸਿਸਟਮ ਦੀ ਮਜ਼ਬੂਤੀ ਅਤੇ ਇਸ ਦੇ ਆਧੁਨਿਕੀਕਰਨ ਲਈ 66 ਕੇਵੀ ਟਰਾਂਸਮਿਸਨ ਲਾਈਨਾਂ



ਦੇ 2,015 ਸਰਕਟ ਕਿਲੋਮੀਟਰ ਬਣਾਏ ਜਾਣਗੇ। ਇਸ ਦੇ ਨਾਲ ਹੀ 23,687 11ਕੇਵੀ ਡਿਸਟ੍ਰੀਬਿਊਸਨ ਟ੍ਰਾਂਸਫਾਰਮਰਾਂ ਦੀ ਸਥਾਪਨਾ ਅਤੇ ਐਚਟੀ/ਐਲਟੀ ਲਾਈਨਾਂ ਦੇ 15,859 ਸਰਕਟ ਕਿਲੋਮੀਟਰ ਦਾ ਨਿਰਮਾਣ ਕੀਤਾ ਜਾਵੇਗਾ।

ਇਸੇ ਤਰ੍ਹਾਂ ਨੁਕਸਾਨ ਘਟਾਉਣ ਲਈ ਹਾਈ ਵੋਲਟੇਜ ਡਿਸਟ੍ਰੀਬਿਊਸਨ ਸਿਸਟਮ (ਐਚਵੀਡੀਐਸ) ਅਧੀਨ 2,83,349 ਨਵੇਂ ਡਿਸਟ੍ਰੀਬਿਊਸਨ ਟਰਾਂਸਫਾਰਮਰਾਂ ਦੀ ਸਥਾਪਨਾ ਦੇ ਨਾਲ 66 ਕੇਵੀ ਲਾਈਨਾਂ/ਭੂਮੀਗਤ ਕੇਬਲਾਂ ਦੇ 600 ਸਰਕਟ ਕਿਲੋਮੀਟਰ ਅਤੇ ਐਚ.ਟੀ/ਐਲ.ਟੀ. ਲਾਈਨਾਂ ਦੇ 1,10,117 ਸਰਕਟ ਕਿਲੋਮੀਟਰ ਬਣਾਏ ਜਾਣਗੇ। ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਉਪਰੋਕਤ ਤੋਂ ਇਲਾਵਾ ਐਸ.ਸੀ.ਏ.ਡੀ.ਏ. (ਸੁਪਰਵਾਇਜ਼ਰੀ ਕੰਟਰੋਲ ਐਂਡ ਡਾਟਾ ਐਕੂਜਿਸ਼ਨ) ਅਤੇ ਓ.ਐਮ.ਐਸ. (ਆਊਟੇਜ ਮੈਨੇਜਮੈਂਟ ਸਿਸਟਮ), ਕਸਟਮਰ ਕੇਅਰ ਸੈਂਟਰ, ਯੂਨੀਫਾਈਡ ਬਿਲਿੰਗ ਸਲਿਊਸ਼ਨ ਵਰਗੇ ਆਈ.ਟੀ. ਆਧਾਰਤ ਕੰਮ ਵੀ ਕੀਤੇ ਜਾਣੇ ਹਨ।

ਜ਼ਿਕਰਯੋਗ ਹੈ ਕਿ ਇਨ੍ਹਾਂ ਸਾਰੇ ਕੰਮਾਂ ਦੇ ਅਮਲ ਵਿੱਚ ਆਉਣ ਨਾਲ ਨੁਕਸਾਨ ਘਟਣ ਤੋਂ ਇਲਾਵਾ ਸੂਬੇ ਵਿੱਚ ਬਿਜਲੀ ਸਪਲਾਈ ਦੀ ਭਰੋਸੇਯੋਗਤਾ ਅਤੇ ਗੁਣਵੱਤਾ ਵਿੱਚ ਹੋਰ ਸੁਧਾਰ ਹੋਵੇਗਾ ਜਿਸ ਨਾਲ ਸੂਬੇ ਦੇ ਇੱਕ ਕਰੋੜ ਤੋਂ ਵੱਧ ਬਿਜਲੀ ਖਪਤਕਾਰਾਂ ਨੂੰ ਲਾਭ ਹੋਵੇਗਾ। ਭਾਰਤ ਸਰਕਾਰ ਵੱਲੋਂ ਇਸ ਸਕੀਮ ਅਧੀਨ ਕੁੱਲ ਬਜਟ ਸਹਾਇਤਾ ਵਜੋਂ ਕੁੱਲ 25237 ਕਰੋੜ ਰੁਪਏ ਦੀ ਪ੍ਰੋਜੈਕਟ ਰਾਸੀ ਵਿੱਚੋਂ 11632 ਕਰੋੜ ਰੁਪਏ ਦੀ ਗ੍ਰਾਂਟ ਮੁਹੱਈਆ ਕਰਵਾਈ ਜਾਵੇਗੀ।

## ਰਾਸ਼ਟਰਮੰਡਲ ਖੇਡਾਂ 'ਚ ਹਿੱਸਾ ਲੈਣ ਵਾਲੇ ਖਿਡਾਰੀਆਂ ਦਾ ਸਨਮਾਨ

# ਭਗਵੰਤ ਮਾਨ ਵੱਲੋਂ ਨਗਦ ਇਨਾਮਾਂ ਨਾਲ 23 ਖਿਡਾਰੀ ਸਨਮਾਨਤ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਰਮਿੰਘਮ ਵਿਖੇ ਹਾਲ ਹੀ ਵਿਚ ਹੋਈਆਂ ਰਾਸ਼ਟਰਮੰਡਲ ਖੇਡਾਂ ਵਿਚ ਹਿੱਸਾ ਲੈਣ ਵਾਲੇ ਪੰਜਾਬ ਦੇ 23 ਖਿਡਾਰੀਆਂ ਦਾ 9.30 ਕਰੋੜ ਰੁਪਏ ਦੇ ਨਗਦ ਇਨਾਮ ਨਾਲ ਸਨਮਾਨ ਕੀਤਾ। ਮੁੱਖ ਮੰਤਰੀ ਦੀ ਇਸ ਪਹਿਲਕਦਮੀ ਨਾਲ ਪੰਜਾਬ, ਬਰਮਿੰਘਮ ਰਾਸ਼ਟਰਮੰਡਲ ਖੇਡਾਂ ਦੇ ਖਿਡਾਰੀਆਂ ਦਾ ਸਨਮਾਨ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ।

ਇੱਥੇ ਮਿਊਂਸਪਲ ਭਵਨ ਵਿਖੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਇਹ ਸਾਡੀ ਸਰਕਾਰ ਵੱਲੋਂ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਤੁਹਾਡੇ ਵੱਲੋਂ ਕੀਤੀ ਗਈ ਕਰੜੀ ਮਿਹਨਤ ਦੇ ਸਤਿਕਾਰ ਵਿਚ ਇਕ ਨਿਮਾਣਾ ਜਿਹਾ ਉਪਰਾਲਾ ਹੈ।"

ਖਿਡਾਰੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਖੇਡਾਂ ਦੇ ਖੇਤਰ ਵਿੱਚ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਸ ਬਾਰੇ ਸੂਬੇ ਵੱਲੋਂ ਪਹਿਲਾਂ ਹੀ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੇ ਖਿਡਾਰੀਆਂ ਨੂੰ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਅਤੇ ਹੋਰ ਉਭਰਦੇ ਖਿਡਾਰੀਆਂ ਨੂੰ ਖੇਡਾਂ ਵਿੱਚ ਮੱਲਾਂ ਮਾਰਨ ਲਈ ਉਤਸਾਹਿਤ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਾਡੇ ਖਿਡਾਰੀਆਂ ਨੇ ਸੂਬੇ ਦਾ ਨਾਂ ਰੌਸਨ ਕੀਤਾ ਹੈ ਅਤੇ ਹੁਣ ਇਨ੍ਹਾਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੈ।



ਵਿਸਵ ਪੱਧਰ 'ਤੇ ਮੁਕਾਬਲਾ ਕਰਨ ਲਈ ਖੇਡਾਂ ਦੇ ਬੁਨਿਆਦੀ ਢਾਂਚੇ ਦੀ ਸਖਤ ਲੋੜ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਖੇਡਾਂ ਵਿੱਚ ਵਧੀਆ ਪ੍ਰਦਰਸਨ ਕਰਨ ਦੀ ਪ੍ਰਤਿਭਾ ਕੁਦਰਤੀ ਤੌਰ ਉਤੇ ਵਿਰਾਸਤ ਵਿੱਚ ਮਿਲੀ ਹੈ ਅਤੇ ਜੇਕਰ ਮੌਕਾ ਦਿੱਤਾ ਗਿਆ ਤਾਂ ਇਹ ਖਿਡਾਰੀ ਪੂਰੀ ਦੁਨੀਆ ਵਿਚ ਹਿੰਮਤ ਨਾਲ ਜੇਤੂ ਇਰਾਦਾ ਲੈ ਕੇ ਮੁਕਾਬਲੇ ਵਿਚ ਉਤਰਨਗੇ। ਭਗਵੰਤ ਮਾਨ ਨੇ ਕਿਹਾ ਕਿ ਇਸ ਵਿਸਵ ਪੱਧਰੀ ਬੁਨਿਆਦੀ ਢਾਂਚੇ ਲਈ ਪੇਸੇਵਰ ਕੋਚਾਂ ਦੇ ਨਾਲ-ਨਾਲ ਖੁਰਾਕ ਅਤੇ ਹੋਰ ਸਹੂਲਤਾਂ ਦੀ ਲੋੜ ਹੈ।

ਮੁੱਖ ਮੰਤਰੀ ਨੇ ਸਪੱਸਟ ਤੌਰ 'ਤੇ ਕਿਹਾ ਕਿ ਸੂਬਾ ਸਰਕਾਰ ਨੇ ਪਿੰਡ ਪੱਧਰ 'ਤੇ ਨਵੇਂ ਸਟੇਡੀਅਮ ਬਣਾਉਣ ਲਈ ਪਹਿਲਾਂ ਹੀ ਖੇਡਾਂ ਦੇ ਬਜਟ ਵਿੱਚ ਵਾਧਾ ਕੀਤਾ ਹੈ, ਜਿੱਥੋਂ ਕੁਦਰਤੀ ਤੌਰ ਉਤੇ ਪ੍ਰਤਿਭਾ ਪੈਦਾ ਹੁੰਦੀ ਹੈ ਪਰ ਦੁੱਖ ਇਸ ਗੱਲ ਦਾ ਹੈ ਕਿ ਹੁਣ ਤੱਕ ਇਸ ਨੂੰ ਨਜਰਅੰਦਾਜ ਕੀਤਾ ਗਿਆ ਸੀ। 29 ਅਗਸਤ ਤੋਂ ਸੂਰੂ ਹੋਈਆਂ 'ਖੇਡਾਂ ਵਤਨ ਪੰਜਾਬ ਦੀਆਂ' ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਉਮੀਦ ਪ੍ਰਗਟਾਈ ਕਿ ਇਹ ਖੇਡਾਂ ਖਿਡਾਰੀਆਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸਾ ਵੱਲ ਲਿਜਾ ਕੇ ਸੂਬੇ ਵਿੱਚ ਖੇਡ ਗਤੀਵਿਧੀਆਂ ਨੂੰ ਵੱਡਾ ਹੁਲਾਰਾ ਦੇਣਗੀਆਂ। ਭਗਵੰਤ ਮਾਨ ਨੇ ਕਿਹਾ ਕਿ ਅਜਿਹੇ ਠੋਸ ਉਪਰਾਲੇ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਪ੍ਰਸਿੱਧੀ ਹਾਸਲ ਕਰਨ ਲਈ ਢੁਕਵਾਂ ਮੰਚ ਪ੍ਰਦਾਨ ਕਰਨਗੀਆਂ।

ਮੁੱਖ ਮੰਤਰੀ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਸਕੂਲਾਂ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸੂਬਾ ਸਰਕਾਰ ਡੀ.ਪੀ. ਅਤੇ ਪੀ.ਟੀ.ਆਈ. ਅਧਿਆਪਕਾਂ ਦੀ ਭਰਤੀ ਜੰਗੀ ਪੱਧਰ 'ਤੇ ਕਰ ਰਹੀ ਹੈ। ਖਿਡਾਰੀਆਂ ਨਾਲ ਆਪਣੇ ਤਜਰਬੇ ਸਾਂਝੇ ਕਰਦਿਆਂ ਭਗਵੰਤ ਮਾਨ ਨੇ ਖੇਡਾਂ ਪ੍ਰਤੀ ਪਿਆਰ ਦਾ ਵੀ ਖੁਲਾਸਾ ਕੀਤਾ ਅਤੇ ਦੱਸਿਆ ਕਿ ਹਾਕੀ ਨਾਲ ਪਿਆਰ ਉਨ੍ਹਾਂ ਨੂੰ ਆਪਣੇ ਪਿਤਾ ਤੋਂ ਵਿਰਸੇ ਵਿੱਚ ਮਿਲਿਆ ਹੈ।

ਮੁੱਖ ਮੰਤਰੀ ਨੇ ਹਾਕੀ ਦੇ ਮਹਾਨ ਖਿਡਾਰੀਆਂ ਜਿਵੇਂ ਕਿ ਬਲਬੀਰ ਸਿੰਘ ਸੀਨੀਅਰ, ਸੁਰਜੀਤ ਸਿੰਘ, ਧਨਰਾਜ ਪਿੱਲੇ, ਗਗਨ ਅਜੀਤ ਸਿੰਘ ਅਤੇ ਹੋਰਾਂ ਖਿਡਾਰੀਆਂ ਨੂੰ ਵੀ ਯਾਦ ਕੀਤਾ ਜਿਨ੍ਹਾਂ ਨੇ ਹਾਕੀ ਵਿੱਚ ਦੇਸ ਦਾ ਨਾਮ ਰੌਸਨ ਕੀਤਾ। ਉਨ੍ਹਾਂ ਨੇ ਗੁਰਜੰਟ, ਮਨਪ੍ਰੀਤ, ਅਕਾਸਦੀਪ ਅਤੇ ਹੋਰਨਾਂ ਨੂੰ ਅਜੋਕੇ ਸਮੇਂ ਦੇ ਚਮਕਦੇ ਸਿਤਾਰੇ ਦੱਸਦਿਆਂ ਆਸ ਪ੍ਰਗਟਾਈ ਕਿ ਦੇਸ ਇਨ੍ਹਾਂ ਮਹਾਨ ਖਿਡਾਰੀਆਂ ਦੇ ਸਹਾਰੇ ਇੱਕ ਵਾਰ ਫਿਰ ਤੋਂ ਵਿਸਵ ਪੱਧਰ ਉਤੇ ਸਫਲਤਾ ਦੀ ਇਬਾਰਤ ਲਿਖੇਗਾ। ਹਾਲੈਂਡ ਦੇ ਪ੍ਰਸਿੱਧ ਡਰੈਗ ਫਲਿੱਕਰ ਫਲੋਰਿਸ ਜਾਨ ਬੋਲਲੈਂਡਰ, ਟੈਨਿਸ ਖਿਡਾਰਨਾਂ ਮਾਰਟੀਨਾ ਨਵਰਾਤੀਲੋਵਾ ਅਤੇ ਬੋਰਿਸ ਬੇਕਰ ਨੂੰ ਯਾਦ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਖੇਡਾਂ ਦੇ ਨਿਯਮ ਬਹੁਤ ਬਦਲ ਰਹੇ ਹਨ, ਇਸ ਲਈ ਸਾਨੂੰ ਇਨ੍ਹਾਂ ਨਿਯਮਾਂ ਮੁਤਾਬਕ ਤੇਜੀ ਨਾਲ ਢਲਣਾ ਹੋਵੇਗਾ। ਮੁੱਖ ਮੰਤਰੀ ਨੇ ਖ਼ਾਸ ਤੌਰ ਉਤੇ ਕ੍ਰਿਕਟ ਖਿਡਾਰੀ ਹਰਲੀਨ ਦਿਓਲ ਦੇ ਇੰਗਲੈਂਡ ਖ਼ਿਲਾਫ਼ ਕੀਤੇ ਬੇਮਿਸਾਲ ਕੈਚ ਨੂੰ ਚੇਤੇ ਕੀਤਾ ਅਤੇ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੂੰ ਵਿਸ਼ੇਸ਼ ਤੌਰ ਉਤੇ ਮੁਬਾਰਕਬਾਦ ਦਿੱਤੀ।

## ਖ਼ਬਰ ਪੰਜਾਬ ਤੋਂ ਆਈ ਐ ਬਈ--

ਪੰਜਾਬ ਮੰਤਰੀ ਮੰਡਲ ਵੱਲੋਂ ਅਹਿਮ ਫ਼ੈਸਲੇ

# ਖੇਤੀਬਾੜੀ ਵਿਭਾਗ ਦੀਆਂ 359 ਅਤੇ ਸਿਵਲ ਜੱਜਾਂ ਦੀਆਂ 80 ਆਸਾਮੀਆਂ ਭਰਨ ਨੂੰ ਮਨਜ਼ੂਰੀ



ਚੰਡੀਗੜ੍ਹ(ਪੰਜਾਬੀ ਅਖਬਾਰ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਤਕਨੀਕੀ ਵਿੰਗ ਵਿੱਚ ਵੱਖ-ਵੱਖ ਕਾਡਰ ਦੀਆਂ 359 ਆਸਾਮੀਆਂ ਸਿੱਧੀ ਭਰਤੀ ਰਾਹੀਂ ਭਰਨ ਨੂੰ ਪ੍ਰਵਾਨਗੀ ਦੇ ਦਿੱਤੀ।

ਇਸ ਸਬੰਧੀ ਫੈਸਲਾ ਪੰਜਾਬ ਸਿਵਲ ਸਕੱਤਰੇਤ-1 ਵਿਖੇ ਮੁੱਖ ਮੰਤਰੀ ਦੀ ਅਗਵਾਈ ਹੇਠ ਹੋਈ ਮੰਤਰੀ ਸਮੂਹ ਦੀ ਮੀਟਿੰਗ ਵਿੱਚ ਲਿਆ ਗਿਆ।

ਵਧੇਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਵਿਭਾਗ ਵਿੱਚ ਅਧਿਕਾਰੀਆਂ/ਮੁਲਾਜ਼ਮਾਂ ਦੀ ਬੇਹੱਦ ਘਾਟ ਹੈ, ਜਿਸ ਕਾਰਨ ਕਾਰਜਪ੍ਰਣਾਲੀ ਉਤੇ ਮਾੜਾ ਅਸਰ ਪੈ ਰਿਹਾ ਸੀ। ਇਨ੍ਹਾਂ ਆਸਾਮੀਆਂ ਵਿੱਚ ਖੇਤੀਬਾੜੀ ਵਿਕਾਸ ਅਫ਼ਸਰ ਦੀਆਂ 200, ਖੇਤੀਬਾੜੀ ਸਬ ਇੰਸਪੈਕਟਰਾਂ ਦੀਆਂ 150 ਅਤੇ ਲੈਬਾਰਟਰੀ ਸਹਾਇਕਾਂ ਦੀਆਂ ਨੌਂ ਆਸਾਮੀਆਂ ਸ਼ਾਮਲ ਹਨ, ਜਿਹੜੀਆਂ ਆਸਾਮੀਆਂ ਦੇ ਕਿਸੇ ਵੀ ਤਰ੍ਹਾਂ ਦੇ ਪੁਨਰਗਠਨ ਤੋਂ ਬਿਨਾਂ ਭਰੀਆਂ ਜਾਣਗੀਆਂ। ਇਹ ਆਸਾਮੀਆਂ ਭਰਨ ਨਾਲ ਖੇਤੀਬਾੜੀ ਵਿਕਾਸ ਸਕੀਮਾਂ ਨੂੰ ਸੁਚਾਰੂ ਤਰੀਕੇ ਨਾਲ ਲਾਗੂ ਕਰਨ ਅਤੇ ਕਿਸਾਨਾਂ ਨੂੰ ਸਹੂਲਤਾਂ ਬਿਨਾਂ ਕਿਸੇ ਰੁਕਾਵਟ ਤੋਂ ਮੁਹੱਈਆ ਕਰਨ ਵਿੱਚ ਮਦਦ ਮਿਲੇਗੀ।

**ਸਿਵਲ ਜੱਜਾਂ ਦੀਆਂ 80 ਆਸਾਮੀਆਂ ਭਰਨ ਦੀ ਮਨਜ਼ੂਰੀ :** ਕੈਬਨਿਟ ਨੇ ਸਿਵਲ ਜੱਜ (ਜੂਨੀਅਰ ਡਿਵੀਜ਼ਨ) ਦੀਆਂ 80 ਆਸਾਮੀਆਂ ਨੂੰ ਪੰਜਾਬ ਸਿਵਲ ਸਰਵਿਸ ਕਮਿਸ਼ਨ, ਪਟਿਆਲਾ ਦੇ ਦਾਇਰੇ ਵਿੱਚੋਂ ਕੱਢ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਰਾਹੀਂ ਭਰਨ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਨਾਲ ਹੇਠਲੀਆਂ ਅਦਾਲਤਾਂ ਦੇ ਕੰਮਕਾਜ ਵਿੱਚ ਮੁਸਤੈਦੀ ਯਕੀਨੀ ਬਣਾਉਣ ਲਈ ਨਵੇਂ ਜੁਡੀਸ਼ੀਅਲ ਅਫ਼ਸਰਾਂ ਦੀ ਭਰਤੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਵਿੱਚ ਮਦਦ ਮਿਲੇਗੀ।

**497 ਵੈਟਰਨਰੀ ਫਾਰਮਾਸਿਸਟਾਂ ਅਤੇ 498 ਕਲਾਸ-4/ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਵਿੱਚ ਵਾਧੇ ਦਾ ਫੈਸਲਾ**

ਇਸ ਦੌਰਾਨ ਸੂਬੇ ਭਰ ਦੇ 582 ਵੈਟਰਨਰੀ ਹਸਪਤਾਲਾਂ ਦੀ ਕਾਰਜਕੁਸ਼ਲਤਾ ਵਧਾਉਣ ਲਈ ਪਹਿਲਾਂ ਹੀ ਠੇਕੇ ਦੇ ਆਧਾਰ ਉਤੇ ਕੰਮ ਕਰਦੇ 497 ਵੈਟਰਨਰੀ ਫਾਰਮਾਸਿਸਟਾਂ ਅਤੇ 498 ਕਲਾਸ-4/ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਨੂੰ ਪਹਿਲੀ ਅਪਰੈਲ 2022 ਤੋਂ 31 ਮਾਰਚ 2023 ਤੱਕ ਇਕ ਸਾਲ ਲਈ ਹੋਰ ਵਧਾਉਣ ਵਾਸਤੇ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ ਹੈ।

ਇਹ ਫੈਸਲਾ ਇਨ੍ਹਾਂ ਵੈਟਰਨਰੀ ਹਸਪਤਾਲਾਂ ਦੇ ਕੰਮਕਾਜ ਨੂੰ ਸੁਚਾਰੂ ਕਰਨਾ ਯਕੀਨੀ ਬਣਾਉਣ ਲਈ ਕੀਤਾ ਗਿਆ। ਇਸ ਤੋਂ ਇਲਾਵਾ ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀ ਸਿਹਤ ਸੰਭਾਲ ਲਈ ਬਿਹਤਰੀਨ ਸੇਵਾਵਾਂ ਮੁਹੱਈਆ ਹੋਣਗੀਆਂ।

ਸੂਬਾ ਸਰਕਾਰ ਨੇ 582 ਸਿਵਲ ਵੈਟਰਨਰੀ ਹਸਪਤਾਲਾਂ ਨੂੰ ਪਹਿਲਾਂ ਹੀ ਪੇਂਡੂ ਵੈਟਰਨਰੀ ਅਫ਼ਸਰਾਂ ਦੀਆਂ ਪ੍ਰਵਾਨਤ 582 ਆਸਾਮੀਆਂ ਸਮੇਤ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੋਂ ਪਸ਼ੂ ਪਾਲਣ ਵਿਭਾਗ ਨੂੰ ਵਾਪਸ ਤਬਦੀਲ ਕਰ ਦਿੱਤਾ ਹੈ।

ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਬਣੇਗਾ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦਾ ਸਬ ਡਿਵੀਜ਼ਨ ਦਫ਼ਤਰ

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੀ ਕਾਰਜਪ੍ਰਣਾਲੀ ਨੂੰ ਸੁਚਾਰੂ ਕਰਨ ਲਈ ਪੰਜਾਬ ਕੈਬਨਿਟ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਵਿਭਾਗ ਦੇ ਤਕਨੀਕੀ ਵਿੰਗ ਦਾ ਨਵਾਂ ਸਬ-ਡਿਵੀਜ਼ਨ ਦਫ਼ਤਰ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਸ ਲਈ ਇਕ ਸਬ-ਡਿਵੀਜ਼ਨਲ ਅਫ਼ਸਰ, ਦੋ ਜੂਨੀਅਰ ਇੰਜਨੀਅਰ, ਇਕ ਜੂਨੀਅਰ ਡਰਾਫਟਸਮੈਨ ਅਤੇ ਇਕ ਸੇਵਾਦਾਰ ਸਣੇ ਕੁੱਲ ਛੇ ਆਸਾਮੀਆਂ ਸਿਰਜੀਆਂ ਗਈਆਂ ਹਨ।

ਪੀ.ਐਸ.ਪੀ.ਸੀ.ਐਲ. ਦੀ ਰਿਵੈਂਮਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ ਪ੍ਰਵਾਨ

ਕੈਬਨਿਟ ਨੇ ਬਿਜਲੀ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰ ਕੇ ਖਪਤਕਾਰਾਂ ਨੂੰ ਸੁਚਾਰੂ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਪੀ.ਐਸ.ਪੀ.ਸੀ.ਐਲ. ਵੱਲੋਂ ਪ੍ਰਸਤਾਵਿਤ ਰਿਵੈਂਮਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ (ਆਰ.ਡੀ.ਐਸ.ਐਸ.) ਨੂੰ ਪ੍ਰਵਾਨ ਕਰ ਲਿਆ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਇਸ ਸਕੀਮ ਲਈ ਭਾਰਤ ਸਰਕਾਰ ਤੋਂ 97,631 ਕਰੋੜ ਰੁਪਏ ਦੀ ਅਨੁਮਾਨਿਤ ਕੁੱਲ ਬਜਟ ਸਹਾਇਤਾ ਪ੍ਰਾਪਤ ਹੋਵੇਗੀ ਅਤੇ ਇਸ ਉਤੇ ਕੁੱਲ 3,03,758 ਕਰੋੜ ਰੁਪਏ ਖਰਚ ਹੋਣਗੇ।

**ਸਾਲ 2022 ਲਈ ਨਵੀਂ 'ਪੰਜਾਬ ਅਨਾਜ ਲੇਬਰ ਨੀਤੀ' ਅਤੇ ਸੋਧੀ ਹੋਈ 'ਪੰਜਾਬ ਅਨਾਜ ਟਰਾਂਸਪੋਰਟ ਨੀਤੀ' ਨੂੰ ਪ੍ਰਵਾਨਗੀ :** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਮੰਤਰੀ ਮੰਡਲ ਨੇ ਅੱਜ ਸਾਲ 2022 ਲਈ ਨਵੀਂ 'ਪੰਜਾਬ ਅਨਾਜ ਲੇਬਰ ਨੀਤੀ' ਅਤੇ ਸੋਧੀ ਹੋਈ 'ਪੰਜਾਬ ਅਨਾਜ ਟਰਾਂਸਪੋਰਟ ਨੀਤੀ' ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਦਾ ਉਦੇਸ਼ ਪਾਰਦਰਸਤਾ ਨੂੰ ਹੋਰ ਯਕੀਨੀ ਬਣਾਉਣ ਲਈ ਵਿਆਪਕ ਭਾਈਵਾਲੀ ਵਧਾਉਣ ਨਾਲ-ਨਾਲ ਬੇਲੋੜੀ ਮੁਕੱਦਮੇਬਾਜੀ ਨੂੰ ਘਟਾਉਣਾ ਹੈ।

ਇਹ ਫੈਸਲਾ ਪੰਜਾਬ ਸਿਵਲ ਸਕੱਤਰੇਤ ਵਿਖੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਇਨ੍ਹਾਂ ਵੇਰਵਿਆਂ ਨੂੰ ਸਾਂਝਾ ਕਰਦੇ ਹੋਏ ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਸੋਧੀ ਹੋਈ ਟਰਾਂਸਪੋਰਟ ਨੀਤੀ ਹੁਣ ਝੋਨੇ ਦੀ ਖਰੀਦ ਅਤੇ ਮਿਲਿੰਗ ਲਈ ਕਸਟਮ ਮਿਲਿੰਗ ਨੀਤੀ ਨਾਲ ਮੇਲ ਖਾਂਦੀ ਹੈ ਅਤੇ ਮਿਲਿੰਗ ਨੀਤੀ ਨੂੰ ਮੰਤਰੀ ਮੰਡਲ ਵੱਲੋਂ ਕੁਝ ਦਿਨ ਪਹਿਲਾਂ ਪ੍ਰਵਾਨਗੀ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਸੋਧੀ ਹੋਈ ਟਰਾਂਸਪੋਰਟ ਨੀਤੀ ਵਿਚ ਸਰਕਾਰ ਦੁਆਰਾ ਖਰੀਦੇ ਗਏ ਅਨਾਜ ਦੀ ਢੋਆ-ਢੁਆਈ ਲਈ ਵਰਤੇ ਜਾਣ ਵਾਲੇ ਹਰੇਕ ਵਾਹਨ ਵਿੱਚ ਵਾਹਨ ਟਰੈਕਿੰਗ ਸਿਸਟਮ ਲਾਉਣ ਦੀ ਵਿਵਸਥਾ ਲਾਜ਼ਮੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦੇ ਵਿਭਾਗ ਨੇ ਵਾਹਨ ਟਰੈਕਿੰਗ ਪ੍ਰਣਾਲੀ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਨੂੰ ਸੂਚੀਬੱਧ ਕਰਨ ਦੀ ਪ੍ਰਕਿਰਿਆ ਪਹਿਲਾਂ ਹੀ ਸੁਰੂ ਕਰ ਦਿੱਤੀ ਹੈ ਅਤੇ ਮੌਜੂਦਾ ਅਨਾਜ ਖਰੀਦ ਪੋਰਟਲ ਨੂੰ ਇਨ੍ਹਾਂ ਪ੍ਰਣਾਲੀਆਂ ਦੇ ਅਨੁਕੂਲ ਬਣਾਉਣਾ ਹੈ।ਲੇਬਰ ਨੀਤੀ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦੇ ਹੋਏ ਬੁਲਾਰੇ ਨੇ ਦੱਸਿਆ ਕਿ ਨੀਤੀ ਦਾ ਉਦੇਸ ਮੌਜੂਦਾ ਲੇਬਰ ਅਤੇ ਕਾਰਟੇਜ ਨੀਤੀ ਨੂੰ ਖਤਮ ਕਰਕੇ ਲੇਬਰ ਐਸੋਸੀਏਸਨਾਂ ਦੀ ਵਿਆਪਕ ਭਾਈਵਾਲੀ ਨੂੰ ਯਕੀਨੀ ਬਣਾਉਣਾ ਹੈ। ਪਿਛਲੇ ਕਈ ਦਹਾਕਿਆਂ ਤੋਂ ਅਮਲ ਅਧੀਨ ਮੌਜੂਦਾ ਲੇਬਰ ਅਤੇ ਕਾਰਟੇਜ ਨੀਤੀ ਨੂੰ ਬਹੁਤ ਸਾਰੇ ਲੋਕਾਂ ਦੁਆਰਾ ਠੇਕੇਦਾਰਾਂ ਦੇ ਪੱਖ ਵਿੱਚ ਸਮਝਿਆ ਜਾਂਦਾ ਸੀ, ਕਿਉਂਕਿ ਇਸ ਵਿੱਚ ਇੱਕੋ ਵਿਅਕਤੀ ਦੁਆਰਾ ਲੇਬਰ ਅਤੇ ਆਵਾਜਾਈ ਦੀਆਂ ਸੇਵਾਵਾਂ ਪ੍ਰਦਾਨ ਕੀਤੇ ਜਾਣਾ ਸਾਮਲ ਸੀ। ਉਨ੍ਹਾਂ ਦੱਸਿਆ ਕਿ ਅੱਜ ਕੈਬਨਿਟ ਵੱਲੋਂ ਪ੍ਰਵਾਨ ਕੀਤੀ ਗਈ ਨੀਤੀ ਨਾਲ ਲੇਬਰ ਅਤੇ ਆਵਾਜਾਈ ਦੀਆਂ ਸੇਵਾਵਾਂ ਨੂੰ ਪੂਰੀ ਤਰ੍ਹਾਂ ਨਾਲ ਵੱਖ ਕਰ ਦਿੱਤਾ ਗਿਆ ਹੈ, ਜਿਸ ਨਾਲ ਲੇਬਰ ਐਸੋਸੀਏਸਨਾਂ ਨੂੰ ਟੈਂਡਰ ਪ੍ਰਕਿਰਿਆ ਵਿੱਚ ਸਿੱਧੇ ਤੌਰ 'ਤੇ ਹਿੱਸਾ ਲੈਣ ਦੇ ਵੱਧ ਮੌਕੇ ਪ੍ਰਦਾਨ ਕੀਤੇ ਗਏ ਹਨ, ਜਿਸ ਨਾਲ ਠੇਕੇਦਾਰ ਦੇ ਮੁਨਾਫੇ ਨੂੰ ਹਟਾ ਕੇ ਸਿੱਧੇ ਤੌਰ 'ਤੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ।

# ਵਿਵਾਦਾਂ 'ਚ ਘਿਰੇ 'ਆਪ' ਦੇ ਸਾਬਕਾ ਵਿਧਾਇਕ ਸੰਦੋਆ, ਇਨੋਵਾ ਨੂੰ ਲੈ ਕੇ ਵਿਜੀਲੈਂਸ ਦੀ ਰਾਡਾਰ 'ਤੇ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਜ਼ਮੀਨ ਘਪਲੇ 'ਚ ਫਸ ਗਏ ਹਨ। ਰੋਪੜ ਦੇ ਪਿੰਡ ਕਰੂਰਾਂ 'ਚ ਹੋਏ ਘਪਲੇ ਦੇ ਪੈਸਿਆਂ ਨਾਲ ਉਨ੍ਹਾਂ ਦੀ ਇਨੋਵਾ ਗੱਡੀ ਖ਼ਰੀਦੀ ਗਈ ਸੀ। ਵਿਜੀਲੈਂਸ ਜਾਂਚ 'ਚ ਇਸ ਦਾ ਖ਼ੁਲਾਸਾ ਹੋਣ ਤੋਂ ਬਾਅਦ ਐੱਸ.ਡੀ.ਐੱਮ. ਨੇ ਇਨੋਵਾ ਦੀ ਰਜਿਸਟਰੇਸ਼ਨ ਜ਼ਬਤ ਕਰ ਲਈ ਹੈ। ਹਾਲਾਂਕਿ ਸਾਬਕਾ ਵਿਧਾਇਕ ਨੇ ਇਸ ਨੂੰ ਸਿਆਸੀ ਰੰਜਿਸ਼ ਕਰਾਰ ਦਿੱਤਾ ਹੈ। ਉਥੇ ਹੀ ਕਾਂਗਰਸ ਨੇ 'ਆਪ' ਨੂੰ ਘੇਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਾਬਕਾ ਵਿਧਾਇਕ ਸੰਦੋਆ 'ਤੇ ਕਾਰਵਾਈ ਦੀ ਮੰਗ ਕੀਤੀ ਹੈ। **2 ਮਹੀਨੇ ਪਹਿਲਾਂ ਹੀ ਹੋਇਆ ਸੀ ਘਪਲੇ ਦਾ ਖ਼ੁਲਾਸਾ:** ਵਿਜੀਲੈਂਸ ਨੇ 2 ਮਹੀਨੇ ਪਹਿਲਾਂ ਰੋਪੜ 'ਚ ਜੰਗਲਾਤ ਮਹਿਕਮੇ ਦੀ ਜ਼ਮੀਨ ਕਲੈਕਟਰ ਰੇਟ ਤੋਂ 10 ਗੁਣਾ ਜ਼ਿਆਦਾ ਰੇਟ 'ਤੇ ਵੇਚਣ ਦਾ ਘਪਲਾ ਬੇਨਕਾਬ ਕੀਤਾ ਸੀ। ਇਸ ਦੀ ਜਾਂਚ 'ਚ ਪਤਾ ਲੱਗਾ ਸੀ ਕਿ ਸਾਬਕਾ ਵਿਧਾਇਕ ਪਿਛਲੇ ਇਕ ਸਾਲ ਤੋਂ ਜਿਸ ਇਨੋਵਾ ਕ੍ਰਿਸਟਾ ਗੱਡੀ ਦੀ ਵਰਤੋਂ ਕਰ ਰਹੇ ਹਨ, ਉਹ ਘਪਲੇ ਦੇ ਪੈਸੇ ਨਾਲ ਖ਼ਰੀਦੀ ਗਈ ਹੈ। ਇਹ ਕਾਰ ਸੰਦੋਆ ਦੇ ਰਿਸ਼ਤੇਦਾਰ ਨੇ ਖ਼ਰੀਦੀ ਸੀ। ਘਪਲੇ ਦੇ ਮੁਲਜ਼ਮ ਦੇ ਖ਼ਾਤੇ 'ਚੋਂ ਇਹ ਰਕਮ ਸਿੱਧੀ ਡੀਲਰ ਦੇ ਖ਼ਾਤੇ 'ਚ ਟਰਾਂਸਫਰ ਹੋਈ, ਜਿਸ ਤੋਂ ਬਾਅਦ ਇਹ ਕਾਰ ਖ਼ਰੀਦੀ ਗਈ।



**ਵਿਜੀਲੈਂਸ ਨੇ ਇੰਝ ਫੜੀ ਮਨੀ ਟ੍ਰੇਲ:** ਵਿਜੀਲੈਂਸ ਨੇ ਬੈਂਕ ਖ਼ਾਤਿਆਂ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਇਸ ਘਪਲੇ 'ਚ ਨਾਮਜ਼ਦ ਭਿੰਡਰ ਬ੍ਰਦਰਜ਼ ਨੇ ਜਲੰਧਰ ਦੀ ਇਕ ਔਰਤ ਦੇ ਖ਼ਾਤੇ 'ਚ 2 ਕਰੋੜ ਰੁਪਏ ਜਮ੍ਹਾ ਕਰਵਾਏ। ਔਰਤ ਨੇ ਇਸ 'ਚੋਂ ਕੁਝ ਰਕਮ ਆਪਣੇ ਪਤੀ ਬਰਿੰਦਰ ਕੁਮਾਰ ਦੇ ਖ਼ਾਤੇ 'ਚ ਪਾ ਦਿੱਤੀ। ਬਰਿੰਦਰ ਨੇ 16 ਅਕਤੂਬਰ 2020 ਨੂੰ ਇਕ ਕਾਰ ਡੀਲਰ ਦੇ ਖ਼ਾਤੇ 'ਚ 19 ਲੱਖ ਰੁਪਏ ਟਰਾਂਸਫਰ ਕੀਤੇ, ਜਿਸ ਦੇ ਬਾਅਦ ਇਨੋਵਾ ਕ੍ਰਿਸਟਾ ਗੱਡੀ ਖ਼ਰੀਦੀ ਗਈ। ਕਾਰ ਦੀ ਰਜਿਸਟਰੇਸ਼ਨ ਪਿੰਡ ਘੜੀਸਪੁਰ ਦੇ ਮੋਹਨ ਸਿੰਘ ਦੇ ਨਾਂ 'ਤੇ ਹੋਈ। ਮੋਹਨ ਸਿੰਘ ਸਾਬਕਾ 'ਆਪ' ਵਿਧਾਇਕ ਸੰਦੋਆ ਦੇ ਸਹੁਰਾ ਹਨ।

**ਸੰਦੋਆ ਬੋਲੇ- ਵਿਰੋਧੀਆਂ ਦੀ ਸਾਜਿਸ਼:** ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਕਿਹਾ ਕਿ ਇਹ ਸਭ ਵਿਰੋਧੀਆਂ ਦੀ ਸਾਜਿਸ਼ ਹੈ। ਉਹ ਬੇਕਸੂਰ ਹਨ। ਮੁੱਖ ਮੰਤਰੀ ਭਗਵੰਤ ਮਾਨ ਨੂੰ ਉਨ੍ਹਾਂ ਨੇ ਇਸ ਬਾਰੇ ਦੱਸ ਦਿੱਤਾ ਹੈ। ਇਨੋਵਾ ਗੱਡੀ ਉਨ੍ਹਾਂ ਦੇ ਸਹੁਰੇ ਨੇ ਇਸਤੇਮਾਲ ਕਰਨ ਲਈ ਦਿੱਤੀ ਸੀ। ਉਨ੍ਹਾਂ ਨੇ ਕਦੇ ਵੀ ਸਹੁਰੇ ਦੀ ਆਮਦਨ ਦੇ ਸਰੋਤ ਬਾਰੇ ਨਹੀਂ ਪੁੱਛਿਆ। ਉਨ੍ਹਾਂ ਦੇ ਸਹੁਰੇ ਪਰਿਵਾਰ ਨੇ ਪਹਿਲਾਂ ਵੀ ਕਾਰੋਬਾਰ ਸਥਾਪਤ ਕਰਨ 'ਚ ਉਨ੍ਹਾਂ ਦੀ ਮਦਦ ਕੀਤੀ ਹੈ। **ਸੁਖਪਾਲ ਖਹਿਰਾ ਬੋਲੇ-ਵੇਖਦੇ ਹਾਂ ਮੁੱਖ ਮੰਤਰੀ ਕੀ ਲੈਣਗੇ ਐਕਸ਼ਨ:** ਕਾਂਗਰਸ ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਹੈ ਕਿ ਹੁਣ ਇਹ ਵੇਖਦੇ ਹਾਂ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਪਾਰਟੀ ਦੇ ਸਾਬਕਾ ਵਿਧਾਇਕ ਵਿਰੁੱਧ ਕੀ ਕਾਰਵਾਈ ਕਰਦੇ ਹਨ ? ਅਮਰਜੀਤ ਸਿੰਘ ਸੰਦੋਆ ਨੇ ਫਾਰੈਸਟ ਸਕੈਮ ਦੇ ਦਾਗੀ ਅਫ਼ਸਰ ਵੱਲੋਂ ਦਿੱਤੇ ਗਏ ਪੈਸਿਆਂ ਨਾਲ ਕਾਰ ਖ਼ਰੀਦੀ। ਕਾਰਵਾਈ ਨਹੀਂ ਤਾਂ ਫਿਰ ਮੁੱਖ ਮੰਤਰੀ ਮਾਨ ਸਿਰਫ਼ ਆਪਣੇ ਸਿਆਸੀ ਵਿਰੋਧੀਆਂ ਨੂੰ ਹੀ ਨਿਸ਼ਾਨਾ ਬਣਾ ਰਹੇ ਹਨ।

ਉਥੇ ਹੀ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਕਹਿਣਾ ਹੈ ਕਿ ਸਰਕਾਰ ਦਾ ਭ੍ਰਿਸ਼ਟਾਚਾਰ 'ਤੇ ਜ਼ੀਰੋ ਟਾਲਰੈਂਸ ਹੈ। ਉਹ ਭਾਵੇਂ ਕੋਈ ਆਪਣਾ ਹੋਵੇ ਭਾਵੇਂ ਦੂਜਾ, ਕਿਸ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਸੰਦੋਆ ਆਪਣਾ ਪੱਖ ਰੱਖ ਸਕਦੇ ਹਨ। ਜੇਕਰ ਇਹ ਸਹੀ ਹੈ ਤਾਂ ਅਮਰਜੀਤ ਸੰਦੋਆ 'ਤੇ ਇਹ ਕਾਂਗਰਸ ਦਾ ਅਸਰ ਹੋਵੇਗਾ ਕਿਉਂਕਿ ਉਹ ਉਦੋਂ ਕਾਂਗਰਸ 'ਚ ਚਲੇ ਗਏ ਸਨ। ਇਹ ਕਾਂਗਰਸ ਕਲਚਰ ਦੀ ਦੇਣ ਹੈ।

# ਵਿੱਤ ਵਿਭਾਗ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਲਈ 25 ਕਰੋੜ ਰੁਪਏ ਦੇ ਬਜਟ ਨੂੰ ਪ੍ਰਵਾਨਗੀ : ਚੀਮਾ

ਚੰਡੀਗੜ੍ਹ(ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਵਿੱਤ ਵਿਭਾਗ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਖੇਡ ਵਿਭਾਗ ਵੱਲੋਂ ਦੋ ਮਹੀਨੇ ਤੱਕ ਚੱਲਣ ਵਾਲੇ ਖੇਡਾਂ ਦੇ ਮਹਾਂਕੁੰਭ 'ਖੇਡਾਂ ਵਤਨ ਪੰਜਾਬ ਦੀਆਂ' ਲਈ 25 ਕਰੋੜ ਰੁਪਏ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਸ. ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਵਿੱਤ ਵਿਭਾਗ ਨੇ ਪ੍ਰਵਾਨਤ ਬਜਟੀ ਵਿੱਚੋਂ ਉਪਬੰਧਾਂ ਵਿੱਚੋਂ 19.43 ਕਰੋੜ ਰੁਪਏ ਵੱਖ-ਵੱਖ ਹੈੱਡਾਂ ਜਿੰਨ੍ਹਾਂ ਵਿੱਚ ਗ੍ਰਾਂਟ-ਇਨ-ਏਡ ਵਜੋਂ 9.43 ਕਰੋੜ ਰੁਪਏ, ਰਿਵਾਰਡਜ ਲਈ 6 ਕਰੋੜ ਅਤੇ ਹੋਰ ਖਰਚੇ (ਵੋਟਿਡ) ਲਈ 4 ਕਰੋੜ ਰੁਪਏ ਸ਼ਾਮਿਲ ਹਨ, ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸ. ਚੀਮਾ ਨੇ ਕਿਹਾ ਕਿ ਇਸ ਤੋਂ ਇਲਾਵਾ ਵਿੱਤ ਵਿਭਾਗ ਨੇ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਨੂੰ ਵਾਧੂ ਬਜਟ ਉਪਬੰਧ ਵਜੋਂ 5.57 ਕਰੋੜ ਰੁਪਏ ਜਾਰੀ ਕਰਨ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਸ. ਚੀਮਾ ਨੇ ਕਿਹਾ ਕਿ ਇਸ ਰਾਜ ਪੱਧਰੀ ਖੇਡ ਮੇਲੇ ਦੀ ਸਾਨਦਾਰ ਸਫਲਤਾ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਾਰੇ ਮੰਤਰਾਲੇ, ਵਿਭਾਗ ਅਤੇ ਜ਼ਿਲ੍ਹਾ ਪ੍ਰਸਾਸਨ ਮਿਲ ਕੇ ਕੰਮ ਕਰ ਰਹੇ ਹਨ ਅਤੇ ਇਹ ਖੇਡ ਮੇਲਾ ਖੇਡਾਂ ਦੇ ਖੇਤਰ ਵਿੱਚ ਸੂਬੇ ਦੀ ਪੁਰਾਣੀ ਸਾਨ ਨੂੰ ਬਹਾਲ ਕਰਨ ਅਤੇ 'ਰੰਗਲਾ ਪੰਜਾਬ' ਬਣਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਕਦਮ ਸਾਬਿਤ ਹੋਵੇਗਾ। ਪੰਜਾਬ ਦੇ ਮੁੱਖ ਮੰਤਰੀ ਵੱਲੋਂ 29 ਅਗਸਤ ਨੂੰ ਮੇਜਰ ਧਿਆਨ ਚੰਦ ਦੇ ਜਨਮ ਦਿਨ (ਕੌਮੀ ਖੇਡ ਦਿਵਸ) ਮੌਕੇ ਜਲੰਧਰ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ ਕੀਤੀ ਜਾਵੇਗੀ।


Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।



ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
83 Martindale Blvd NE Calgary, AB T3J 3M7
P: 403-453-9000 / C:403-477-5142



CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ



Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.




ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਪੋਪ ਦਾ ਕੈਨੇਡਾ ਦੌਰਾ ! ਕੀ ਪੋਪ-ਮਤ ਮੁੜ-ਸੁਰਜੀਤ ਹੋ ਸਕੇਗਾ ?



ਜਗਦੀਸ਼ ਸਿੰਘ ਚੋਹਕਾ

ਕੈਨੇਡਾ (ਉਤਰੀ ਅਮਰੀਕਾ) ਦੇ ਮੂਲਵਾਸੀ (ਫਸਟ-ਨੇਸ਼ਨ) 1000 ਬੀ.ਸੀ. ਤੋਂ 500 ਬੀ.ਸੀ ਦੇ ਵਿਚਕਾਰ ਇਸ ਧਰਤੀ 'ਤੇ ਵਿਸਥਾਪਿਤ ਹੋਏ ਜਿਹੜੇ ਵੱਖ-ਵੱਖ ਸਮਾਜ (ਜਾਤੀਆਂ) ਅਤੇ ਜਿਹਨਾਂ ਦਾ ਆਪਣਾ ਸੱਭਿਆਚਾਰ, ਰੀਤੀ-ਰਿਵਾਜ ਅਤੇ ਆਚਰਣ ਸੀ। ਉਤਰ-ਪੱਛਮ 'ਚ "ਅਥਾਪਾਸਕਾਨ" ਬੋਲਣ ਵਾਲੇ ਜੋ ਸਲੇਵੀ, ਤਲੀਕੋ, ਟੁਟਕੋਣ ਅਤੇ ਟਲਿੰਗਟ ਭਸ਼ਾਈ ਵੱਖੋ ਵੱਖ ਕਬੀਲੇ ਸਨ। ਫਸਟ-ਨੇਸ਼ਨ ਦੇ ਲੋਕ ਰਸਮੀ ਤੌਰ 'ਤੇ ਟਰੀ-ਲਾਈਨ ਅਤੇ ਖਾਸ ਕਰਕੇ ਆਰਕਟਿਕ ਖੇਤਰ ਰਹਿ ਰਹੇ ਸਨ। ਇਸ ਵੇਲੇ ਫਸਟ-ਨੇਸ਼ਨ ਦੇ ਮਾਨਤਾ ਪ੍ਰਾਪਤ "634-ਸਰਕਾਰਾਂ" ਜਾਂ "ਬੈਂਡਸ"-ਕੈਨੇਡਾ ਵਿੱਚ ਪਾਏ ਜਾਂਦੇ ਹਨ। ਇਨ੍ਹਾਂ ਬੈਂਡਸ ਦੀਆਂ ਸਰਕਾਰਾਂ ਦੀ ਫਸਟ ਨੇਸ਼ਨਜ ਦੀਆਂ ਆਪਣੀ ਅਸੰਬਲੀ ਹੁੰਦੀ ਹੈ, ਜਿਸ ਦਾ ਇਕ ਮੁੱਖੀ (ਚੀਫਜ਼) ਹੁੰਦਾ ਹੈ। ਫਸਟ ਨੇਸ਼ਨਜ਼ ਦੀ ਅਸੰਬਲੀ ਦਾ ਮਾਡਲ ਜੋ 1982 'ਚ ਸੰਯੁਕਤ-ਰਾਸ਼ਟਰ ਜਨਰਲ ਅਸੰਬਲੀ ਵਾਂਗ ਹੀ ਕੌਮੀ ਇੰਡੀਅਨ-ਬਰੋਥਰਹੁਡ ਅਨੁਸਾਰ ਹੈ। ਮੂਲ ਵਾਸੀ ਲੋਕਾਂ (ਫਸਟ-ਨੇਸ਼ਨਜ਼) ਦੀਆਂ ਆਪਣੀਆਂ ਕਲਾ-ਕਲਾਵਾਂ ਹਨ ਜੋ ਉਤਰੀ-ਅਮਰੀਕਾ ਅੰਦਰ ਪੱਛਮੀ ਸਾਮਰਾਜੀ ਬਸਤੀਵਾਦੀਆਂ ਦੇ ਇੱਥੇ ਆਉਣ ਤੋਂ ਹਜ਼ਾਰਾਂ ਸਾਲ ਪਹਿਲਾ ਸਥਾਨਕ ਵਿਕਸਤ ਸਨ। ਫਸਟ ਨੇਸ਼ਨ ਅਸੰਬਲੀ ਆਪਣੇ ਭਾਈਚਾਰੇ ਦੇ ਲੋਕਾਂ ਦੇ ਹੱਕਾਂ, ਹੋਏ ਸਮਝੌਤਿਆਂ, ਰਸਮਾਂ ਅਤੇ ਆਪਣੇ ਨਾਗਰਿਕਾਂ ਦੀ ਕੈਨੇਡਾ ਅੰਦਰ ਰਾਖੀ ਕਰਨ ਲਈ ਬਚਨ-ਬੱਧ ਹੈ (ਵਿਕੀ ਪੇਡੀਆ)।

ਕੈਨੇਡਾ ਦੇ ਮੂਲ ਵਾਸੀਆਂ (ਫਸਟ ਨੇਸ਼ਨਜ਼) ਸਬੰਧ ਪਹਿਲੀ ਇਤਿਹਾਸਕ ਜਾਣਕਾਰੀ 1793 ਨੂੰ "ਨੁਕਸਾਲਕ ਅਤੇ ਕੈਰੀਅਰ ਗਾਈਡਸ-ਅਲੈਕਜੈਂਡਰ" ਰਾਹੀ ਮਿਲਦੀ ਹੈ। ਫਸਟ-ਨੇਸ਼ਨਜ਼ ਜਾਂ ਮੂਲਵਾਸੀ ਲੋਕ ਜਿਹੜੇ ਕੈਨੇਡਾ ਦੇ ਅਸਲੀ ਵਸਨੀਕ ਹਨ ਜਿਨ੍ਹਾਂ ਨੂੰ ਨੈਟਿਵ (ਦੇਸੀ), ਜਿਹੜੇ ਨਾ ਇਨੂਇਟ ਅਤੇ ਨਾ ਮੇਟੀਜ਼ਹਨ ਜਾਣਿਆ ਜਾਂਦਾ ਹੈ ਜੋ ਪਹਿਲੇ ਕਬੀਲੇ ਸਨ। ਸਾਲ 1980 ਨੂੰ 'ਇੰਡੀਅਨ-ਬੈਂਡ' ਦੇ ਨਾਂ ਦੀ ਥਾਂ ਫਸਟ-ਨੇਸ਼ਨਜ਼,ਇਨੂਇਟ ਅਤੇ ਮੇਟੀਜ਼ ਲੋਕਾਂ ਨੂੰ "ਇੰਡੀਜੀਨਸ-ਲੋਕ" ਜੋ ਕੈਨੇਡਾ ਵਾਸੀ ਸਨ ਨੂੰ ਫਸਟ ਨੇਸ਼ਨਜ਼ ਦੇ ਨਾਂ ਹੇਠ ਤਸਲੀਮ ਕੀਤਾ ਗਿਆ। 1999 ਨੂੰ ਪੁਰਾਤਤਵ-ਵਿਭਾਗ ਵਲੋਂ ਕੈਨੇਡੀਅਨ ਆਈਸ-ਮੈਨ ਦੀ ਮਿਲੀ ਲਾਸ਼ ਰੇਡੀਓਕਾਰਬਨ ਉਮਰ ਅਨੁਸਾਰ "ਆਇਸ਼ੀਹਿਕ ਫਸਟ-ਨੇਸ਼ਨ ਮਨੁੱਖ" ਜੋ 1450 ਏ.ਡੀ. ਤੋਂ 1700-ਏ.ਡੀ. ਦੇ ਵਿਚਕਾਰ ਸੀ ਪਾਇਆ ਗਿਆ ਸੀ। ਕੈਨੇਡਾ ਅੰਦਰ ਸਾਮਰਾਜੀ ਬਸਤੀਵਾਦੀ ਯੂਰਪੀ ਲੋਕਾਂ ਦੇ ਪ੍ਰਵਾਸ ਤੋਂ ਪਹਿਲਾ 1500-ਵੀਂ ਸਦੀ ਤਕ ਇੱਥੋਂ ਦੇ ਲੋਕਾ ਦੀ ਆਬਾਦੀ 2-ਲੱਖ ਤੋਂ 20 ਲੱਖ ਦੇ ਵਿਚਕਾਰ ਸੀ। ਪੱਛਮੀ ਧਾੜਵੀ ਜਿਹੜੇ ਇੱਥੇ ਆਏ ਉਹਨਾਂ ਨਾਲ ਆਈਆਂ ਛੂਤ-ਦੀਆਂ ਬਿਮਾਰੀਆਂ-ਫਿਲੂ, ਮੀਜਲਸ, ਮਾਤਾ ਆਦਿ ਕਾਰਨ ਇਥੋਂ ਦੀ ਆਬਾਦੀ ਦਾ 40-80ਫੀ ਸਦ ਇਨਾ ਹੋਈਆਂ ਮੌਤਾਂ ਕਾਰਨ ਘੱਟ ਗਿਆ ਸੀ।

ਸਾਲ-1493 ਈ. ਨੂੰ ਪੋਪ ਅਲੈਜੈਂਡਰ-ਛੇਵਾਂ ਨੇ ਅਮਰੀਕਾ ਅੰਦਰ ਪੁਰਤਗੇਜ਼ੀਆ ਅਤੇ ਸਪੇਨੀਆ ਵਲੋਂ ਹਥਿਆਏ ਇਲਾਕਿਆਂ ਦੀ ਕੌਮਾਂਤਰੀ ਹੱਦ-ਬੰਦੀ ਮੰਨ ਲਈ ਸੀ। ਕਬਜ਼ਿਆਂ ਦਾ ਮੁੱਖ ਮੰਤਵ ਫਰ ਦਾ ਵਪਾਰ ਤੇ ਇਸ ਦੇ ਇਵਜ਼ ਵੱਜੋ ਮੂਲ ਵਾਸੀਆਂ ਨੂੰ ਗ੍ਰੇਨ, ਖੁਰਾਕੀ ਵਸਤਾਂ ਤੇ ਤੋਹਫੇ ਦੇ ਕੇ ਆਪਣੀ ਸਲਤਨਤ ਨੂੰ ਵਧਾਉਣਾਂ ਤੇ ਮਜ਼ਬੂਤ ਕਰਨਾ ਸੀ। ਦੁਨੀਆ ਅੰਦਰ ਵਿਕਸਤ ਸੱਭਿਅਤਾ ਨੇ ਜਿਥੇ ਵੀ ਘੱਟ ਵਿਕਸਤ ਇਲਾਕਿਆ ਵੱਲ ਕੂਚ ਕੀਤਾ ਅਤੇ ਉਥੇ ਪੈਰ ਜਮਾਏ ਹਨ। ਮਨੁੱਖੀ ਸੋਚ ਜਦੋਂ ਤਕ ਉਥੇ ਪੂਰੀ ਤਰ੍ਹਾਂ ਵਿਕਸਤ ਨਹੀਂ ਹੋ ਜਾਂਦੀ, ਆਮ ਤੌਰ 'ਤੇ ਸਰਬ-ਸ਼ਕਤੀ ਮਾਨਤਾ ਬਾਰੇ ਵਰਤਾਰੇ 'ਤੇ ਲੋਕ ਵਿਸ਼ਵਾਸ਼ ਕਰਦੇ ਹਨ। ਉਹ ਇਹ ਮੰਨਦੇ ਹਨ ਕਿ ਧਰਤੀ ਉਤੇ ਹਰ ਵਸਤੂ ਕੁਦਰਤੀ ਅਮਲ ਨਾਲ ਪੈਦਾ ਹੁੰਦੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਮਜ਼ਹਬ ਵੀ ਹੋਂਦ ਵਿੱਚ ਨਹੀਂ ਹੈ। ਹੋਰ ਵਿਚਾਰਾ ਵਾਂਗ ਜਾਂ ਜਜ਼ਬੇ ਵਾਂਗਪਰ ਧਾਰਮਿਕ ਵਿਸ਼ਵਾਸ਼ ਤੇ ਵੀ ਪਾਬੰਦੀ ਨਹੀਂ ਲਾਈ ਜਾ ਸਕਦੀ ਹੈ। ਧਾਰਮਿਕ ਵਿਸ਼ਵਾਸ, ਜ਼ਜਬਾ ਅਤੇ ਪੂਜਾ ਮਜ਼ਹਬ ਦੇ ਤਿੰਨ ਹਿੱਸੇ ਹਨ। ਇਹ ਇਕ ਰਸਤਾ ਸੀ, ਜਿਸ ਰਾਹੀਂ ਪੱਛਮ ਦੇ ਚਰਚ ਨੇ ਪੱਛੜੇ, ਲਤਾੜੇ ਤੇ ਘੱਟ-ਵਿਕਸਤ ਧਰਤੀਆਂ ਅੰਦਰ ਜਾ ਕੇ ਪੂਜਾ ਕਰਨ ਦੇ ਬਹਾਨੇ, ਲੋਕਾਂ ਨੂੰ ਵਿਸ਼ਵਾਸ ਕਰਨ ਲਈ ਚਰਚ ਦੀ ਰਾਖੀ ਵੱਜੋ ਵੱਡੇ[ਵੱਡੇ ਸ਼ਕਤੀਸ਼ਾਲੀ ਬਸਤੀਵਾਦੀ ਸਾਮਰਾਜਾਂ ਨੂੰ ਜਨਮ ਦਿੱਤਾ ਸੀ।

ਪੋਪ ਅਲੈਕਜੈਂਡਰ 6-ਵੇਂ ਨੇ 1493 ਈ: ਨੂੰ ਪੋਪ ਦੀ ਪੱਦਵੀ (ਪਪਲ-ਬੁਲ) ਦੀ ਵਰਤੋਂ ਕਰਕੇ ਇਕ ਡਿਗਰੀ ਜਾਰੀ ਕੀਤੀ ਕਿ ਸਪੇਨ ਅਤੇ ਪੁਰਤਗਾਲ ਦੇ ਅਧੀਨ ਅਮਰੀਕੀ ਧਰਤੀ ਅੰਦਰ ਵਸਦੇ ਮੂਲਵਾਦੀ ਲੋਕਾਂ, ਜਲ ਤੇ ਜੰਗਲ ਨੂੰ ਆਪਣੇ ਅਧਿਕਾਰ ਹੇਠ ਲੈ ਲੈਣਾ। ਇਹ ਵੀ ਫਰਮਾਨ ਸੀਜਰ ਜਾਰੀ ਕਰਕੇ ਮੰਗ ਕੀਤੀ ਕਿ ਬਸਤੀਵਾਦ ਅੰਦਰ ਉਥੇ ਵਸਦੇ ਮੂਲਵਾਦੀ ਲੋਕਾਂ ਦੇ ਧਰਮ ਨੂੰ ਵੀ ਬਦਲਣ ਅਤੇ ਆਪਣੇ ਅਧੀਨ ਲੈ ਲੈਣ। ਅੱਜ ਤੋਂ 529 ਸਾਲ ਪਹਿਲਾਂ

**ਪੋਪ ! ਹੁਣ ਉਹਨਾਂ ਦੇ ਗੁਨਾਹਾਂ ਤੋਂ ਉਹਨਾਂ ਨੂੰ ਮੁਆਫ ਕਰ ਰਿਹਾ ਹੈ। ਦੇਖੋ ! ਜਿਥੇ-ਜਿਥੇ ਇਕੱਠ ਕੀਤੇ, ਮੂਲਵਾਸੀ ਬੈਂਡਾ ਦੇ ਲੋਕ ਭਾਰੀ ਗਿਣਤੀ 'ਚ ਸ਼ਾਮਲ ਹੋਏ ਤੇ ਉਹ ਆਪਣੇ-ਆਪਣੇ ਰਿਵਾਇਤੀ ਪਹਿਰਾਵੇ, ਬੋਲੀਆਂ ਅਤੇ ਕਲਾਵਾਂ ਨਾਲ ਲੈਸ ਸਨ। ਉਹ ਗਾ ਅਤੇ ਨ੍ਰਿਤ ਦਿਖਾ ਰਹੇ ਸਨ ? ਇਹ ਸਾਬਤ ਕੀਤਾ ਜਾ ਰਿਹਾ ਸੀ ਕਿ ਮੂਲਵਾਸੀ ਲੋਕ 529 ਸਾਲਾਂ ਦੀ ਬਸਤੀਵਾਦੀ ਗੁਲਾਮੀ ਤੋਂ ਹੁਣ ਆਜ਼ਾਦ ਹਨ ? ਦੂਸਰੇ ਪਾਸੇ ਲਾਲ ਤੇਕਾਲੇ ਰੰਗ ਦਾ ਵੱਡਾ ਮਾਟੋ ਦਿਸ ਰਿਹਾ ਹੈ -'ਇਹ ਮੱਤ ਰੱਦ ਕਰੋ'! ਜੋ ਧਰਮ ਗੁਰੂ ਦੇ ਸਾਹਮਣੇ ਦੋ-ਮੂਲ ਵਾਸੀ ਲੜਕੀਆ ਨੇ ਚੁੱਕਿਆ ਹੈ। ਇਹ ਇਕ ਰੋਸ ਸੀ ਕਿ 1493 ਵਾਲੇ ਜਾਰੀ ਮਤ ਨੂੰ ਖਤਮ ਕਰੋ ! ਸਚਾਈ ਤੇ ਸਮਝੌਤਾ ਕਮਿਸ਼ਨ ਦੀ ਰਿਪੋਰਟ ਅਨੁਸਰ 7000 ਬੱਚੇ ਜਿਹੜੇ ਰਿਹਾਇਸ਼ੀ ਸਕੂਲਾਂ 'ਚ ਮਰ ਗਏ, ਇਸ ਨਸਲਘਾਤ ਲਈ ਕੌਣ ਜਿਮੇਵਾਰ ਹੈ, ਦੱਸਿਆ ਜਾਵੇ ?**

ਦੁਨੀਆਂ ਦੇ ਸਭ ਤੋਂ ਵੱਡੇ ਇਸਾਈ ਧਰਮ ਦੇ ਮੁਖੀ ਪੋਪ-ਫਰਾਂਸਿਸ ਵਲੋਂ ਅੱਜ ਉਸ ਸੀਜਰ ਦੇ ਖਿਤਾਬ ਅਧੀਨ ਦਿੱਤੀ ਡਿਗਰੀ ਦੀ ਨਿੰਦਿਆ ਕਰਨੀ ਪਈ, ਇਕ ਚੰਗਾ ਕਦਮ ਹੈ।ਪਰ 529 ਸਾਲਾਂ ਬਾਦ ਅਮਰੀਕਾ ਦੇ ਮੂਲਵਾਦੀ ਲੋਕਾਂ ਦੀ ਸਭਿਅਤਾ, ਗੀਤ-ਰਿਵਾਜ, ਬੋਲੀ ਅਤੇ ਇਥੋਂ ਤਕ ਉਹਨਾਂ ਦੇ ਬੱਚਿਆਂ, ਸੱਭਿਆਚਾਰ ਦਾ ਹਨਨ ਕੀਤਾ, ਨਸਲਘਾਤ, ਬਿਮਾਰੀਆਂ ਲਿਆਂਦੀਆਂ, ਮਾੜੀ ਖੁਰਾਕ, ਟੀ.ਬੀ. ਕਾਰਨ ਜੋ 69-ਫੀ ਸਦ ਲੋਕਾਂ ਦੀ ਮੌਤ ਹੋਈ ਲਈ ਮੁਆਫ਼ੀ ਮੰਗਣ ਆਇਆ ਹੈ। 26-ਜੁਲਾਈ ਨੂੰ ਲੇਕ ਸੇਂਟ ਐਨੀ-ਐਡਮੇਂਟਨ ਵਿਖੇ ਮੇਟੀਜ਼ ਲੋਕਾਂ ਦੇ ਇਕ ਵੱਡੇ ਇਕੱਠ 'ਚ ਕੀਤਾ ਜਾ ਰਿਹਾ ਸੀ ਕਿ ਮੂਲਵਾਸੀ ਲੋਕ 529 ਸਾਲਾਂ ਦੀ ਬਸਤੀਵਾਦੀ ਗੁਲਾਮੀ ਤੋਂ ਹੁਣ ਆਜ਼ਾਦ ਹਨ ? ਦੂਸਰੇ ਪਾਸੇ ਲਾਲ ਤੇਕਾਲੇ ਰੰਗ ਦਾ ਵੱਡਾ ਮਾਟੋ ਦਿਸ ਰਿਹਾ ਹੈ -'ਇਹ ਮੱਤ ਰੱਦ ਕਰੋ'! ਜੋ ਧਰਮ ਗੁਰੂ ਦੇ ਸਾਹਮਣੇ ਦੋ-ਮੂਲ ਵਾਸੀ ਲੜਕੀਆ ਨੇ ਚੁੱਕਿਆ ਹੈ। ਇਹ



ਲੜਕੀਆਂ ਅਤੇ ਇਸਤਰੀਆਂ ਦਾ ਨਸਲ ਘਾਤ ਕਰਨ ਵਿਰੁੱਧ ਅੱਜ ਪੋਪ ਨੂੰ ਕਿਵੇਂ ਇਸ ਦੀ ਨਿੰਦਾ ਕਰਨ ਲਈ ਇਹ ਦਿਨ ਯਾਦ ਆਇਆ ? ਪੋਪ ਨੇ ਕੈਨੇਡਾ ਦੀ ਪਿਛਲੇ ਦਿਨੀ 24 ਤੋਂ 29 ਜੁਲਾਈ, 2022 ਨੂੰ ਆਪਣੀ ਪਛਤਾਵਾ ਯਾਤਰਾ ਦੌਰਾਨ ਈਸ਼ਵਰ-ਦੂਤ ਵੱਜੋ ਕੈਨੇਡਾ ਦੇ ਮੂਲ-ਵਾਸੀਆਂ ਵਿਰੁਧ, ਜੋ ਚਰਚ, ਇਸਾਈਆਂ ਅਤੇ ਹਾਕਮਾਂ ਵੱਲੋ ਬਰਬਰਤਾ, ਤਸੀਹੇ ਦੇਣ, ਜਿਨ੍ਹਾਂ ਕਾਰਨ ਅਮਰੀਕਾ ਦੇ ਮੂਲ ਵਾਸੀਆ ਨੂੰ ਇਤਿਹਾਸਕ, ਸੱਭਿਆਚਾਰ ਅਤੇ ਹਰ ਪੱਖੋਂ ਢੇਰ ਦੁੱਖ ਪੁਚਾਏ ਗਏ ਤੇ ਘਸੀਟਿਆ ਗਿਆ ਪ੍ਰਤੀ ਮੁਆਫੀ ਮੰਗਦੇ ਦੁੱਖ ਪ੍ਰਗਟ ਕੀਤਾ ਗਿਆ।

ਲੱਗਦਾ ਹੈ ਕਿ ਪੋਪ ਫਰਾਂਸਿਸ ਵਲੋ ਇਹ ਯਾਤਰਾ, 'ਪੋਪ ਜੋਹਨ ਪਾਲ-2 ਜਿਹੜਾ 1984 ਨੂੰ ਕੈਨੇਡਾ ਆਇਆ ਸੀ, ਦੀ ਯਾਤਰਾ ਬਾਦ ਇਹ ਫੇਰੀ ਸੀ। ਜਿਸ ਤੋਂ ਪਹਿਲਾਂ 1493 ਨੂੰ ਉਸ ਵੇਲੇ ਦੇ ਪੋਪ ਵਲੋਂ ਜਾਰੀ ਕੀਤੇ "ਸੀਜਰ-ਖਿਤਾਬ" ਵਾਲੇ ਮਤ ਅਤੇ ਫੁਰਮਾਨਾਂ ਵਿਰੁਧ ਉਪਜੇ ਰੋਹ ਨੂੰ ਮੱਠਾ ਕਰਨਾ ਸੀ ? ਭਾਵੇਂ ਪੋਪ ਯਾਤਰਾ ਦਾ ਪ੍ਰਬੰਧ (ਪਪਲ-ਯਾਤਰਾ) ਆਰਚ ਬਿਸ਼ਪ ਕੈਨੇਡਾ ਵੱਲੋਂ ਕੀਤਾ ਗਿਆ ਸੀ, ਪਰ ਸਾਰੇ ਥਾਂਵੀ ਧਾਰਮਿਕ ਭੀੜ ਸਰਕਾਰੀ ਅਤੇ ਚਰਚਾ ਵਲੋਂ ਇਕੱਠੀ ਕੀਤੀ ਗਈ ਸੀ। ਇਹ ਵੀ ਦੱਸਿਆ ਕਿ ਪੋਪ ਮੂਲਵਾਸੀ ਲੋਕਾਂ ਦੀ ਧਰਤੀ 'ਤੇ ਜੋ ਕੁਝ ਉਹਨਾਂ ਨਾਲ ਚਰਚ ਅਤੇ ਹਾਕਮਾਂ ਨੇ 1870 ਤੋ 1960 ਤੱਕ ਜ਼ਬਰ ਢਾਹਿਆ, 1,50,000 ਮੂਲ ਵਾਸੀ ਬੱਚਿਆਂ, 'ਜਿਹੜੇ ਕੈਥੋਲਿਕ ਚਰਚ ਵਲੋਂ 139 ਚਲਾਏ ਜਾਂਦੇ ਰਿਹਾਇਸ਼ੀ ਸਕੂਲਾਂ ਅੰਦਰ ਜ਼ਬਰ, ਸ਼ੋਸ਼ਣ, ਜ਼ੁਲਮ ਅਤੇ ਨਸਲਘਾਤ ਦਾ ਸ਼ਿਕਾਰ ਹੋਏ ਤੇ ਹਜ਼ਾਰਾਂ ਮਰ ਗਏ, ਪ੍ਰਤੀ ਪੋਪ ਵਲੋਂ ਮੁਆਫੀ ਮੰਗੀ ਗਈ। ਇਸੇ ਤਰ੍ਹਾਂ ਕਿਊਬੇਕ, ਇਕਾਲੂਇਟ ਆਦਿ ਥਾਵਾਂ 'ਤੇ 539 ਸਾਲਾਂ ਦੇ ਢਾਹੇ ਜ਼ਬਰਾਂ ਵਿਰੁਧ ਮੁਆਫ਼ੀ ਮੰਗੀ ਗਈ।

ਇਹ ਸਾਰੇ ਇਕੱਠ ਪੂਰੀ ਵਿਉਂਤ ਬੰਦੀ ਅਨੁਸਾਰ ਕੀਤੇ ਜਾ ਰਹੇ ਸਨ ਤਾਂ ਕਿ ਇਹ ਦਿਖਾਵਾ ਹੋਵੇ ਕਿ ਕੈਥੋਲਿਕ ਚਰਚ, ਕੈਥੋਲਿਕ ਪੱਖੀ ਕੈਨੇਡਾ ਅੰਦਰ ਰਾਜ ਕਰ ਰਹੀਆਂ ਪੂੰਜੀਪਤੀ ਪਾਰਟੀਆਂ ਜਿਹਨਾਂ ਦਾ ਪੁਰਾਣਾ ਕਾਲਾ ਇਤਿਹਾਸ ਕੈਨੇਡਾ ਦੇ ਮੂਲਵਾਸੀ ਲੋਕਾਂ ਤੇ ਢਾਹੇ ਜ਼ੁਲਮਾਂ, ਉਨ੍ਹਾਂ ਲੋਕਾਂ ਦੇ ਨਿਚੋੜੇ ਖ਼ੂਨ, ਉਨ੍ਹਾਂ ਦੇ ਜੰਗਲ, ਜਮੀਨ ਤੇ ਜਲ ਦੇ ਕੀਤੇ ਸੋਸ਼ਣ ਨਾਲ ਭਰਿਆ ਪਿਆ ਹੈ ! ਹੁਣ ਦੱਸਣਾ ਕਿ ਉਹ ਦੁਧ-ਧੋਤੇ ਅਤੇ ਪਵਿਤਰ ਹੋ ਗਏ ਹਨ । ਪੋਪ ! ਹੁਣ ਉਹਨਾਂ ਦੇ ਗੁਨਾਹਾਂ ਤੋਂ ਉਹਨਾਂ ਨੂੰ ਮੁਆਫ ਕਰ ਰਿਹਾ ਹੈ। ਦੇਖੋ ! ਜਿਥੇ-ਜਿਥੇ ਇਕੱਠ ਕੀਤੇ, ਮੂਲਵਾਸੀ ਬੈਂਡਾ ਦੇ ਲੋਕ ਭਾਰੀ ਗਿਣਤੀ 'ਚ ਸ਼ਾਮਲ ਹੋਏ ਤੇ ਉਹ ਆਪਣੇ-ਆਪਣੇ ਰਿਵਾਇਤੀ ਪਹਿਰਾਵੇ, ਬੋਲੀਆਂ ਅਤੇ ਕਲਾਵਾਂ ਨਾਲ ਲੈਸ ਸਨ। ਉਹ ਗਾ ਅਤੇ ਨ੍ਰਿਤ ਦਿਖਾ ਰਹੇ ਸਨ ? ਇਹ ਸਾਬਤ ਇਕ ਰੋਸ ਸੀ ਕਿ 1493 ਵਾਲੇ ਜਾਰੀ ਮਤ ਨੂੰ ਖਤਮ ਕਰੋ ! ਸਚਾਈ ਤੇ ਸਮਝੌਤਾ ਕਮਿਸ਼ਨ ਦੀ ਰਿਪੋਰਟ ਅਨੁਸਰ 7000 ਬੱਚੇ ਜਿਹੜੇ ਰਿਹਾਇਸ਼ੀ ਸਕੂਲਾਂ 'ਚ ਮਰ ਗਏ, ਇਸ ਨਸਲਘਾਤ ਲਈ ਕੌਣ ਜਿਮੇਵਾਰ ਹੈ, ਦੱਸਿਆ ਜਾਵੇ ?

ਸਚਾਈ ਤੇ ਸਮਝੌਤਾ ਕਮਿਸ਼ਨ ਅਨੁਸਾਰ ਸਾਰਾ ਸੱਚ ਸਾਹਮਣੇ ਆ ਚੁੱਕਾ ਹੈ। ਪੋਪ ਅਤੇ ਕੈਥੋਲਿਕ ਚਰਚ ਤੇ ਉਸ ਵੇਲੇ ਦੀਆਂ ਟੋਰੀ ਅਤੇ ਲਿਬਰਲ ਜਿੰਮੇਵਾਰ ਸਰਕਾਰਾਂ ਹਨ ਜਿਨਾਂ ਦੇ ਹੱਥੋ ਬੱਚਿਆਂ ਦਾ ਨਸਲਘਾਤ ਹੋਇਆ ਸੀ, ਲਈ ਮੁੱਖ ਦੋਸ਼ੀ ਹਨ। ਜਦੋਂ ਪੋਪ ਬੋਲ ਰਿਹਾ ਸੀ ਤਾਂ ਇਹ ਆਵਾਜਾਂ ਆ ਰਹੀਆਂ ਹਨ, 'ਕਿ ਪੋਪ ਪਾਸੋ ਕੋਈ ਇਨਸਾਫ਼ ਨਹੀਂ ਮਿਲੇਗਾ ? ਲੋਕ ਆਵਾਜ਼ ਇਹ ਵੀ ਆ ਰਹੀ ਸੀ ਕਿ ਸਾਡੀ ਪ੍ਰਭੂਸੱਤਾ 'ਤੇ ਸਾਡੇ ਸਿਸਟਮ ਨੂੰ ਚਲਾਉਣਲਈ ਸਾਨੂੰ ਕਿਸੇ ਵੀ ਚਰਚ (ਪੋਪ) ਦੀ ਕੋਈ ਲੋੜ ਨਹੀਂ ਹੈ। ਇਕ ਪਾਸੇ ਚਰਚ ਵਾਲੇ ਇਹ ਕਹਿ ਰਹੇ ਹਨ ਮੱਤ ਕੋਈ ਕਨੂੰਨੀ ਤੇ ਨੈਤਿਕ ਅਥਾਰਿਟੀ ਨਹੀਂ ਹੈ (1493) । ਫਿਰ ਪੋਪ ਕੈਥੋਲਿਕ-ਚਰਚ ਸਬੰਧੀ ਕਿਵੇਂ ਮੁਆਫੀ ਮੰਗ ਰਿਹਾ ਹੈ ? ਲੋਕਾਂ ਨੇ ਇਸ ਨੂੰ ਰਲ-ਗੱਡ ਕਰਨ ਦੀ ਨਿਖੇਧੀ ਕੀਤੀ। ਪਹਿਲੀ ਨੇਸ਼ਨ ਦੀ ਚੀਫ਼ ਰੋਜ ਏਨੇ ਆਰਚੀ ਬਾਰਲ ਨੇ ਕਿਹਾ ਕਿ ਸਾਡੀ ਧਰਤੀ ਵਾਪਸ ਕੀਤੀ ਜਾਵੇ।

ਅਲਬਰਟਾ ਬੀਚ-ਪਿੰਡ ਅੰਦਰ ਜੋ ਦਿਲ-ਦਹਿਲਾਉਣ ਵਾਲੇ ਹਾਦਸਿਆ 'ਚ ਮੂਲਵਾਦੀ ਇਸਤਰੀਆਂ ਦੇ ਕਤਲ ਹੋਏ, ਚੌਥਾ ਹਿਸਾ ਇਸਤਰੀਆਂ ਮਾਰ ਦਿੱਤੀਆਂ ਗਈਆਂ। ਬੱਚਿਆ ਤੇ ਇਸਤਰੀਆਂ ਦੇ ਜੁਲਮਾਂ ਲਈ ਦੇਸ਼ ਦਾ ਸਾਰਾ ਸਿਸਟਮ ਜਿੰਮੇਵਾਰ ਹੈ (ਮੁੱਖ ਕਮਿਸ਼ਨਰ ਟੀ.ਆਰ.ਸੀ.)। ਕੀ ਪੋਪ ਦੀ ਮੁਆਫ਼ੀ ਟੀ.ਆਰ.ਸੀ. ਅਧੀਨ ਇਸ ਫੈਸਲੇ ਨੂੰ ਅੱਗੋ ਵਧਾਉਣ ਲਈ ਕੋਈ ਕਾਰਗਾਰ ਹੋਵਗੀ, ਇਹ ਸਵਾਲ ਉਨ੍ਹਾਂ ਲੋਕਾਂ ਦੇ ਸਨ ਜੋ ਰਿਹਾਇਸ਼ੀ ਸਕੂਲਾਂ ਅੰਦਰ ਮੌਤ ਦੇ ਮੂੰਹ ਤੋਂ ਬੱਚ ਕੇ ਨਿਕਲੇ ਸਨ ?

ਐਡਮੇਂਟਨ, ਮੌਂਟਰੀਆਲ, ਨੂਨਾਵੂਟ, ਇਕਾਲੂਇਟ ਦੇ 139 ਸਕੂਲਾਂ ਦੇ ਲਗਪਗ 1,50,000 ਮੂਲਵਾਸੀ ਬੱਚੇ 1800-1990 ਤਕ ਰੋਮਨ ਕੈਥੋਲਲਿਕ ਇਸਾਈ ਸਕੂਲਾਂ ਅੰਦਰ ਹਰ ਤਰ੍ਹਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ। ਮਿਲ ਰਹੀਆਂ ਕਬਰਾਂ, ਗੁਆਚੇ ਬੱਚੇ ਅਤੇ ਬਚ ਗਏ ਬੱਚਿਆਂ ਦੀ ਔਲਾਦ ਅੱਜ ਵੀ ਕੈਨੇਡਾ ਅੰਦਰ ਚਰਚ ਤੇ ਗੋਰੀ-ਸਰਕਾਰ ਦ ਜ਼ੁਲਮਾਂ ਦੀ ਗਵਾਹੀ ਭਰ ਰਹੇ ਹਨ। 'ਹੇਰਾ' ਵਿਖੇ ਇਕ ਨਹੀਂ ਸੈਂਕੜੇ ਲਾਲ, ਕਾਲੇ ਪੀਲੇ ਪਹਿਰਾਵੇ 'ਕਰਾਸ' ਤੇ ਟੰਗੇ, ਪਿਛੇ ਇਕ ਲੰਬੀ ਲਾਈਨ, ਲੜਕੀਆਂ ਅਤੇ ਲੜਕਿਆ ਦੇ ਬੂਟ ਜਿਹੜੇ ਬੱਚੇ ਗੁਆਚ ਗਏ ਜਾਂ ਮਿਲੇ ਨਹੀਂ, ਉਹ ਕਿਥੇ ਗਏ ? ਇਹ ਘਟਨਾ ਕੇਵਲ ਕੈਨੇਡਾ ਅੰਦਰ ਹੀ ਨਹੀਂ ਹੈ। ਸਗੋਂ ! ਬਸਤੀਵਾਦੀ ਜਰਵਾਣਿਆ ਦੇ ਪੁਆੜਿਆ ਤੇ ਜ਼ੁਲਮਾਂ ਦੀ ਦਾਸਤਾਨ ਦੀ ਕਹਾਣੀ ਅੱਜ ਜਦੋਂ ਸਾਰੇ ਸੰਸਾਰ ਅੰਦਰ ਦਿਸ ਰਹੀ ਹੋਵੇ ਜਿਸ ਤੋਂ ਪੋਪ ਮੁਆਫ਼ੀ ਮੰਗਣ ਆ ਰਿਹਾ ਹੈ। ਮੂਲਵਾਦੀ ਲੋਕ ਪਿਛਲੇ ਕਈ ਦਹਾਕਿਆ ਤੋਂ ਕੈਥੋਲਿਕ ਇਸਾਈ ਸਕੂਲਾਂ, ਕੈਨੇਡਾ ਦੇ ਹਾਕਮਾਂ ਅਤੇ ਰੋਮ ਤੋਂ ਇਸ ਬਰਬਰਤਾ ਵਾਲੇ ਕਾਰਿਆਂ ਤੋਂ ਮੁਆਫ਼ੀ ਮੰਗਣ ਅਤੇ ਨਸਲਘਾਤ ਲਈ ਜਿੰਮੇਵਾਰ ਲੋਕਾਂ ਨੂੰ ਸਜ਼ਾਅ ਦੇਣ ਦੀ ਮੰਗ ਕਰਦੇ ਆ ਰਹੇ ਹਨ। ਕੀ ਹੁਣ ਪੋਪ ਦੀ ਇਸ ਕੈਨੇਡਾ ਯਾਤਰਾ ਬਾਦ ਸਚਾਈ ਤੇ ਸਮਝੌਤਾ ਕਮਿਨਸ਼ਨ ਨੂੰ ਅੱਗੇ ਵੱਧ ਕੇ ਇਨਸਾਫ਼ ਦਿਤਾ ਜਾਵੇਗਾ ? ਸਦੀਆਂ ਪੁਰਾਣੇ ਮਤ ਨੂੰ ਖਤਮ ਕਰਕੇ ਮੂਲ ਵਾਸੀਆ ਨਾਲ ਜੋ ਪੁਰਾਣੇ ਸਮਝੌਤੇ ਹੋਏ ਸਨ ਲਾਗੂ ਹੋਣਗੇ ?

ਯੂਰਪੀ ਬਸਤੀਵਾਦੀਆਂ ਦੇ ਉਤਰੀ ਅਮਰੀਕਾ 'ਚ ਪ੍ਰਵੇਸ਼ ਤੋਂ ਪਹਿਲਾ 6-ਮੂਲਵਾਸੀ ਕੌਮਾਂ (ਭੂਗੋਲਿਕ ਤੌਰ 'ਤੇ) ਕੈਨੇਡਾ ਅੰਦਰ ਵਸਦੀਆਂ ਸਨ। 2016 ਦੀ ਜਣਗਣਨਾ ਅਨੁਸਾਰ ਉਹਨਾਂ ਦੀ ਗਿਣਤੀ9,77,230 ਸੀ। 634 ਬੈਂਡ (ਫਿਰਕੇ) ਜੋ 50 ਵੱਖੋ ਵੱਖ ਬੋਲੀਆਂ ਬੋਲਦੇ ਸਨ। ਫਸਟ ਨੇਸ਼ਨ ਅਸੰਬਲੀ ਦਾ ਚੀਫ਼ ਮੇਰੀ ਬੇਲੇਗਾਰਡੇ ਹੈ। ਕੈਨੇਡਾ ਦੇ ਸੰਵਿਧਾਨ-1982 ਦੀ ਧਾਰਾ-35 ਅਨੁਸਾਰ ਮੂਲ ਵਾਸੀਆਂ ਅੰਦਰ ਮੇਟੀਜ ਤੇ ਇਨੂਇਟੀ (ਵਿਦੇਸ਼ੀਆਂ ਨਾਲ ਪੈਦਾ ਹੋਈ ਔਲਾਦ) ਵੀ ਆਉਂਦੇ ਹਨ। ਜਿਉਂ-ਜਿਉਂ ਬਸਤੀਵਾਦੀ ਯੂਰਪੀ ਮੂਲਵਾਸੀ ਲੋਕਾਂ ਦੇ ਇਲਾਕਿਆ 'ਚ ਕਾਬਜ਼ ਹੁੰਦੇ ਗਏ, ਤਿਉ-ਤਿਉ ਵਿਦੇਸ਼ੀ ਲੋਕ ਮੂਲਵਾਸੀਆਂ ਦੀਆਂ ਬਸਤੀਆਂ, ਰਿਜ਼ਰਵ, ਜਮੀਨਾਂ, ਜੰਗਲ ਤੇ ਦਰਿਆਵਾਂ ਨੂੰ ਆਪਣੇ ਅਧੀਨ ਲਿਆਉਂਦੇ ਗਏ। ਇਸ ਤਰ੍ਹਾਂ ਨਸਲਵਾਦ, ਅੱਡ-ਕਰਕੇ ਅਤੇ ਕਬਜ਼ੇ ਕਰਕੇ ਆਪਣੀ ਸਲਤਨਤ ਨੂੰ ਪੂਰ ਦੇਸ਼ 'ਤੇ ਕਾਇਮ ਕਰਨ 'ਚ ਕਾਮਯਾਬ ਹੋ ਗਏ। ਯੂਰਪੀ ਬਸਤੀਵਾਦੀਆਂ ਨੇ ਜਿਥੇ ਵੀ ਕਬਜ਼ਾ ਕੀਤਾ, ਉਥੇ ਧੌਂਸ ਜਮਾਈ, ਲੋਕਾਂ 'ਤੇ ਹਰ ਤਰ੍ਹਾਂ ਦੇ ਜ਼ੁਲਮ ਢਾਹੇ। ਉਹਨਾਂ ਲੋਕਾਂ ਦੇ ਕੁਦਰਤੀ ਸੋਮਿਆਂ ਨੂੰ ਹਥਿਆਇਆ। ਉਹਨਾਂ ਦੀ ਭਾਸ਼ਾ, ਸੱਭਿਆਚਾਰ ਤੇ ਨਸਲਾਂ ਨੂੰ ਤਬਾਹ ਕੀਤਾ। ਬਸਤੀਵਾਦ ਜਦੋ ਸਾਮਰਾਜ ਦਾ ਰੂਪ ਧਾਰਦਾ ਹੈ, ਜ਼ਬਰ ਜੋਰ ਵਰਤਦਾ ਹੈ। ਵਿਕਸਤ ਪੂੰਜੀਵਾਦੀ ਹਥਿਆਰਾਂ ਦੇ ਬਲਬੂਤੇ ਗੁਲਾਮ ਕੌਮਾਂ, ਨਸਲਾਂ ਅਤੇ ਲੋਕਾਂ ਦੀ ਤਬਾਹੀ ਬਾਦ ਆਪਣਾ ਵਿਕਸਤ ਸਾਮਰਾਜ ਕਾਇਮ ਕਰਦਾ ਹੈ। ਅੱਜ ਦਾ ਸਾਮਰਾਜ ਬਸਤੀਵਾਦ ਦਾ ਹੀ ਵਿਕਸਤ ਰੂਪ ਹੈ।

ਬਸਤੀਵਾਦ ਹਰ ਪੱਖੋ ਸ਼ੋਸ਼ਣ ਕਰਦਾ ਹੈ। ਪਰ ਕਈ ਦੇਸ਼ਾਂ ਅੰਦਰ ਗੁਲਾਮ ਲੋਕਾਂ ਨੇ ਹਥਿਆਰਬੰਦ ਘੋਲਾਂ ਰਾਹੀ ਆਪਣੇ ਦੇਸ਼ 'ਤੇ ਕੌਮਾ ਨੂੰ ਅਜ਼ਾਦ ਕਰਾਇਆ ਹੈ। ਏਸ਼ੀਆ, ਦੱਖਣੀ ਅਮਰੀਕਾ, ਅਫ਼ਰੀਕਾ ਮਹਾਦੀਪਾਂ ਅੰਦਰ ਅਜਿਹੇ ਕੌਮੀ ਅੰਦਲੋਨਾਂ ਦੀਆਂ ਅਨੇਕਾਂ ਮਿਸਾਲਾਂ ਹਨ ਜਿਨ੍ਹਾਂ 'ਚ ਭਾਰਤ ਦੇਸ਼ ਵੀ ਸ਼ਾਮਲ ਹੈ। ਬਸਤੀਵਾਦੀ ਸਾਮਰਾਜੀਆਂ ਵੱਲੋਂ ਗੁਲਾਮ ਦੇਸ਼ਾਂ ਦੇ ਲੋਕਾ ਤੇ ਢਾਹੇ ਜ਼ੁਲਮ, ਕੀਤਾ ਸ਼ੋਸ਼ਣ ਅਤੇ ਲੁਟ ਦੇ ਜ਼ਖਮ ਅੱਜੇ ਵੀ ਅੱਲ੍ਹੇ ਹਨ ! ਇਨਾਂ ਜਰਵਾਣਿਆ ਨੇ ਉਥੋ ਦੇ ਲੋਕਾਂ ਦਾ ਸੱਭਿਆਚਾਰ ਤੇ ਇਤਿਹਾਸ ਹੀ ਬਦਲ ਦਿਤਾ। ਉਹਨਾਂ ਮੂਲਵਾਸੀ ਲੋਕਾਂ ਨੂੰ ਪੂਰੇ ਦੇ ਪੂਰੇ ਨਿਗਲ ਕੇ ਆਪਣੀ ਛਾਪ ਹੇਠ ਫਿਰ ਗਲੱਛ ਦਿੱਤਾ ਗਿਆ ਤੇ ਉਹ ਲੋਕ ਇਕ ਨਵੇਂ ਮਾਡਲ ਦੇ ਰੂਪ 'ਚ ਪਿਛਲੇ ਨੂੰ ਭੁਲ ਕੇ ਅੱਜ ਸਾਹਮਣੇ ਆ ਗਏ ਹਨ। ਇਹ ਪੁਰਾਣਾ ਬਸਤੀਵਾਦ ਅੱਜ ਅਰਧ-ਬਸਤੀਵਾਦ, ਪੂੰਜੀਵਾਦ ਤੇ ਅਤਿ ਵਿਕਸਤ ਸਾਮਰਾਜ ਦੇ ਰੂਪ ਅੰਦਰ ਫਿਰ ਗਰੀਬ ਤੇ ਨਵੇਂ ਆਜਾਦ ਦੇਸ਼ਾਂ ਨੂੰ ਮੁੜ ਆਪਣੀ ਅਧੀਨਗੀ ਹੇਠ ਲੁੱਟ ਰਿਹਾ ਹੈ। ਬਸਤੀਵਾਦੀ ਯੂਰਪੀ ਸਮੁੰਦਰੀ ਲੁਟੇਰਿਆ ਨਾਲ ਧਰਮ ਦੀ ਆੜ ਹੇਠ ਧਾਰਮਿਕ ਪ੍ਰਚਾਰ ਕਰਨ ਲਈ ਚਰਚ ਨੇ ਪਾਦਰੀ ਭੇਜੇ। ਚਰਚ ਦੀ ਰੱਖਿਆ ਲਈ ਫੌਜਾਂ ਭੇਜੀਆ ਤੇ ਆਪਣਾ ਹਰ ਤਰ੍ਹਾਂ ਪਸਾਰਾ ਕੀਤਾ ਛੋਟੇ ਜਿਹੇ ਦੀਪ ਯੂਰਪ ਤੋਂ ਚਲ ਕੇ ਬਾਕੀ ਸਾਰੇ ਦੀਪਾਂ 'ਤੇ ਕਬਜ਼ੇ ਕਰ ਲਏ ਗਏ। ਚਰਚ ਧਾਰਮਿਕ ਪ੍ਰਚਾਰ ਕਰਨ ਲਈ ਆਇਆ ਆਪਣੇ ਮਤ ਰਾਹੀ ਉਸ ਨੇ ਗੁਲਾਮ ਬਣਾਉਣੇ, ਨੂੜਨਾ, ਤਸ਼ੱਦਦ ਕਰਨੇ, ਮਾਰ ਦੇਣਾ ਖੁਦ ਕਾਬਜ਼ ਹੋ ਕੇ ਉਸ ਧਰਤੀ ਦੇ ਮਾਲਕ ਬਣਨਾ ਚਰਚ ਦਾ ਮਤ ਸੀ।

ਪੋਪ ਫਰਾਂਸਿਸ ਵੱਲੋਂ ਕੈਨੇਡਾ ਦੌਰੇ ਦੌਰਾਨ ਇਥੋਂ ਦੇ ਮੂਲ ਵਾਸੀ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਪਛਤਾਵੇ ਵੱਜੋ ਤੀਰਥ ਯਾਤਰਾ ਕਰਕੇ ਮਾਫ਼ੀ ਮੰਗੀ ਗਈ ਹੈ। ਪਰ ਮੂਲਵਾਸੀ ਲੋਕਾਂ ਦੇ ਬੱਚਿਆਂ ਦਾ ਨਸਲਘਾਤ ਅਤੇ ਲੜਕੀਆਂ ਤੇ ਇਸਤਰੀਆਂ ਦੇ ਸਮੂਹਕ ਕਤਲ, ਜਿਨ੍ਹਾਂ ਲਈ ਕੈਥੋਲਿਕ ਚਰਚਾਂ ਦੇ ਸਕੂਲ ਤੇ ਇਸਾਈਅਤ ਪ੍ਰਭਾਵ ਅਧਾਰਿਤ ਜ਼ਿੰਮੇਵਾਰ ਰਾਜਸੀ ਪਾਰਟੀਆਂ ਜਿਨ੍ਹਾਂ ਦਾ ਇੱਥੇ ਰਾਜ ਰਿਹਾ ਸੀ, ਉਹਨਾਂ ਦੇ ਗੁਨਾਹਾਂ ਲਈ ਕੌਣ ਜ਼ਿੰਮੇਦਾਰ ਬਣੇਗਾ ? ਕੀ ਇਹ ਇਕੱਠ ਇਕ ਲੋਕ ਰੋਹ ਨੂੰ ਮੱਠਾ ਕਰਨ ਦਾ ਢੰਗ ਤਰੀਕਾ ਤਾਂ ਨਹੀਂ ਹੈ ? ਅੱਜ ਦੇਸ਼ ਦੇ ਮੂਲ ਵਾਸੀ ਲੋਕ ਕੈਨੇਡਾ ਅੰਦਰ ਉਠ ਰਹੇ ਹਨ, ਉਹਨਾਂ ਦੇ ਬੱਚੇ ਪੜ ਗਏ ਹਨ ਤੇ ਪੜ੍ਹ ਰਹੇ ਹਨ ! ਉਹਨਾਂ ਅੰਦਰ ਇਕ ਨਵੀਂ ਲਹਿਰ, ਨਵੀਂ ਦਿਸ਼ਾ ਤੇ ਨਵਾਂ ਨਜ਼ਰੀਆ ਸਾਹਮਣੇ ਆ ਰਿਹਾ ਹੈ। ਅੱਜ ਉਹ ਆਪਣੇ ਅਤੀਤ ਤੋਂ ਸਿੱਖਣ, ਵਰਤਮਾਨ ਦੇ ਹਾਣੂ ਹੋਣ ਅਤੇ ਭਵਿਖ ਤੋਂ ਸੁਚੇਤ ਹੋ ਕੇ ਕਰਵਟਾਂ ਲੈ ਰਹੇ ਹਨ। ਇਕ ਨਵੀਂ ਚੇਤਨਾਂ ਮੂਲਵਾਸੀ ਲੋਕਾਂ ਦੇ ਅੰਦਰ ਘਰ ਕਰ ਰਹੀ ਹੈ। ਅੱਜ ਉਹਨਾਂ ਅੰਦਰ ਵਿਚਾਰਕ, ਸੰਚਾਰਕ ਅਤੇ ਉਪਚਾਰਕ ਜਮਾਤੀ ਗੁਣ ਪੈਦਾ ਹੋ ਰਹੇ ਹਨ। ਇਹ ਗੁਣ ਹੀ ਕੈਨੇਡਾ ਦੇ ਮੌਜੂਦਾ ਪਰਜੀਵੀ-ਪੂੰਜੀਵਾਦੀ ਸਾਮਰਾਜੀ ਹਾਕਮਾਂ ਲਈ ਅੱਜ ਡਰਾਉਣੇ ਬਿੰਬ ਬਣਕੇ ਸਾਹਮਣੇ ਆ ਰਹੇ ਹਨ। ਉਹ ਹੁਣ ਇਹ ਡਰਾਉਣੇ ਮਨਸੂਹੀ ਬਿੰਬਾਂ ਤੋਂ ਛੁਟਕਾਰਾ ਪਾਉਣ ਲਈ ਮੁੜ ਪੋਪ-ਮਤ ਦੇ ਪਵਿਤਰ ਜਲ ਦੇ ਛਿੱਟੇ ਦੇ ਕੇ ਮੁੜ-ਸੁਰਜੀਤੀਵਾਦ ਵਲ ਕਿਆਸ-ਅਰਾਈਆਂ ਤਾਂ ਨਹੀਂ ਕਰਨ ਲਗ ਪਏ ਹਨ ?

47-ਫੀ ਸਦ ਮੂਲਵਾਦੀ ਲੋਕ ਗਰੀਬੀ 'ਚ ਰਹਿੰਦੇ ਹਨ। ਉਹ ਭਿੰਨ-ਭੇਦ, ਵਿਤਕਰਾ ਅਤੇ ਕਈ ਤਰ੍ਹਾਂ ਦੇ ਸਮਾਜਕ ਤੇ ਰਾਜਸੀ ਤਸ਼ੱਦਦਾਂ ਦੇ ਸ਼ਿਕਾਰ ਹਨ। ਰਿਜ਼ਰਵਾਂ ਅੰਦਰ ਰਹਿ ਰਹੇ 53-ਫੀ ਸਦ ਬੱਚੇ ਬਾਹਰ ਰਹਿ ਰਹੇ ਜੋ 41-ਫੀ ਸਦ ਗਰੀਬੀ ਦੇ ਮਾਰੇ ਹਨ। ਸਗੋਂ ! 150 ਸਾਲ ਪਹਿਲਾ ਗੋਰੇ ਹਾਕਮਾਂ ਅਤੇ ਚਰਚ ਨੇ ਇਨ੍ਹਾਂ ਲੋਕਾਂ ਦੀ ਹਾਲਤ ਸੁਧਾਰਨ ਦੇ ਨਾ ਹੇਠ ਸੱਭਿਆਚਾਰ-ਨਸਲਘਾਤ ਕੀਤਾ ਸੀ। 1876-6ਸੰਧੀ ਅਨੁਸਾਰ ਕੀਤੇ ਵਾਹਦੇ ਵੀ ਪੂਰੇ ਨਹੀਂ ਹੋਏ ਹਨ। ਕੀ ਹੁਣ ਪਛਤਾਵੇ ਵਜੋਂ ਯਾਤਰਾ ਕਰਕੇ ਇਨ੍ਹਾਂ ਮੂਲਵਾਸੀ ਲੋਕਾਂ ਦੀ ਹੋਣੀ ਬਦਲੀ ਜਾ ਸੱਕੇਗੀ ? ਤੁਸੀ ਦੇਖਿਆ ਹੋਵੇਗਾ ਕਿ ਪੋਪ ਦੇ ਦੌਰੇ ਦੌਰਾਨ ਸਨਾਤਨੀ ਇਸਾਈ ਸੋਚ ਅਧੀਨ ਮੂਲਵਾਸੀ ਲੋਕ ਆਪਣੀਆਂ ਪੁਸ਼ਾਕਾਂ, ਗੀਤਾਂ ਅਤੇ ਨਾਚਾਂ ਰਾਹੀ ਆਪਣੇ ਪੁਰਾਣੇ ਸੱਭਿਆਚਾਰ ਦਾ ਦਿਖਾਵਾ ਦੇ ਰਹੇ ਹਨ ਜਦੋਂ ਪੋਪ ਉਹਨਾਂ ਨੂੰ ਸੰਬੋਧਨ ਕਰ ਰਿਹਾ ਸੀ। ਫਿਰ ਪੋਪ-ਮੱਤ ਦੇ ਫੁਰਮਾਨ ਜੋ 529 ਸਾਲ ਪਹਿਲਾ ਜਾਰੀ ਹੋਏ ਸਨ, ਸਮੇਂ ਦੇ ਲਾਲ ਲੋਕ ਭੁੱਲ ਚੁੱਕੇ ਲਗਦੇ ਹਨ ?

# ਜ਼ਿੰਦਗੀ ਦੇ ਸੰਘਰਸ਼ ਦਾ ਇੱਕ ਪੰਨਾ



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866

ਆਮ ਕਿਹਾ ਜਾਂਦਾ ਹੈ, " ਬੰਦਾ ਕੰਮ ਕਰਦਾ ਲੋਹਾ, ਬਹਿ ਗਿਆ ਤਾਂ ਗੋਹਾ, ਪੈ ਗਿਆ ਤਾਂ ਮੋਇਆ " ਅਤੇ ਐਦਾਂ ਹੀ ਕਿਸੇ ਹੋਰ ਸਿਆਣੇ ਦੇ ਇਹ ਬੋਲ ਜ਼ਿੰਦਗੀ ਪ੍ਰਤੀ ਗੰਭੀਰ ਹੋਣ ਦਾ ਸੁਨੇਹਾ ਦਿੰਦੇ ਨੇ, " ਜਿਸ ਨੇ ਜਵਾਨੀ ਵਿੱਚ ਸੰਘਰਸ਼ ਕੀਤਾ ਹੈ, ਆਈਆਂ ਮੁਸ਼ਕਿਲਾਂ ਨਾਲ ਟੱਕਰ ਲਈ ਹੈ, ਜ਼ਿੰਦਗੀ ਵਿੱਚ ਆਈਆਂ ਪੀੜਾਂ ਨੂੰ ਮੁਸਕਰਾਹਟ ਦੀ ਬੁੱਕਲ ਵਿੱਚ ਲਿਆ ਹੈ, ਉਸ ਦਾ ਭਵਿੱਖ ਹਮੇਸ਼ਾ ਹੀ ਸੁਰੱਖਿਅਤ ਹੁੰਦਾ ਹੈ ਅਤੇ ਬੁਢਾਪੇ ਦੀ ਦਹਿਲੀਜ਼ ਤੇ ਦਸਤਕ ਦੇਣ ਵੇਲੇ ਖੁਸ਼ਗਵਾਰ ਮਾਹੌਲ ਉਸ ਦੇ ਅੰਗ-ਸੰਗ ਰਹਿੰਦਾ ਹੈ।"

ਜਦੋਂ ਆਪਣੀ ਜ਼ਿੰਦਗੀ ਦੇ ਅਤੀਤ ਦੇ ਪੰਨਿਆਂ ਤੇ ਝਾਤ ਮਾਰਦਾ ਹਾਂ ਤਾਂ ਬਚਪਨ ਦਾ ਗੁਰਬਤ ਭਰਿਆ ਜੀਵਨ ਸਾਹਮਣੇ ਆ ਜਾਂਦਾ ਹੈ। ਟਾਕੀਆਂ ਵਾਲੇ ਕਪੜੇ, ਪੈਰੋਂ ਨੰਗਾ ਅਤੇ ਸਿਲੇਬਸ ਦੀਆਂ ਅਧੂਰੀਆਂ ਜਿਹੀਆਂ ਕਿਤਾਬਾਂ ਵਾਲਾ ਝੋਲਾ ਲੈ ਕੇ ਜਦੋਂ ਘਰ ਤੋਂ ਡੇਢ ਕਿਲੋਮੀਟਰ ਦੀ ਵਿੱਥ ਤੇ ਸਕੂਲ ਜਾਂਦਾ ਸੀ ਤਾਂ ਕਈ ਵਾਰ ਸਕੂਲੋਂ ਲੇਟ ਹੋਣ ਕਾਰਨ ਜਾਂ ਸਕੂਲ ਵਿੱਚ ਲਾਈ ਵਰਦੀ ਨਾ ਪਾਉਣ ਕਰਕੇ ਅਧਿਆਪਕਾਂ ਤੋਂ ਹੱਥਾਂ ਤੇ ਹੀ ਡੰਡੇ ਨਹੀਂ ਖਾਧੇ ਸਗੋਂ ਅੰਦਰੋਂ ਬਹੁਤ ਵਾਰ ਮਨ ਵੀ ਲਹੂ ਲਹਾਨ ਹੁੰਦਾ ਰਿਹਾ ਅਤੇ ਗਰੀਬੀ ਦਾ ਸੰਤਾਪ ਹੰਢਾਉਣ ਦੀ ਜਾਚ 5ਵੀਂ-6ਵੀਂ ਵਿੱਚ ਪੜ੍ਹਦਿਆਂ ਹੀ ਆ ਗਈ ਸੀ। ਮਾਣ ਵਾਲੀ ਗਲ ਇਹ ਹੈ ਕਿ ਇਹ ਗੁਰਬਤ ਅੱਗੇ ਵੱਧਣ ਵਿੱਚ ਰੁਕਾਵਟ ਨਹੀਂ ਬਣੀ ਸਗੋਂ ਸੰਘਰਸ਼ ਨਾਲ ਲਿਆ ਆਢਾ ਜ਼ਿੰਦਗੀ ਲਈ ਵਰਦਾਨ ਸਾਬਤ ਹੋਇਆ। ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਕਾਂਝਲਾ ਦੇ ਆਨਰ ਬੋਰਡ ਤੇ ਸਾਡੇ ਹੋਣਹਾਰ ਸਿਤਾਰਿਆਂ ਵਿੱਚ 7ਵੇਂ ਨੰਬਰ ਤੇ ਲਿਖੇ ਮੇਰੇ ਨਾਂ ਨੂੰ ਜਦੋਂ ਕਦੇ ਆਪਣੀ ਕਰਮ ਭੂਮੀ ਤੇ ਜਾ ਕੇ ਵੇਖਦਾ ਹਾਂ ਤਾਂ ਜ਼ਿਮੀਦਾਰਾਂ ਦੀਆਂ ਵੱਟਾਂ ਤੋਂ ਖੋਤਿਆਂ ਘਾਹ, ਤਿੰਨ ਗਊਆਂ ਦੀ ਸੰਭਾਲ, ਦੁੱਧ ਵੇਚ ਕੇ ਉਨ੍ਹਾਂ ਦੀ ਉਗਰਾਹੀ, ਅੱਖਾਂ ਤੋਂ ਮੁਨਾਖੇ ਪਿਤਾ ਦੀ ਤਲੀ ਤੇ ਰੱਖਣ ਦੇ ਨਾਲ-ਨਾਲ ਦੀਵੇ ਦੀ ਰੌਸ਼ਨੀ ਵਿੱਚ ਅੱਧੀ ਰਾਤ ਤੱਕ ਪੜ੍ਹਨਾ, ਅੱਧੀ ਛੁੱਟੀ ਵੇਲੇ ਭੁੱਖੇ ਪੇਟ ਰੱਜ ਕੇ ਪਾਣੀ ਪੀਣ ਉਪਰੰਤ ਉਹ ਸਮਾਂ ਵੀ ਪੜ੍ਹਣ ਦੇ ਲੇਖੇ ਲਾਉਣ ਦੇ ਪ੍ਰਤੀਕ੍ਰਮ ਵਜੋਂ ਇਹ ਮਾਣਮੱਤੀ ਪ੍ਰਾਪਤੀ ਨੂੰ ਵੇਖ ਕੇ ਬੜ੍ਹਾ ਹੀ ਸਕੂਨ ਮਿਲਦਾ ਹੈ। ਨੌਜਵਾਨ ਪੀੜੀ ਦੇ ਵੱਡੇ ਹਿੱਸੇ ਨੂੰ ਜਦੋਂ ਮਾਪਿਆਂ ਦੇ ਗੱਲ ਗੂੱਠਾ ਦੇ ਕੇ ਮਹਿੰਗਾ ਮੋਬਾਈਲ, ਮਹਿੰਗਾ ਮੋਟਰਸਾਈਕਲ, ਮਹਿੰਗੇ ਕੱਪੜੇ ਪਾਈਂ ਵੇਖਦਾ ਹਾਂ ਤਾਂ ਇੱਕ ਚਿੰਤਾ ਜਿਹੀ ਮਨ ਵਿੱਚੋਂ ਉੱਭਰਦੀ ਹੈ ਕਿ ਇਨ੍ਹਾਂ ਦੇ ਆਪਣੇ ਪਿਤਾ ਨੇ ਪੈਰਾਂ ਨੂੰ ਟਾਇਰ ਅਤੇ ਸਿਰ ਨੂੰ ਗੱਡਾ ਬਣਾ ਕੇ ਜੋ ਸੰਘਰਸ਼ ਕੀਤਾ ਹੈ, ਉਸ ਨੂੰ ਇਹ ਨੌਜਵਾਨ ਪੀੜੀ ਅੱਖੋਂ ਓਹਲੇ ਕਰ ਰਹੀ ਹੈ ਅਤੇ ਕਿਰਤ ਦਾ ਸੰਕਲਪ ਇਨ੍ਹਾਂ ਕੋਲੋਂ ਅਲੋਪ ਹੋ ਗਿਆ ਹੈ। ਇੰਜ ਸੋਚਦਿਆਂ ਜ਼ਿੰਦਗੀ ਦੇ ਚਾਰ ਵਰ੍ਹੇ (1965 ਤੋਂ 1969) ਮੇਰੇ ਸਾਹਮਣੇ ਆ ਜਾਂਦੇ ਨੇ। ਕੁਰਕਸ਼ੇਤਰਾ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਯੂਨੀਵਰਸਿਟੀ ਵੱਲੋਂ ਮਿਲਿਆ 75 ਰੁਪਏ ਪ੍ਰਤੀ ਮਹੀਨਾ ਵਜੀਫ਼ਾ ਅਤੇ ਕੁਝ ਘਰੋਂ ਮਿਲੇ ਪੈਸਿਆਂ ਨਾਲ ਯੂਨੀਵਰਸਿਟੀ ਤੋਂ ਸੱਤ ਕਿਲੋਮੀਟਰ ਦੂਰ ਪਿੰਡ ਵਿੱਚ ਇੱਕ ਕਮਰਾ ਇਸ ਸ਼ਰਤ ਤੇ ਮਿਲ ਗਿਆ ਸੀ ਕਿ ਮਾਲਕ ਮਕਾਨ ਦੇ ਸੱਤਵੀਂ ਜਮਾਤ ਵਿੱਚ ਪੜ੍ਹਦੇ ਮੁੰਡੇ ਨੂੰ ਪੜ੍ਹਾਉਣ ਬਦਲੇ ਕਮਰੇ ਦਾ ਕਿਰਾਇਆ ਨਹੀਂ ਦੇਣਾ ਪਵੇਗਾ। ਰੋਟੀ ਸਟੋਵ ਤੇ ਆਪ ਬਣਾਉਂਦਾ ਸੀ। ਕਈ ਵਾਰ ਰੋਟੀ ਬਣਾਉਂਦਿਆਂ ਸਟੋਵ ਦਾ ਤੇਲ ਮੁੱਕ ਜਾਂਦਾ ਸੀ ਅਤੇ ਫਿਰ ਤਵੇ ਤੇ ਅੱਧ ਕੱਚੀ ਜਿਹੀ ਰੋਟੀ ਖਾ ਕੇ ਪੇਟ ਪੂਰਤੀ ਕਰਨ ਉਪਰੰਤ ਪੈਦਲ ਹੀ ਸੱਤ ਕਿਲੋਮੀਟਰ ਯੂਨੀਵਰਸਿਟੀ ਜਾਂਦਾ ਸੀ। ਦੁਪਹਿਰ ਤੱਕ ਪੀਰੀਅਡ ਲੱਗਦੇ ਸਨ ਫਿਰ ਸ਼ਾਮੀ ਐਨ.ਸੀ.ਸੀ. ਦੀ ਟਰੇਨਿੰਗ ਅਟੈਂਡ ਕਰਨੀ ਜਰੂਰੀ ਸੀ। ਦੁਪਹਿਰ ਇੱਕ ਵਜੇ ਤੋਂ ਪੰਜ ਵਜੇ ਤੱਕ ਲਾਇਬਰੇਰੀ ਵਿੱਚ ਸਿਲੇਬਸ ਦੀਆਂ ਕਿਤਾਬਾਂ ਜਾਂ ਫਿਰ ਉਸਾਰੂ ਸਾਹਿਤ ਪੜ੍ਹਦਾ ਸੀ। ਇੱਕ ਘੰਟਾ ਐਨ.ਸੀ.ਸੀ. ਦੀ ਪਰੇਡ ਕਰਕੇ ਫਿਰ ਆਪਣੇ ਕਮਰੇ ਦੀ ਪੈਦਲ ਯਾਤਰਾ, ਫਿਰ ਆਟਾ ਗੁੰਨਣ ਉਪਰੰਤ ਸਟੋਵ ਤੇ ਰੋਟੀਆਂ ਬਣਾਉਣ ਦਾ ਜੁਗਾੜ, ਕੁਝ ਸਮਾਂ ਆਰਾਮ ਕਰਕੇ ਫਿਰ ਲੈਂਪ ਦੀ ਰੌਸ਼ਨੀ ਵਿੱਚ ਪੜ੍ਹਾਈ ਕਰਨਾ ਨਿੱਤ ਨੇਮ ਰਿਹਾ। ਇੱਕ ਸਾਲ ਪੈਦਲ ਜਾਣ ਦੇ ਸੰਘਰਸ਼ ਬਾਅਦ ਘਰਦਿਆਂ ਨੇ ਸਾਇਕਲ ਲੈ ਦਿੱਤਾ ਸੀ। ਸਾਇਕਲ ਲੈ ਕੇ ਵੀ ਮੇਰਾ ਨਿੱਤ ਨੇਮ ਪਹਿਲਾ ਵਾਂਗ ਹੀ ਜਾਰੀ ਰਿਹਾ। ਸਾਹਿਤ ਸਿਰਜਨ ਮੁਕਾਬਲੇ, ਕਵਿਤਾ ਅਤੇ ਡਿਬੇਟ ਦੇ ਮੁਕਾਬਲਿਆਂ ਵਿੱਚ ਜੇਤੂ ਰਹਿਣ ਕਾਰਨ ਮੇਰਾ ਕਮਰਾ ਸ਼ੀਲਡਾਂ ਨਾਲ ਭਰਦਾ ਰਿਹਾ। ਪੜ੍ਹਾਈ ਦੇ ਖੇਤਰ ਵਿੱਚ ਮਾਰੀਆਂ ਮੱਲਾਂ ਮੇਰੀ ਜ਼ਿੰਦਗੀ ਦਾ ਖੂਬਸੂਰਤ ਹਾਸਲ ਨੇ।

ਇਸ ਸੰਘਰਸ਼ ਦੇ ਪ੍ਰਤੀਕ੍ਰਮ ਵਜੋਂ ਹੀ ਸਟੇਟ ਦੇ ਉੱਤਮ ਅਧਿਆਪਕ ਵਜੋਂ ਸਟੇਟ ਐਵਾਰਡ, ਸਮਾਜ ਸੇਵਾ ਅਤੇ ਸਾਹਿਤਕ ਸੇਵਾਵਾਂ ਲਈ ਦੂਜੀ ਵਾਰ ਸਟੇਟ ਐਵਾਰਡ ਪੰਜਾਬ ਅਤੇ ਪੰਜਾਬ ਤੋਂ ਬਾਹਰਲੀਆਂ ਸੰਸਥਾਵਾਂ ਵਿੱਚੋਂ ਮਿਲੇ ਸਨਮਾਨ ਜ਼ਿੰਦਗੀ ਦੀ ਅਹਿਮ ਪ੍ਰਾਪਤੀ ਹਨ। ਸੀਨੀਅਰ ਜ਼ਿਲ੍ਹਾ ਬਚਤ ਅਫ਼ਸਰ ਵਜੋਂ ਸੇਵਾ ਮੁਕਤ ਹੋ ਕੇ ਵੀ ਲੋਕਾਂ ਦੇ ਅੱਥਰੂ ਪੂੰਜਣ ਲਈ ਹਮੇਸ਼ਾ ਹੀ ਯਤਨਸ਼ੀਲ ਹਾਂ।

ਭੁੱਖ, ਖਾਲ੍ਹੀ ਜੇਬ ਅਤੇ ਗੁਰਬਤ ਦਾ ਸਫਰ ਹੰਢਾ ਕੇ ਹੁਣ ਮਹਿਸੂਸ ਹੁੰਦਾ ਹੈ ਕਿ ਜਿਵੇਂ ਫੁੱਲਾਂ ਦੀ ਰੰਗੀਨ ਵਾਦੀ ਚੋਂ ਗੁਜ਼ਰ ਰਿਹਾ ਹੋਵਾਂ ਅਤੇ ਇਹ ਅਹਿਸਾਸ ਵੀ ਹੁੰਦਾ ਹੈ ਕਿ ਜੋ ਪਾਣੀ ਨਾਲ ਨਹਾਉਂਦਾ ਹੈ, ਉਹ ਸ਼ਰੀਰ ਦੀ ਮੈਲ ਉਤਾਰਦਾ ਹੈ, ਪਰ ਜੋ ਮੁੜ੍ਹਕੇ ਨਾਲ ਨਹਾਉਂਦਾ ਹੈ ਉਹ ਮਨ ਦੀ ਮੈਲ ਧੋਣ ਦੇ ਨਾਲ ਨਾਲ ਔਝੜ ਰਾਹਾਂ ਤੇ ਆਪਣੇ ਸੰਦਲੀ ਪੈੜਾਂ ਦੇ ਨਿਸ਼ਾਨ ਛੱਡ ਕੇ ਮੰਜਲ ਤੇ ਪਹੁੰਚਦਾ ਹੈ। ਸਫ਼ਲਤਾ ਅਜਿਹੇ ਵਿਅਕਤੀਆਂ ਦੇ ਹਮੇਸ਼ਾ ਹੀ ਅੰਗ-ਸੰਗ ਰਹਿੰਦੀ ਹੈ।

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ



East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!



For more info call:
Sandeep Pandher
MANAGER
at 403-999-2500




# ਮੇਰੇ ਹਾਣੀਆਂ ਨੇ, ਮੈਥੋਂ ਛੋਟਿਆਂ ਨੇ 'ਦਿਲਸ਼ਾਦ ਅਖਤਰ' ਨੂੰ ਰੱਜ ਕੇ ਸੁਣਿਐ

ਮਨ ਵਿੱਚ ਵਸਦੈਂ ਸੱਜਣਾ ਵੇ
ਰਹਿਣੈਂ ਅੱਖੀਆਂ ਤੋਂ ਦੂਰ
ਤੂੰ ਕੀ ਜਾਣੇਂ ਸੱਜਣਾਂ
ਮੈਂ ਇੱਥੇ ਕਿੰਨੀ ਮਜਬੂਰ"

ਦਿਲਸ਼ਾਦ ਅਖਤਰ ਦੀ ਭੈਣ ਮਨਪ੍ਰੀਤ ਅਖਤਰ ਵੀ ਪੰਜਾਬ ਦੀ ਬਹਤ ਸੁਰੀਲੀ ਗਾਇਕਾ ਸੀ।

ਰਾਈ ! ਤੈਨੂੰ ਸੁੱਤਿਆ ਖ਼ਬਰ ਨਾ ਕਾਈ
ਬਾਬਲਾ ਭੁਆ ਦੇ ਬੇੜੀਆਂ
ਮੇਰੀ ਜੰਨ ਪੱਤਨਾਂ 'ਤੇ ਆਈ"

ਦਿਲਸ਼ਾਦ ਦਾ ਵੱਡਾ ਭਰਾ ਗੁਰਾਂ ਦਿੱਤਾ ਵੀ ਵਧੀਆ ਗਾਇਕ ਐ ਪਰ ਉਸਨੇ ਗਾਇਕੀ ਨੂੰ ਕਿੱਤੇ ਵੱਜੋਂ ਨਹੀਂ ਅਪਨਾਇਆ। ਦਿਲਸ਼ਾਦ ਦੇ ਪਿਤਾ ਜੀ ਕੀੜੇ ਖਾਂ ਸ਼ੁਕੀਨ ਦਾ ਤਾਂ ਕੋਈ ਸਾਨੀ ਹੀ ਨਹੀਂ ਸੀ

"ਗੱਡੀ ਵਾਲਿਆ ਵੇ ਅੜਬ ਤਖਾਣਾਂ
ਕੁੜੀਆਂ ਨੂੰ ਮਿਲ ਲੈਣ ਦੇ"

ਕੀੜੇ ਖਾਂ ਸ਼ੁਕੀਨ ਦੇ ਯੁੱਗ ਵਿੱਚ ਕੁੱਝ ਹੋਰ ਦੋ ਗਾਣੇ ਬੜੇ ਹਿੱਟ ਹੋਏ ਸੀ ਜਿਹਨਾਂ ਵਿੱਚ

ਵੇ ਵਣਜਰਿਆ ਵੰਗਾਂ ਵਾਲਿਆ
ਕਿੱਥੇ ਨੇ ਤੇਰੇ ਘਰ ਵੇ
ਪਿੰਡ ਦੀਆਂ ਕੁੜੀਆਂ ਕਰ ਲੈ ਕੱਠੀਆਂ
ਕਿਉਂ ਫਿਰਦੈਂ ਦਰ ਦਰ ਵੇ
ਭੀੜੀ ਵੰਗ ਬਚਾ ਕੇ ਚਾੜ੍ਹੀਂ
ਮੈਂ ਜਾਊਂਗੀ ਮਰ ਵੇ
ਮੇਰਾ ਨਰਮ ਕਾਲਜਾ
ਬੋਤਲ ਵਰਗਾ ਗਲ ਵੇ"
ਨੀ ਮੁਟਿਆਰੇ, ਚੜ੍ਹੀ ਚੁਬਾਰੇ
ਹੇਠਾਂ ਨਜ਼ਰਾਂ ਕਰ ਨੀ
ਮੈਂ ਵਣਜਾਰਾ, ਕਰਮਾਂ ਮਾਰਾ
ਹਾਂ ਫਿਰਦਾ ਦਰ ਦਰ ਨੀ
ਤੇਰਾ ਉੱਡੇ ਡੋਰੀਆ
ਮਹਿਲਾਂ ਵਾਲੇ ਘਰ ਨੀ"

ਤੇ

'ਵੇ ਚੱਕ ਲਿਆ ਮੋਰ ਬਣਕੇ


ਦਿਲਸ਼ਾਦ ਅਖਤਰ

ਮੇਰੀ ਡਿੱਗ ਪਈ ਚਰ੍ਹੀ ਦੇ ਵਿੱਚ
ਗਾਨੀਨੀ ਗਾਨੀਂ ਤੇਰੀ ਤਾਂ ਦੇਊਂਗਾ
ਜੇ ਤੂੰ ਮਿਤਰਾਂ ਨੂੰ ਦੇਵੇਂਗੀ ਨਿਸ਼ਾਨੀ "

ਸੁਰਿੰਦਰ ਕੌਰ ਤੇ ਨਰਿੰਦਰ ਬੀਬਾ ਵਰਗੀਆਂ ਚੋਟੀ ਦੀਆਂ ਗਾਇਕਾਵਾਂ ਨਾਲ ਇਹ ਗੀਤ ਗਾਇਕ "ਸਾਬਰ ਹੁਸੈਨ ਸਾਬਰ" ਨੇ ਗਾਏ ਸਨ । ਸਾਬਰ ਹੁਸੈਨ ਸਾਬਰ ਵੀ ਦਿਲਸ਼ਾਦ ਅਖਤਰ ਦਾ ਸਕਾ ਮਾਮਾ ਸੀ ।ਇਹ ਗੱਲ ਤਾਂ ਮੈਂ ਕੀੜੇ ਖਾਂ ਸ਼ੁਕੀਨ ਜਾਂ ਸਾਬਰ ਹੁਸੈਨ ਸਾਬਰ ਤੋਂ ਸ਼ੁਰੂ ਕਰਨੀ ਸੀ ਪਰ ਕਹਿੰਦੇ ਹਾਣ ਨੂੰ ਹਾਣ ਪਿਆਰਾ ਹੁੰਦੈ, ਦਿਲਸ਼ਾਦ ਮੇਰਾ ਹਾਣੀ ਸੀ, ਮੇਰਾ ਬੇਲੀ ਵੀ ਸੀ ਅਸੀਂ ਉਸਨੂੰ ਸ਼ਾਦੀ ਕਹਿਕੇ ਬੁਲਾਉਂਦੇ ਹੁੰਦੇ ਸੀ। ਸਾਬਰ ਹੁਸੈਨ ਸਾਬਰ ਦੀ ਸਿੱਖ ਧਰਮ ਵਿੱਚ ਡੂੰਘੀ ਆਸਥਾ ਸੀ ਕਿਸੇ ਦਿਨ ਉਹਨਾਂ ਬਾਰੇ ਵੀ ਜਰੂਰ ਗੱਲਬਾਤ ਕਰਾਂਗੇ।

### ਨਕਸ਼ ਲਾਇਲਪੁਰੀ – ਜਸਵੰਤ ਰਾਏ ਸ਼ਰਮਾਂ



ਇਹ ਨਾਮ ਲੈਂਦਿਆਂ ਹੀ ਅੱਖਾਂ ਮੂਹਰੇ ਕਿਸੇ ਅਲੀਗੜ੍ਹ ਦੇ ਨਵਾਬ ਜਿਹੇ ਸ਼ਾਇਰ ਦਾ ਚਿਹਰਾ ਘੁੰਮ ਜਾਂਦਾ ਹੈ

ਮੈਂ ਬਚਪਨ ਵਿੱਚ ਇੱਕ ਪੰਜਾਬੀ ਗੀਤ ਸੁਣਿਆ ਸੀ ਜਿਸਦੇ ਬੋਲ ਸਨ

" ਕਾਹਨੂੰ ਤੋਰਿਆ ਸੀ ਮਾਏਂ ਮੁਕਲਾਵੇ
ਨੀ ਸੋਹਰੇ ਆ ਕੇ ਜਿੰਦ ਰੁਲ ਗਈ
ਕੱਚਾ ਘਰ ਮੈਥੋਂ ਲਿੱਪਿਆ ਨਾਂ ਜਾਵੇ
ਨੀਂ ਸੌਹਰੇ ਆ ਕੇ ਜਿੰਦ ਰੁਲ ਗਈ। "

ਨਾਂ ਤਾਂ ਹੁਣ ਕੱਚੇ ਘਰ ਰਹੇ, ਨਾਂ ਮੁਕਲਾਵੇ ਦੀ ਰਸਮ ਪਰ ਕਈ ਦਿਨ ਪਹਿਲਾਂ ਆਪਣੀ ਲਾਇਬਰੇਰੀ ਦੀ ਫੋਲਾ ਫਾਲੀ ਕਰਦਿਆਂ ਇਹ ਰਿਕਾਰਡ ਮੇਰੇ ਹੱਥ ਲੱਗ ਗਿਆ ਤੇ ਰਿਕਾਰਡ ਤੇ ਉਪਰੋਕਤ ਗੀਤਕਾਰ ਦਾ ਨਾਮ ਨਕਸ਼ ਲਾਇਲਪੁਰੀ ਲਿਖਿਆ ਹੋਇਆ ਹੈ।

**ਕੌਣ ਹੈ ਨਕਸ਼ ਲਾਇਲਪੁਰੀ ?**

ਨਕਸ਼ ਲਾਇਲਪੁਰੀ ਪੰਜਾਬ ਦਾ ਪੁੱਤਰ ਸੀ। ਜਿਸਦਾ ਅਸਲ ਨਾਮ ਜਸਵੰਤ ਰਾਏ ਸ਼ਰਮਾਂ ਸੀ। ਜਸਵੰਤ ਦਾ ਜਨਮ 24 ਜਨਵਰੀ 1928 ਨੂੰ ਲਾਇਲਪੁਰ (ਫੈਸਲਾਬਾਦ) ਵਿਖੇ ਹੋਇਆ ਜਿਸਨੇ ਉਰਦੂ ਅਤੇ ਹਿੰਦੀ ਜ਼ੁਬਾਨਾਂ 'ਚ ਲਿੱਖ ਕੇ ਬਹੁਤ ਨਾਮ ਖੱਟਿਆ ਪਰ ਆਪਣੀ ਮਾਤ ਭਾਸ਼ਾ ਪੰਜਾਬੀ ਨੂੰ ਹੱਦੋਂ ਵੱਧ ਸਤਿਕਾਰ ਦਿੱਤਾ।

1963 ਵਿੱਚ ਬਣੀ ਪੰਜਾਬੀ ਫਿਲਮ "ਗੀਤ ਬਹਾਰਾਂ ਦੇ" ਵਿੱਚ ਨਕਸ਼ ਲਾਇਲਪੁਰੀ ਦਾ ਲਿਖਿਆ ( ਇੱਕ ਬਾਗੀ ਸੁਰ ਦਾ) ਗੀਤ ਜੋ ਮਹੁੰਮਦ ਰਫੀ ਦੀ ਆਵਾਜ਼ ਵਿੱਚ ਸਦਾਬਹਾਰ ਗੀਤ ਹੈ

"ਇਹ ਗੁਲਸ਼ਨ ਵੀ ਕੀ ਗੁਲਸ਼ਨ ਹੈ
ਕਲੀਆਂ ਦੀ ਜਲੇ ਚਿਤਾ ਏਥੇ
ਸ਼ਬਨਮ ਦੇ ਸਹਿਕਣ ਅੱਥਰੂ ਤੇ
ਬੁੱਲਬੁੱਲ ਦੀ ਜਲਾ ਸਦਾ ਏਥੇ
ਰੋ ਉੱਠਣ ਗੀਤ ਬਹਾਰਾਂ ਦੇ
ਫ਼ੁੱਲਾਂ ਦੀ ਜਲੇ ਵਫ਼ਾ ਏਥੇ
ਇਸ ਗੁਲਸ਼ਨ ਵਿਚ ਸਭ ਜਲਦੇ ਨੇ
ਬੱਚ ਰਹਿਣ ਦੀ ਸੂਰਤ ਕੁੱਝ ਵੀ ਨਹੀਂ
ਜੀ ਕਰਦੈ ਏ ਇਸ ਦੁਨੀਆਂ ਨੂੰ
ਮੈਂ ਹੱਸ ਕੇ ਠੋਕਰ ਮਾਰ ਦਿਆਂ
ਕੁੱਲ ਧਰਮ ਨੇ ਏਥੋਂ ਦਾ ਪੈਸਾ
ਇਮਾਨ ਵੀ ਏਥੋਂ ਦਾ ਪੈਸਾ
ਇਨਸਾਨ ਵੀ ਏਥੋਂ ਦਾ ਪੈਸਾ
ਭਗਵਾਨ ਵੀ ਏਥੋਂ ਦਾ ਪੈਸਾ
ਗੀਤਾ ਵੀ ਏਥੋਂ ਦੀ ਪੈਸਾ
ਕੁਰਾਨ ਵੀ ਏਥੋਂ ਦਾ ਪੈਸਾ
ਦੁਨੀਆਂ ਦੀ ਹਕੀਕਤ ਪੈਸਾ ਏ
ਪੈਸੇ ਦੀ ਹਕੀਕਤ ਕੁੱਝ ਵੀ ਨਹੀਂ
ਜੀ ਕਰਦੈ ਏ ਇਸ ਦੁਨੀਆਂ ਨੂੰ
ਮੈਂ ਹੱਸ ਕੇ ਠੋਕਰ ਮਾਰ ਦਿਆਂ
ਦਿਲ ਤੋੜ ਕੇ ਸਭ ਦਾ ਇਹ ਦੁਨੀਆਂ
ਇਕ ਆਪਣਾ ਦਿਲ ਪ੍ਰਚਾਉਂਦੀ ਏ
ਇਹ ਸੇਕ ਚਿਤਾਵਾਂ ਦਾ ਲੈ ਕੇ
ਤਨ ਆਪਣੇ ਨੂੰ ਗਰਮਾਉਂਦੀ ਏ
ਜਿਉਂਦੇ ਜੀਅ ਕੰਡੇ ਦੇਂਦੀ ਏ
ਮੋਇਆਂ ਤੇ ਫ਼ੁਲ ਚੜ੍ਹਾਉਂਦੀ ਏ
ਮੁਰਦੇ ਨੂੰ ਪੂਜੇ ਇਹ ਦੁਨੀਆਂ
ਜਿਉਂਦੇ ਦੀ ਹਕੀਕਤ ਕੁੱਝ ਵੀ ਨਹੀਂ
ਜੀ ਕਰਦਾ ਏ ਇਸ ਦੁਨੀਆਂ ਨੂੰ
ਮੈਂ ਹੱਸ ਕੇ ਠੋਕਰ ਮਾਰ ਦਿਆਂ
ਕੱਲ੍ਹ ਤਾਈਂ ਸਭ ਕੱਝ ਸਹਿ ਲੀਤਾ
ਅੱਜ ਕਹਿਣ ਦੀ ਹਿੰਮਤ ਕਰਨਾਂ ਹਾਂ
ਮੈਂ ਝੂਠੇ ਰਿਵਾਜ਼ਾਂ ਤੇ ਝੂਠੇ ਦਸਤੂਰ ਤੋਂ ਨਫਰਤ ਕਰਨਾ ਹਾਂ
ਬਾਗੀ ਹਾਂ ਇਹਨਾਂ ਸਮਾਜ਼ਾਂ ਤੋਂ
ਲਾਚਾਰ ਬਗਾਵਤ ਕਰਦਾ ਹਾਂ
ਇਹ ਲੁੱਟਣ ਖੋਹਣ ਦੀ ਮੰਡੀ ਏ
ਮੈਨੂੰ ਇਹਦੀ ਜ਼ਰੂਰਤ ਕੁੱਝ ਵੀ ਨਹੀਂ
ਜੀ ਕਰਦਾ ਏ ਇਸ ਦੁਨੀਆਂ ਨੂੰ
ਮੈਂ ਹੱਸ ਕੇ ਠੋਕਰ ਮਾਰ ਦਿਆਂ

ਘਰੌਂਦਾ, ਦਿਲ ਕੀ ਰਾਹੇਂ ,ਖਾਨਦਾਨ, ਦਰਦ ਸਮੇਤ ਅਨੇਕਾਂ ਹੀ ਹਿੰਦੀ ਫਿਲਮਾਂ ਲਈ ਗੀਤ ਲਿਖੇ 1991 ਚ ਬਣੀ ਸ਼ਾਹਕਾਰ ਫਿਲਮ ਹਿਨਾ ਲਈ ਪੰਜਾਬੀ ਰੰਗ ਵਿੱਚ ਰੰਗਿਆ ਗੀਤ ਲਿਖ ਕੇ ਪੰਜਾਬੀ ਜ਼ੁਬਾਨ ਦਾ ਰੁਤਬਾ ਹੋਰ ਵਧਾਇਆ। ਉਸ ਗੀਤ ਦੇ ਬੋਲ ਸਨ

"ਚਿੱਠੀਏ ਨੀ !
ਦਰਦ ਫ਼ਿਰਾਕ ਵਾਲੀਏ
ਲੈਜਾ ਲੈਜਾ ਸੁਨੇਹੜਾ
ਸੋਹਣੇ ਯਾਰ ਦਾ
ਤੈਨੂੰ ਵਾਸਤਾ ਈ
ਦਿਲ ਦੀ ਪੁਕਾਰ ਦਾ
ਲੈ ਜਾ ਲੈ ਜਾ ਸੁਨੇਹੜਾ
ਸੋਹਣੇ ਯਾਰ ਦਾ
ਪੱਲੇ ਵਿੱਚ ਅੱਗ ਦੇ ਅੰਗਾਰੇ ਨਹੀਂ ਲੁੱਕਦੇ
ਇਸ਼ਕ ਤੇ ਮੁਸ਼ਕ ਛੁਪਾਏ ਨਹੀਂ ਛੁਪਦੇ
ਫਿਰ ਵੀ ਯੇ ਰਾਜ ਜਾਨ ਜਾਤੀ ਹੈ ਦੁਨੀਆਂ
ਹੋਠੋਂ ਪੇ ਲਗਾ ਲੇ, ਚਾਹੇ ਤਾਲੇ ਕੋਈ ਚੁੱਪ ਦੇ
ਬੂਟਾ ਪੱਥਰਾਂ 'ਚ ਉੱਗਦਾ ਏ ਪਿਆਰ ਦਾ
ਲੈਜਾ ਲੈਜਾ ਸੰਦੇਸ਼ਾ ਸੋਹਣੇ ਯਾਰ ਦਾ
ਚਿੱਠੀਏ ਨੀ! ਦਰਦ ਫਿਰਾਕ ਵਾਲੀਏ

ਫਿਲਮ – ਹਿਨਾ (1991)
ਗੀਤਕਾਰ – ਨਕਸ਼ ਲਾਇਲਪੁਰੀ
ਤਰਜ਼ – ਰਵਿੰਦਰ ਜੈਨ
ਆਵਾਜ਼ – ਲਤਾ ਮੰਗੇਸ਼ਕਰ
ਅਦਾਕਾਰਾ – ਜੇਬਾ ਬਖਤਿਆਰ

22 ਜਨਵਰੀ 2017 ਨੂੰ ਪੰਜਾਬ ਦੇ ਇਸ ਗੀਤਕਾਰ ਨੇ ਅੰਧੇਰੀ ਮੁੰਬਈ ਵਿਖੇ ਆਖਰੀ ਸਾਹ ਲਿਆ

facebook **ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ**

# ਪੰਜਾਬੀ ਸਿਨਮਾ ਜਿਸ 'ਭੰਵਰਜਾਲ' ਵਿੱਚ ਫਸਿਆ ਹੋਇਆ ਹੈ, ਬਹੁਤੇ ਲੋਕ ਉਸ ਤੋਂ ਨਿਰਾਸ਼ ਹਨ

ਪੰਜਾਬੀ ਸਿਨਮਾ ਜਿਸ 'ਭੰਵਰਜਾਲ' ਵਿਚ ਫਸਿਆ ਹੋਇਆ ਹੈ , ਬਹੁਤੇ ਲੋਕ ਉਸ ਤੋਂ ਨਿਰਾਸ਼ ਹਨ । ਇੱਧਰ ਪੰਜਾਬੀ ਸਿਨਮਾ ਤੇ ਉੱਧਰ ਪੰਜਾਬ ਵੀ ਆਪਣੇ ਆਪ ਵਿਚ ਇਸੇ ਤਰ੍ਹਾਂ ਦੇ ਭੰਵਰਜਾਲ ਵਿੱਚ ਫਸਿਆ ਨਜ਼ਰ ਆਉਂਦਾ ਹੈ ।

ਅਜਿਹੇ ਸਮਿਆਂ ਵਿੱਚ ਜਦੋਂ ਪੰਜਾਬ ਵਿੱਚ ਜਾਤੀਵਾਦ ਦਾ ਜ਼ਹਿਰ ਘੁਲ ਰਿਹਾ ਹੈ , ਧਾਰਮਿਕ ਵਖਰੇਵੇਂ ਪੈਦਾ ਕਰਕੇ ਰਾਜਨੀਤੀ ਦੀ ਹਨ੍ਹੇਰੀ ਆ ਗਈ ਹੈ , ਇੱਥੋਂ ਤਕ ਕਿ ਸ਼ਹੀਦਾਂ ਤੇ ਵੀ ਵਿਵਾਦ ਖੜ੍ਹਾ ਹੋ ਗਿਆ ਹੈ , ਸਿਨੇਮਾ ਦਾ ਇਹ ਵਿਵਹਾਰ ਇਕ ਲਾਪ੍ਰਵਾਹੀ ਵੱਲ ਸੰਕੇਤ ਕਰਦਾ ਹੈ ।

ਪੰਜਾਬ ਇਕ ਗੰਭੀਰ ਦੌਰ ਵਿੱਚੋਂ ਨਿਕਲ ਰਿਹਾ ਹੈ ਅਤੇ ਪੰਜਾਬੀ ਫਿਲਮਾਂ ਵਾਲੇ ਅਜਿਹੀਆਂ ਫ਼ਿਲਮਾਂ ਬਣਾ ਰਹੇ ਹਨ ਜਿਨ੍ਹਾਂ ਦਾ ਇਸ ਦੌਰ ਨਾਲ ਕੋਈ ਤਾਲੁਕ ਹੀ ਪ੍ਰਤੀਤ ਨਹੀਂ ਹੁੰਦਾ ।

ਇਹ ਅਜਿਹਾ ਸਮਾਂ ਹੈ ਜਦੋਂ ਸਾਹਿਤਕਾਰਾਂ ਬੁੱਧੀਜੀਵੀਆਂ ਨੂੰ ਆਪਣੀ ਗੱਲ ਸਮਾਜ ਵਿਚ ਰੱਖਣੀ ਚਾਹੀਦੀ ਹੈ , ਪੰਜਾਬੀਅਤ ਦੀ ਗੱਲ ਰੱਖਣੀ ਚਾਹੀਦੀ ਹੈ ।

ਇਹ ਕੋਈ ÷ They shouId ÷ ਵਾਲੀ ਗੱਲ ਮਾਤਰ ਹੀ ਨਹੀਂ ਹੈ ਪੰਜਾਬ ਨੂੰ ਇਸ ਦੀ ਵੱਡੀ ਜ਼ਰੂਰਤ ਹੈ ।

÷ ਇੱਕ ਫਰਜ਼ ÷

ਪਿਛਲੇ ਦਿਨੀਂ ਦੋਸਤਾਂ ਦੀ ਇਕੱਤਰਤਾ ਵਿਚ ਫਿਲਮ ਨਿਰਮਾਤਾ ਇਕਬਾਲ ਢਿੱਲੋਂ ਹੁਰਾਂ ਨੇ ਆਪਣੀ ਨਵੀਂ ਫ਼ਿਲਮ÷ ਤਬਾਹੀ ਰੀ ਲੋਡਡ ÷ ਦੇ ਕੁਝ ਅੰਸ਼ ਦਿਖਾਏ ਸਨ । ਚੰਗਾ ਲੱਗਿਆ ਇਸ ਵਿੱਚ ਪੰਜਾਬ ਦੇ ਹਾਲਾਤਾਂ ਦੀ ਗੱਲ ਕੀਤੀ ਗਈ ਹੈ ,ਪੰਜਾਬ ਨਾਲ ਹੋ ਰਹੇ ਧੱਕੇ ਦੀ ਵੀ ਗੱਲ ਕੀਤੀ ਗਈ ਹੈ , ਜਿੱਥੋਂ ਤੱਕ ਮੈਂ ਸਮਝਾ ਹੈ ਉਨ੍ਹਾਂ ਨੇ ਇਹ ਦੱਸਣ ਦਾ ਵੀ ਯਤਨ ਕੀਤਾ ਹੈ ਕਿ ਪੰਜਾਬ ਕਿਸ ਤਰ੍ਹਾਂ ਸਾਜ਼ਿਸ਼ਾਂ ਦਾ ਮਰਕਜ਼ ਬਣਦਾ ਜਾ ਰਿਹਾ ਹੈ।




ਸਹੀ ਤਬਸਰਾ ਤਾਂ ਫ਼ਿਲਮ ਦੇਖਣ ਤੋਂ ਬਾਅਦ ਹੀ ਕੀਤਾ ਜਾ ਸਕਦਾ ਹੈ ਪਰ ਇੰਨਾ ਜ਼ਰੂਰ ਮਹਿਸੂਸ ਹੋਇਆ ਕਿ ਪੰਜਾਬ ਹੁਣ ਫਿਲਮਾਂ ਵਿਚ ਬੁੱਧੀਜੀਵਤਾ ਦੀ ਮੰਗ ਕਰਦਾ ਹੈ , ਉਸ ਨੇ ਇੱਕ ਲੰਬੇ ਦੌਰ ਤਕ ਹਸਾਉਣ ਵਾਲੀਆਂ ਫ਼ਿਲਮਾਂ ਦੇਖ ਲਈਆਂ ਹਨ , ਜਿਵੇਂ ਕੋਈ ਇਨਸਾਨ ਲੰਮੇ ਸਮੇਂ ਤਕ ਸਿਰਫ ਖੀਰ ਹੀ ਖਾਂਦਾ ਰਹੇ ..ਹੁਣ ਭਾਵੇਂ ਕਿੰਨੀ ਵੀ ਸੁਆਦ ਹੋਵੇ ਅਖੀਰ ਵਿੱਚ ਅੱਕ ਜਾਵੇਗਾ।

ਢਿੱਲੋਂ ਸਾਬ੍ਹ ਅਤੇ ਬਲਵੀਰ ਟਾਂਡਾ ਦੀ ਪੇਸ਼ਕਸ਼ ਦਾ ਇੰਤਜ਼ਾਰ ਰਹੇਗਾ ।

ਹੁਣੇ ਇਕਬਾਲ ਢਿੱਲੋਂ ਸਾਬ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਆਪਣੀ ਨਵੀਂ ਫ਼ਿਲਮ ਵੀ ਸਮਾਜਿਕ ਮੁੱਦਿਆਂ ਵਿੱਚੋਂ ਇੱਕ ਚੁਣੀ ਹੈ ।

÷ਆਰਟੀਕਲ 295÷

ਇਕ ਭਖਦਾ ਮੁੱਦਾ ...ਮੈਂ ਬਜ਼ਾਤੇ ਖ਼ੁਦ ਇਕਬਾਲ ਢਢਿੱਲੋਂ ਸਾਹਿਬ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਨ੍ਹਾਂ ਵਿਸ਼ਿਆਂ ਤੇ ਫ਼ਿਲਮ ਬਣਾਉਣ ਦੀ ਪਹਿਲ ਕੀਤੀ ਹੈ ।

ਬਹਰ ਹਾਲ ਇਨ੍ਹਾਂ ਜ਼ਰੂਰ ਕਹਿਨਾ ਚਾਹੁੰਦਾ ਹਾਂ ਜਦੋਂ ਕੋਈ ਕੌਮ ਗੰਭੀਰ ਹਾਲਾਤਾਂ ਵਿੱਚੋਂ ਨਿਕਲ ਰਹੀ ਹੋਵੇ ਤਾਂ ਬੁੱਧੀਜੀਵੀ ਵਰਗ ਦੀ ਜ਼ਿੰਮੇਵਾਰੀ ਵੱਡੀ ਹੋ ਜਾਂਦੀ ਹੈ ਅਤੇ ਸਿਨੇਮਾ ਕਲਾ ਨਾਲ ਜੁੜੇ ਲੋਕਾਂ ਨੂੰ ਇਹ ਸਮਝਣਾ ਪੈਣਾ ਹੈ ਕਿ ਇਸ ਕਲਾ ਦਾ ਪ੍ਰਭਾਵ ਸਿੱਧੇ ਤੌਰ ਤੇ ਬਹੁਤ ਜਲਦੀ ਸਮਾਜ ਤੇ ਪੈਂਦਾ ਹੈ ।

(ਤਰਸੇਮ ਬਸ਼ਰ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)

# ਉਹ ਵੇਲਾ ਯਾਦ ਕਰ



ਬਲਵਿੰਦਰ ਕੌਰ ਬਰਾੜ
403 590 9629



**ਕਿੰਜ ਇਕੱਠੇ ਰਹਿ ਲੈਂਦੇ ਨੇ ਦਿਲ ਫਟਿਆਂ ਤੋਂ ਲੋਕ,**
**ਸਾਥੋਂ ਹੱਥ ਚ ਫੜ ਨਾ ਹੋਵੇ ਤਿੜਕਿਆ ਹੋਇਆ ਗਲਾਸ।**
**ਉਨ੍ਹਾਂ ਦੇ ਘਰ ਉਸਰੀਆਂ ਦੀਵਾਰਾਂ ਸਰਹੱਦ ਵਾਂਗ,**
**ਜੋ ਕਹਿੰਦੇ ਸੀ ਵੱਖ ਨਹੀਂ ਹੁੰਦਾ ਨਹੁੰਆਂ ਨਾਲੋਂ ਮਾਸ।**
**(ਅਮਰਜੀਤ ਢਿੱਲੋਂ)**

ਕਿਸੇ ਵੀ ਨਿਭ ਰਹੇ ਰਿਸ਼ਤੇ, ਸੰਬੰਧ ਜਾਂ ਸਾਂਝ ਲਈ ਮਨ ਵਿਚ ਸ਼ੱਕ ਪਾਲਣਾ ਇਕ ਮਾਨਸਿਕ ਵਿਕਾਰ ਹੈ। ਕਮਜ਼ੋਰ ਮਨ ਦੀ ਬੀਮਾਰੀ ਕਹੀ ਜਾ ਸਕਦੀ ਹੈ। ਅੰਗ੍ਰੇਜ਼ੀ ਦੀ ਇਕ ਕਹਾਵਤ ਹੈ, Think everyone good unless one proves otherwise, ਜਿਸ ਦਾ ਅਰਥ ਹੈ ਕਿ ਹਰੇਕ ਆਦਮੀ ਨੂੰ ਉਦੋਂ ਤਕ ਚੰਗਾ ਹੀ ਸਮਝੋ ਜਦੋਂ ਤਕ ਉਹ ਆਪ ਨੂੰ ਇਸ ਧਾਰਨਾ ਦੇ ਉਲਟ ਨਾ ਸਾਬਤ ਕਰ ਦੇਵੇ। ਇਸ ਤੋਂ ਉਲਟ ਅਸੀਂ ਆਮ ਤੌਰ ਤੇ ਇਹ ਸੋਚ ਪਾਲ਼ਦੇ ਹਾਂ ਕਿ ਹਰ ਆਦਮੀ ਨੂੰ ਉਦੋਂ ਤਕ ਬੁਰਾ ਹੀ ਮੰਨੋ ਜਦੋਂ ਤਕ ਉਹ ਆਪਣੇ ਚੰਗੇ ਹੋਣ ਦਾ ਸਬੂਤ ਨਾ ਪੇਸ਼ ਕਰੇ। ਦੋਵੇਂ ਹੀ ਤਰੀਕਿਆਂ ਨਾਲ ਸਾਡਾ ਹੋਰਨਾ ਨਾਲ ਵਰਤਾਅ ਦਰਸਾਇਆ ਜਾ ਰਿਹਾ ਹੈ। ਸਾਡੀ ਸੋਚ ਜੇ ਸ਼ੱਕੀ ਹੈ ਤਾਂ ਕੋਈ ਚੰਗਾ ਹੋ ਹੀ ਨਹੀਂ ਸਕਦਾ। ਸ਼ੱਕੀ ਆਦਮੀ ਆਪਣੀ ਕਲਪਣਾ ਦੇ ਇਸ ਘੇਰੇ ਵਿਚ ਹੀ ਕੈਦ ਵਹਿਮ ਭਰਮ ਜਾਲ ਵਿਚ ਉਲਝਿਆ ਰਹਿੰਦਾ ਹੈ। ਆਪਣੀ ਹੀ ਬਣਾਈ ਦੁਨੀਆਂ ਵਿਚ ਹਵਾ ਨੂੰ ਗੰਢਾਂ ਮਾਰ ਕੇ ਕੋਈ ਢਾਹ ਭੰਨ ਕਰਦਾ ਅੰਦਰੇ ਅੰਦਰ ਕੁੜ੍ਹਦਾ ਹੈ।ਅਜਿਹੀ ਸੋਚ ਵਾਲਾ ਹੋਰਨਾ ਨੂੰ ਕੋਸਦਾ ਹਰ ਵਕਤ ਦੁਖੀ ਹੀ ਰਹਿੰਦਾ ਹੈ। ਅਜਿਹਾ ਸ਼ੱਕੀ ਆਦਮੀ ਬੱਸ ਆਪਣੀ ਹੀ ਪਰਿਕਰਮਾ ਕਰਦਾ ਹੋਰਨਾ ਨੂੰ ਘਟੀਆ, ਗ਼ਲਤ ਜਾਂ ਹੀਣਾ ਦਰਸਾਉਣ ਦੇ ਯਤਨ ਵਿਚ ਰੁੱਝਿਆ ਰਹਿੰਦਾ ਹੈ। ਉਸ ਨੂੰ ਰੱਸੀ ਦਾ ਸੱਪ ਨਜ਼ਰ ਆਉਂਦਾ ਹੈ। ਅੰਦਰੋਂ ਉਸ ਦਾ ਜੀਅ ਕਰਦਾ ਹੈ ਕਿ ਸਥਿਤੀ ਉਸ ਦੇ ਹੱਕ ਵਿਚ ਧਿਰ ਬਣੇ ਪਰ ਹੁੰਦਾ ਇਸ ਤੋਂ ਉਲਟ ਹੈ। ਸਾਡੇ ਇਤਿਹਾਸ ਵਿਚ ਰਾਮ ਦਾ ਸੀਤਾ ਤੇ ਸ਼ੱਕ ਕਰਨਾ ਆਮ ਹੀ ਚਿਤਾਰਿਆ ਜਾਂਦਾ ਹੈ। ਇਸੇ ਤਰ੍ਹਾਂ ਅਸੀਂ ਬੀ.ਏ. ਦੇ ਕੋਰਸ ਵਿਚ ਸ਼ੈਕਸਪੀਅਰ ਦਾ ਓਥੈਲੋ ਨਾਟਕ ਪੜ੍ਹਿਆ ਸੀ ਜਿਸ ਵਿਚ ਬਹੁਤ ਬਹਾਦਰ ਓਥੈਲੋ ਖ਼ੂਬਸੂਰਤ ਨਾਇਕਾ ਡੈਸਟੀਮੋਨਾ ਨਾਲ ਵਿਆਹਿਆ ਹੋਇਆ ਸੀ। ਲੜਾਈ ਤੇ ਜਾਣ ਸਮੇ ਕਿਸੇ ਨੇ ਚੁਗਲੀ ਲਾਈ ਕਿ ਤੇਰੀ ਪਤਨੀ ਤੇ ਤੇਰਾ ਹੀ ਦੋਸਤ ਮੋਹਿਤ ਹੋ ਸਕਦਾ ਹੈ। ਨਾਇਕ ਲੜਾਈ ਤੋਂ ਵਾਪਸ ਆ ਕੇ ਜਦ ਘਰ ਵਿਚ ਪਤਨੀ ਤੇ ਦੋਸਤ ਨੂੰ ਇਕੱਠੇ ਦੇਖਦਾ ਹੈ ਤਾਂ ਸ਼ੱਕ ਹੋਣ ਕਾਰਨ ਦੋਹਾਂ ਨੂੰ ਮਾਰ ਦਿੰਦਾ ਹੈ। ਚੁਗਲੀ ਵਾਲੇ ਨੇ ਕਿਹਾ ਕਿ ਮੈਂ ਤਾਂ ਮਜ਼ਾਕ ਕੀਤਾ ਸੀ, ਤੂੰ ਸੱਚ ਮੰਨ ਗਿਆ। ਨਾਟਕ ਦੇ ਅਖ਼ੀਰ ਤੇ ਓਥੈਲੋ ਆਖਦਾ ਹੈ ਕਿ ਸ਼ੱਕ ਕਰ ਕੇ ਮੈਂ ਆਪਣਾ ਵਧੀਆ ਦੋਸਤ ਅਤੇ ਆਪਣੀ ਖ਼ੂਬਸੂਰਤ ਪਤਨੀ ਦੋਵੇਂ ਗੰਵਾ ਲਏ ਹਨ। ਜ਼ਾਹਿਰ ਹੈ ਕਿ ਸ਼ੱਕੀ ਆਦਮੀ ਮੇਰ ਪਾਲਦਾ ਹੀ ਨਹੀਂ ਸਗੋਂ ਕਿਸੇ ਹੋਰ ਦਾ ਦਾਬਾ ਜਾਂ ਕਬਜ਼ਾ ਹੋਣ ਦਾ ਡਰ ਵੀ ਪਾਲਦਾ ਹੈ। ਸ਼ੱਕ ਕਾਰਨ ਰਿਸ਼ਤੇ ਵਿਚ ਲੱਗਣ ਵਾਲੀ ਸੰਨ੍ਹ ਹੌਲੀ ਹੌਲੀ ਉਂਗਲ ਦੀ ਵਿੱਥ ਨੂੰ ਚੱਪੇ ਤਕ ਪੁਚਾ ਦਿੰਦੀ ਹੈ। ਮੈਂ, ਮੇਰੀ ਦੇ ਚੱਕਰ ਵਿਚ ਹਰ ਸਿੱਧੀ ਕਹੀ ਗੱਲ ਦਾ ਤਰਜੁਮਾ ਪੁੱਠਾ ਕਰ ਕੇ ਹੀ ਸੁਣਦਾ ਹੈ। ਆਮ ਤੌਰ ਤੇ ਇਹ ਸ਼ੱਕ ਪਤੀ-ਪਤਨੀ, ਭਰਾ-ਭਰਾ, ਦੋਸਤ-ਦੋਸਤ ਜਾਂ ਨੌਕਰ-ਮਾਲਕ ਦੇ ਆਪਸੀ ਸੰਬੰਧਾਂ ਵਿਚ ਪਨਪਦਾ ਹੈ। ਸ਼ੱਕੀ ਔਰਤ ਜਾਂ ਮਰਦ ਵਰਤਮਾਨ ਸਥਿਤੀ ਦੇ ਟੁੱਟ ਜਾਣ ਜਾਂ ਰਿਸ਼ਤੇ ਤਿੜਕਣ, ਮਿਟਣ ਦਾ ਡਰ ਪਾਲਦੇ ਹਨ। ਸ਼ੱਕੀ ਵਿਅੱਕਤੀ ਦੂਜੇ ਨਾਲ ਗੱਲ ਕਰਦਾ ਖੁਲ੍ਹਦਾ ਨਹੀਂ। ਉਹ ਆਪਣੇ ਆਪ ਨਾਲ ਹੀ ਸੰਵਾਦ ਰਚਾ ਰਿਹਾ ਹੁੰਦਾ ਹੈ। ਕਿਹਾ ਜਾਂਦਾ ਹੈ ਅੱਜ ਕੱਲ੍ਹ ਪ੍ਰੇਮੀ-ਪ੍ਰੇਮਿਕਾ ਮਿਲਣ ਸਮੇ ਮੂੰਹ ਦੇ ਹਾਵ-ਭਾਵ ਦੀ ਥਾਂ ਫੋਨ ਦੇਖਣਾ ਵੱਧ ਚਾਹ ਰਹੇ ਹੁੰਦੇ ਹਨ। ਅੱਜ ਦੀ ਗੁੰਝਲਦਾਰ ਹਵਾ ਕਰ ਕੇ ਮਾਪਿਆਂ ਨੂੰ ਔਲਾਦ ਦੇ ਕੁਰਾਹੇ ਪੈਣ ਦਾ ਵੀ ਸ਼ੱਕ ਪਲਦਾ ਹੈ। ਸਾਕ ਕਰਨ ਵੇਲੇ ਵਿਚੋਲੇ ਵੱਲੋਂ ਉਸਾਰੇ ਹਵਾਈ ਮਹਿਲ ਵੀ ਸ਼ੱਕ ਦੇ ਘੇਰੇ ਵਿਚ ਆਉਂਦੇ ਹਨ। ਪੁਲੀਸ ਵਾਲੇ ਹਰ ਮੌਕੇ ਸ਼ੱਕ ਪਾਲਦੇ ਹੀ ਨਜ਼ਰ ਆਉਂਦੇ ਹਨ। ਸ਼ੱਕੀ ਆਦਮੀ ਨੂੰ ਹੋਰਨਾ ਦੀ ਖ਼ੁਸ਼ੀ ਵਿਚ ਖ਼ੁਸ਼ ਹੋਣ ਜੋਗੀ ਵਿਹਲ ਨਹੀਂ ਹੁੰਦੀ। ਕਿਹਾ ਜਾਂਦਾ ਹੈ ਸ਼ੱਕ ਦਾ ਕੋਈ ਇਲਾਜ ਹੀ ਨਹੀਂ ਹੁੰਦਾ। ਅਜਿਹੇ ਸ਼ੱਕੀ ਆਦਮੀਆਂ ਤੋਂ ਬੱਸ ਰੱਬ ਹੀ ਬਚਾਵੇ।

**ਮੈਂ ਹੀ ਪਾਰ ਹੁੰਦੇ ਸਾਰ ਅਹਿਸਾਨ ਭੁਲਦਾ ਰਿਹਾ**
**ਮਿਲਣ ਨੂੰ ਤਾਂ ਅਕਸਰ ਲੋਕ ਮਿਲੇ ਕਿਸ਼ਤੀਆਂ ਵਰਗੇ।**

# ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਕਵੀ ਦਰਬਾਰ ਮੌਕੇ ਕਾਵਿ ਸੰਗ੍ਰਹਿ 'ਸੁਣ ਪੰਜਾਬ ਸਿਆਂ' ਲੋਕ-ਅਰਪਣ ਕੀਤਾ

ਸਿਆਟਲ (ਪੰਜਾਬੀ ਅਖ਼ਬਾਰ ਬਿਊਰੋ)- ਪੰਜਾਬ ਦੀ ਦੀ ਰੂਹ ਵਿੱਚ ਵੱਸੇ ਪੰਜਾਬੀ ਗੀਤ ਅਤੇ ਕਵਿਤਾਵਾਂ ਦੀ ਸਾਧੂ ਸਿੰਘ ਝੱਜ ਦੁਆਰਾ ਰਚਿਤ ਕਿਤਾਬ 'ਸੁਣ ਪੰਜਾਬ ਸਿਆਂ' ਦੀ ਘੁੰਡ ਚੁਕਾਈ ਪੰਜਾਬੀ ਲਿਖਾਰੀ ਸਭਾ(ਰਜਿ:)ਸਿਆਟਲ ਦੀ, ਖਾਲਸਾ ਗੁਰਮਤਿ ਸਕੂਲ ਆਬਰਨ ਵਿੱਚ ਹੋਈ,ਪ੍ਰਭਾਵ ਸ਼ਾਲੀ ਸਾਹਿਤਕ ਇਕੱਤਰਤਾ ਵਿੱਚ ਕੀਤੀ ਗਈ। ਸਾਹਿਤਕ ਸਮਾਗਮ ਵਿੱਚ ਕਾਵਿ ਦੇ ਵੱਖ ਵੱਖ ਰੂਪਾਂ- ਗੀਤ ਕਵਿਤਾਵਾਂ, ਕਾਵਿ-ਹਾਸ,ਕਵੀਸ਼ਰੀ ਆਦਿ ਨਾਲ ਸ਼ਿੰਗਾਰੇ ਕਵੀ ਦਰਬਾਰ ਦੀ ਸ਼ੁਰੂਆਤ 'ਲਿਖਾਰੀਆਂ ਨੂੰ ਉਤਮ ਪ੍ਰਾਣੀ ਗਰਦਾਨਦਿਆਂ, ਸਕੱਤਰ ਡਾ:ਸੁਖਵੀਰ ਬੀਹਲਾ ਨੇ ਕੀਤੀ ਅਤੇ ਸਭਾ ਦੇ ਪ੍ਰਧਾਨ ਹਰਪਾਲ ਸਿੰਘ ਸਿੱਧੂ ਨੂੰ ਸੱਦਾ ਦਿੱਤਾ। ਸਭਾ ਬਾਰੇ ਜਾਣ ਪਛਾਣ ਕਰਾਉਦਿਆਂ ਪ੍ਰਧਾਨ ਜੀ ਨੇ ਹਾਜ਼ਰ ਸਭ ਸ਼ਖ਼ਸ਼ੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਇੰਟਰਨੈਟ ਦੇ ਚੰਗੁਲ ਵਿੱਚ ਫਸੇ ਅੱਜ ਦੇ ਸਮਾਜ ਵਿੱਚ ਕਾਵਿ-ਸਿਰਜਨਾ ਦੇ ਕੰਮ ਨੂੰ ਚੁਣੌਤੀ ਭਰਪੂਰ ਦੱਸਦਿਆਂ ਕਿਤਾਬ ਵਿੱਚੋਂ ਇੱਕ ਕਵਿਤਾ ਵੀ ਸਾਂਝੀ ਕੀਤੀ। ਇਸ ਉਪਰੰਤ ਹਾਜਰ ਮੈਂਬਰਾਂ ਵੱਲੋਂ 'ਸੁਣ ਪੰਜਾਬ ਸਿਆਂ' ਕਿਤਾਬ ਨੂੰ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਇਆ ਗਿਆ। ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਨੇ ਇੱਕ ਗੀਤ 'ਰੱਬਾ ਹਾਸੇ ਖੇਡੇ ਧੀਆਂ ਦੇ ਤੂੰ ਚੇਹਰਿਆਂ ਤੇ ਰੱਖੀਂ' ਤਰੰਨਮ ਵਿੱਚ ਗਾ ਕੇ ਸਰੋਤਿਆਂ ਨੂੰ ਭਾਵਕ ਕਰ ਦਿੱਤਾ। ਮੀਤ ਪ੍ਰਧਾਨ ਬਲਿਹਾਰ ਲੇਹਲ ਨੇ 'ਪਵਨ ਗੁਰੂ ਪਾਣੀ ਪਿਤਾ, ਫਰਮਾਉਂਦੀ ਹੈ ਗੁਰੂਆਂ ਦੀ ਬਾਣੀ , ਤੇਰਾ ਪਿੰਡ ਬੋਲਦਾ ' ਕਿਤਾਬ ਦਾ ਹਿੱਸਾ ਬਣੇ ਗੀਤਾਂ ਨੂੰ ਬੋਲ ਕੇ ਕਿਤਾਬ ਦੀ ਜਾਣ ਪਛਾਣ ਕਰਵਾਈ। ਪੰਜਾਬੀ ਗੀਤਾਂ ਦੇ ਸਿਆਟਲੀ-ਬੋਹੜ ਹਰਦਿਆਲ ਸਿੰਘ ਚੀਮਾ ਨੇ ਕਿਤਾਬ ਦੇ ਵਿਸ਼ਾ ਪੱਖ ਅਤੇ ਕਲਾ ਪੱਖ ਤੇ ਵਿਸਤਾਰ 'ਚ ਚਾਨਣਾ ਪਾਉਂਦਿਆਂ ਲੇਖਕ ਨੂੰ ਵਧਾਈ ਦਿੱਤੀ। ਵਿਅੰਗਕਾਰ ਮੰਗਤ ਕੁਲਜਿੰਦ ਨੇ 'ਸੁਣ ਪੰਜਾਬ ਸਿਆਂ' ਨੂੰ ਪੰਜਾਬੀ ਕਾਵਿ ਸਾਹਿਤ ਦੀ ਪ੍ਰਾਪਤੀ ਦੱਸਦਿਆਂ ਇੱਕ ਕਾਵਿ-ਹਾਸ ਅਤੇ ਗੀਤ 'ਰੱਬ ਕਹਿੰਦੇ ਮਾਪਿਆਂ ਵਿੱਚ ਵੱਸਦਾ' ਪੇਸ਼ ਕਰਕੇ ਹਾਜ਼ਰੀ ਲਵਾਈ। ਸਭਾ ਦੇ ਖਜ਼ਾਨਚੀ ਪ੍ਰਿਤਪਾਲ ਸਿੰਘ ਨੇ ਸਾਡੇ ਸਮਾਜ ਦੇ ਕਿਰਦਾਰਾਂ ਤੇ ਅੱਜ ਵੀ ਢੁੱਕਦੀ ਬਹੁਤ ਚਿਰ ਪਹਿਲਾਂ ਲਿਖੀ ਕਵਿਤਾ ਸੁਣਾਈ। ਸੁਰਜੀਤ ਸਿੰਘ ਸਿੱਧੂ ਬੰਬੀਹਾ ਭਾਈਕਾ ਨੇ ਕਵੀਸ਼ਰੀ-ਬੱਦਲ ਬਾਬੂ ਰਜਬ ਅਲੀ ਸਾਹੋ ਕੇ ਵਾਲਿਆਂ ਦੀ ਕਵੀਸ਼ਰੀ 'ਆਵੇ ਵਤਨ ਪਿਆਰਾ ਚੇਤੇ' ਨਾਲ ਨਜ਼ਾਰਾ ਬੰਨਿਆ। ਰਿਕਾਰਡ ਹੋਏ ਸੈਂਕੜੇ ਗੀਤਾਂ ਦੇ ਗੀਤ-ਸਿਰਤਾਜ ਬਲਬੀਰ ਸਿੰਘ ਲਹਿਰਾ ਨੇ, 'ਜਦ ਦੀ ਤੇਰੀ ਧੀ ਹੋ ਗਈ ਮੁਟਿਆਰ ਬਾਬਲਾ ਵੇ',ਗਾ ਕੇ ਸਮੇਂ ਨੂੰ ਬੰਨ ਦਿੱਤਾ। ਸਿਆਟਲ ਦੀ ਧਾਰਮਿਕ ਅਤੇ ਸਮਾਜ ਸੇਵੀ ਸ਼ਖ਼ਸ਼ੀਅਤ ਹਰਸ਼ਿੰਦਰ ਸਿੰਘ ਸੰਧੂ, ਚਰਨ ਸਿੰਘ ਸੰਧੂ, ਅਮਰੀਕ ਸਿੰਘ ਅਤੇ ਜਰਨੈਲ ਸਿੰਘ ਨੇ ਲੇਖਕ ਨੂੰ ਵਧਾਈਆਂ ਦਿੱਤੀਆਂ। ਲਾਲੀ ਸੰਧੂ ਨੇ ਬੜਾ ਹੀ ਕੀਮਤੀ ਸੁਝਾਅ ਦਿੱਤਾ ਕਿ ਲੇਖਕਾਂ ਨੂੰ ਲਿਖਣ ਲੱਗਿਆ ਨੌਜਵਾਨਾਂ ਦੇ ਪੱਧਰ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਸਭਾ ਦੀ ਸ਼ੋਭਾ ਇਸ ਗੱਲ ਨਾਲ ਹੋਰ ਵੀ ਵੱਧ ਗਈ ਕਿ ਅੱਜ ਪੰਜਾਬ ਪੰਜਾਬੀ ਪੰਜਾਬੀਅਤ ਦੇ ਮੁਦੱਈ ਅਤੇ ਸਾਹਿਤ ਪ੍ਰੇਮੀ ਦੋ ਨੌਜਵਾਨ ਨਵੀਨ ਰਾਏ ਅਤੇ ਸ਼ਸ਼ੀ ਪ੍ਰਾਸ਼ਰ ਸਾਹਿਤ ਸਭਾ ਦੇ ਕੁਨਬੇ ਵਿੱਚ ਸ਼ਾਮਿਲ ਹੋਏ ਆਪਣੇ ਵਿਚਾਰ ਪੇਸ਼ ਕਰਦਿਆਂ ਸਾਹਿਤ ਲਈ ਅਤੇ ਸਵੈ ਸੇਵੀ ਸੰਸਥਾਵਾਂ ਲਈ ਆਪਣੀਆਂ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ। ਸਭਾ ਵੱਲੋਂ ਸਭਾ ਦੀ ਸਰਪ੍ਰਸਤਾ ਭੈਣ ਸਵਰਾਜ ਕੌਰ ਨੂੰ ਪੰਜਾਬ ਭਵਨ ਦੇ ਪ੍ਰਤਿਸ਼ਠਾਪੂਰਣ ਸ੍ਰ: ਅਰਜਨ ਸਿੰਘ ਬਾਠ ਐਵਾਰਡ ਲਈ ਚੁਣੇ ਜਾਣ ਤੇ ਮੁਬਾਰਕਾਂ ਦਿੱਤੀਆਂ ਗਈਆਂ। ਕਿਤਾਬ ਬਾਰੇ ਆਪਣੇ ਤਜਰਬੇ ਸਾਂਝੇ ਕਰਦਿਆਂ ਸਾਧੂ ਸਿੰਘ ਝੱਜ ਨੇ ਹਾਜ਼ਰ ਹੋਏ ਸੱਭ ਸੱਜਣਾਂ ਦਾ ਧੰਨਵਾਦ ਕੀਤਾ। ਸਿਰਕੱਢ ਵਿਦਵਾਨਾਂ ਸਾਹਿਤਕਾਰਾਂ ਦੇ ਸਿਰਜੇ ਵਿਚਾਰਾਂ-ਕਵਿਤਾਵਾਂ ਨੂੰ ਥਾਂ ਪੁਰ ਥਾਂ ਕੋਡ ਕਰਦਿਆਂ, ਸਟੇਜ ਸਕੱਤਰ ਨੇ ਸਟੇਜ ਸੰਚਾਲਨ ਦੀ ਕ੍ਰਿਆ ਨੂੰ ਰੌਚਕਤਾ ਭਰਪੂਰ ਬਣਾਈ ਰੱਖਿਆ।ਪ੍ਰੋਗਰਾਮ ਦੌਰਾਨ ਲੇਖਿਕਾ ਡਾ: ਜਸਵੀਰ ਕੌਰ ਵੀ ਟੈਲੀਫੋਨ ਉਪਰ ਹਾਜ਼ਰ ਰਹੇ।




## ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।

ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।

ਕਾਲ ਕਰੋ:
1 250 319 7263

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 34 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਪੱਗ ਬੰਨਣ ਵਾਲੇ ਲੜਕੇ ਨੂੰ ਪਹਿਲ, ਵਿਆਹ ਜਲਦੀ, ਲੜਕੇ ਦਾ ਕੱਦ 6 ਫੁੱਟ ਦੇ ਨਜਦੀਕ ਹੋਵੇ। ਸਿਰਫ ਕਨੇਡਾ ਵਿੱਚੋਂ ਹੀ ਵਰਕ ਪਰਮਿਟ ਜਾਂ ਵਿਜਟਿਰ ਆਏ ਲੜਕੇ ਹੀ ਸੰਪਰਕ ਕਰਨ। ਲੜਕੀ ਕੋਲ ਆਪਣਾ ਘਰ ਹੈ। ਕਾਲ: 1 604 507 3137 ਜਾਂ 91 98 778 13000 ***208***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਮੋਰੀਆ ਹਿੰਦੂ ਪਰਿਵਾਰ ਦੀ ਸੋਹਣੀ ਸੁਨੱਖੀ ,ਉਮਰ 26 ਸਾਲ, ਕੱਦ 5 ਫੁੱਟ 2 ਇੰਚ, ਹੈਲਥ ਕੇਅਰ ਏਡ ਦੀ ਯੋਗਤਾ ਵਾਲੀ ਲੜਕੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ:1-431 541 4449 ***208***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ,ਵੈੱਲ ਸੈਟਲਡ,ਵੈਸ਼ਨੂੰ ਲੜਕੇ ਉਮਰ 38 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਬੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 735 8700 ***208***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਕੰਬੋਜ਼ ਸਿੱਖ ਪਰਿਵਾਰ ਦੇ ਲੜਕੇ, ਉਮਰ 29 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਟੈਕ ਲਈ ਹਾਣ ਪ੍ਰਵਾਣ ਦੀ ਪੜੀ ਲਿਖੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵਿਨੀਪੈਗ ਵਿੱਚ ਆਪਣਾ ਘਰ, ਆਪਣਾ ਬਿਜਨਿਸ ਅਤੇ ਇੰਡੀਆ ਵਿੱਚ ਅਰਬਨ ਅਤੇ ਰੂਰਲ ਪ੍ਰਾਪਰਟੀ ਦਾ ਮਾਲਕ ਹੈ। ਕਾਲ: 1 431 337 7171 ***208***

### ਲੜਕੀ ਦੀ ਲੋੜ

ਵਿਜਟਿਰ ਵੀਜੇ ਉੱਪਰ ਕਨੇਡਾ ਆਏ ਰਾਮਗੜੀਆ ਉੱਭੀ ਪਰਵਾਰ ਦੇ ਸੋਹਣੇ ਸੁਨੱਖੇ,ਕਲੀਨਸ਼ੇਵ ਲੜਕੇ ਉਮਰ 28 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 907 5965 ਜਾਂ ਇੰਡੀਆ ਮਾਪਿਆਂ ਦਾ ਫੋਨ: 98 881 42945 ***208***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਸਿੱਖ ਰਾਜਪੂਤ ਜਸਵਾਲ ਪਰਿਵਾਰ ਦੇ ਤਲਾਕਸੁਦਾ ਲੜਕੇ ,ਉਮਰ 45 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਬੀ ਏ ਆਰਟਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੇ ਵਿਆਹ ਦੇ ਬੱਚੇ ਆਪਣੀ ਮਾਂ ਨਾਲ ਹੀ ਰਹਿੰਦੇ ਹਨ। ਬਿਨਾ ਬੱਚੇ ਜਾਂ ਇੱਕ ਬੱਚੇ ਵਾਲੀ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ ਸੰਪਰਕ: 1 825 561 7000 ***204***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ,ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ,ਪੱਕੀ ਜੌਬ ਕਰਦੇ ਅਤੇ ਬਿਜਨਿਸ ਹੋਲਡਰ ਵੈਲ ਸੈਟਲਡ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ਵੈੱਲ ਸੈਟਲਡ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 403 862 0002,403 926 0080 ***208***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਸਿੱਧੂ ਪਰਿਵਾਰ ਦੇ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ, ਸਟੱਡੀ ਡਿਪਲੋਮਾਂ ਮਕੈਨੀਕਲ ਇੰਜੀਨੀਅਰ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 780 600 3600 ***203***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਰਾੜ ਪਰਿਵਾਰ ਦੀ ਬੈਂਕ ਵਿੱਚ ਜੌਬ ਕਰਦੀ ਲੜਕੀ, ਜਨਮ 1992,ਕੱਦ 5 ਫੁੱਟ 5 ਇੰਚ, ਮਾਸਟਰ ਡਿਗਰੀ ਹੋਲਡਰ ਲਈ ਬਰਾਬਰ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਸਿਰਫ ਵਟਸਐਪ ਕਾਲ 917814432511 ***207***

### ਲੜਕੇ ਦੀ ਲੋੜ

ਕੈਲਗਰੀ ਵਾਸੀ ਸਵਰਨਕਾਰ ਸਦਿਓੜਾ ਸਿੱਖ ਲੜਕੀ ,ਉਮਰ 23 ਸਾਲ,ਕੱਦ 5 ਫੁੱਟ 5 ਇੰਚ, ਕਨੇਡੀਅਨ ਪੀ ਆਰ,ਬੈਂਕ ਨਾਲ ਐਸੋਸੀਏਟ ਫਾਈਨੈਂਸਲ ਐਡਵਾਈਜ਼ਰ ਤੌਰ ਤੇ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਉੱਚ ਜਾਂ ਬਰਾਬਰ ਯੋਗਤਾ ਵਾਲੇ ਹੀ ਸੰਪਰਕ ਕਰਨ । ਕਾਲ: 587 583 7939 ***206***

### ਲੜਕੀ ਦੀ ਲੋੜ

ਸਰਾਂ ਪਰਿਵਾਰ ਦੇ ਪੰਜਾਬ ਰਹਿੰਦੇ ਲੜਕੇ ਉਮਰ 29 ਸਾਲ ,ਕੱਦ 6 ਫੁੱਟ, ਵਿਦਿਅਕ ਯੋਗਤਾ ਕੰਪਿਊਟਿਰ ਸਾਇੰਸ(ਬੀ ਟੈਕ ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 909 5003***206***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Contact only Jatt Sikh families. Contact: (403) 828 7973 or acheema8811@gmail.com ***205***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 908 0011 ਜਾਂ 1 204 421 7001 ***205***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨਦੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ, ਡਬਲ ਐਮ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 639 883 0000 ***205***

### ਲੜਕੇ ਦੀ ਲੋੜ

ਜੱਟ ਸਿੱਖ ਘੁਮਾਣ ਪਰਿਵਾਰ ਦੀ ਲੜਕੀ 1991, ਕੱਦ 5 ਫੁੱਟ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ, ਬੈਚੁਲਰਜ ਇਨ ਪਬਲਿਕ ਹੈਲਥ ,ਹੁਣ ਵਰਕ ਪਰਮਿਟ ਤੇ ਕੰਮ ਕਰਦੀ ਲੜਕੀ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਜਾਂ ਵਰਕ ਪਰਮਿਟ ਵਾਲਾ ਵੀ ਵਿਚਾਰਨ ਯੋਗ ਹੈ।। ਵਟਸਐਪ: 9417969248 ਜਾਂ 403 690 2947 e Mail: amardhaliwalca@yahoo.ca ***205***

### ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੇ ਪਲੱਸ ਟੂ ਪਾਸ ਵਿਜਟਿਰ ਵੀਜੇ ਉੱਪਰ ਆਏ ਲੜਕੇ, ਉਮਰ 24 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ ਸੰਪਰਕ: 1 306 450 0239 ***204***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਪਨੇਸਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 10 ਇੰਚ, ਯੂਨੀਵਰਸਿਟੀ ਆਫ ਕੈਲਗਰੀ ਤੋਂ ਸਿਵਲ ਇੰਜੀਨੀਅਰ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸਿਟੀ ਆਫ ਕੈਲਗਰੀ ਵਿਖੇ ਸਰਕਾਰੀ ਜੌਬ ਉੱਪਰ ਹੈ । ਸੰਪਰਕ: 403 560 0934 ***204***

### ਲੜਕੇ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੀ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : Master's in Software Engineering from McGill University (Montreal) and Bachelor's in Electronics & Com। Engineering from India ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਹੀ ਰਹਿੰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਹੁਣ ਸੌਫਟ ਇੰਜੀਨੀਅਰ ਦੇ ਤੌਰ ਤੇ ਕੰਮ ਕਰ ਰਹੀ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 778 836 3046, 1 (647) 763-4584 ***204***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਆਹਲੂਵਾਲੀਆ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਮਾਸਟਰ ਇਨ ਆਈ ਟੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਲੜਕੀ ਦਾ ਵੱਡਾ ਭਰਾ ਕੈਲਗਰੀ ਪੱਕੇ ਤੌਰ ਤੇ ਸੈਟਲਡ ਹੈ। ਸੰਪਰਕ : 1 306 881 7883 ahluwalia_1986@yahoo.com ***204***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***203***

### ਲੜਕੇ ਦੀ ਲੋੜ

ਇੰਡੀਆ ਤੋਂ ਇੰਗਲੈਂਡ (ਲੰਡਨ) ਵਿੱਚ ਪੜ੍ਹਨ ਲਈ ਆਈ ਹਿੰਦੂ ਅਰੋੜਾ ਪਰਿਵਾਰ ਦੀ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮੰਗਲੀਕ ਨਹੀ ਅਤੇ ਉਸਦੀ ਉਮਰ 31 ਸਾਲ ਹੈ। ਲੜਕੀ ਦੀ ਪੜ੍ਹਾਈ ਪੂਰੀ ਹੋ ਚੁੱਕੀ ਹੈ ਅਤੇ ਹੁਣ ਵਾਪਿਸ ਜਾਕੇ ਵਿਆਹ ਇੰਡੀਆ ਵਿੱਚ ਕਰਨਾ ਹੈ। ਪਰਿਵਾਰ ਵਿੱਚ ਲੜਕੀ ਦੀ ਮਾਂ ਹੈ ਅਤੇ ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਸੈਟਲ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ । ਵਰਕ ਪਰਮਿਟ ਉੱਪਰ ਆਏ ਲੜਕੇ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 780 257 2020 ***203***

### ਲੜਕੀ ਦੀ ਲੋੜ

Looking for a suitable girl for Canadian citizen Ramgharia boy, age 29 years, height - 5'9. Education - Diploma in business - finance 2 years, Red seal autobody technician 4 years. Work - autobody refinisher in an autobody Shop. Living in Canada for 10 years. Contact: 403-880-4806, 403-607-0413 ***203***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***


“ਪੰਜਾਬੀ ਅਖ਼ਬਾਰ” ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

ਅੱਜ ਹੀ ਕਾਲ ਕਰੋ: 403 680 0436


### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***


**Hiring !**

Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract

Email: dclogistics4@gmail.com

Phone : 204-396-1696 , 204-891-0031

**Hiring**

Hair and face art salon islooking for hair-dresser (NOC CODE 6341) Applicants should have minimum of 1-2 years of experience.

Number of Vacancies :2

Wage rate: 20/hour fulltime job

Interested candidates please send your resume at email: hairandfaceart994@gmail.com

A1 Roofing & Siding Ltd.

• ROOFING • SIDING • SOFFIT • STUCCO • HARDIE • FASCIA • EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ

ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।

aerosignandprintinc@gmail.com


## ਹਾਸ-ਵਿਅੰਗ

# ਕਲੀਨ ਚਿੱਟ ਦੇ ਦਿਉ ਜੀ




ਮੰਗਤ ਕੁਲਜਿੰਦ ਬਠਿੰਡਾ
ਮੋ. +91 94177-53892.


‘ਕਲੀਨ ਚਿੱਟ, ਕਲੀਨ ਚਿੱਟ’ ਦੇ ਪੈ ਰਹੇ ਰੌਲੇ-ਰੱਪੇ ਨੇ ਡਾ. ਮੰਗੂ ਰਾਮ ਬੀਮਾਰੀ ਦੇ ਮਨ ਦੇ ਸਰਕਟਾਂ ਵਿੱਚ ਹਲਚਲ ਪੈਦਾ ਕਰ ਦਿੱਤੀ,‘ਯਾਰ ਆਪਾਂ ਵੀ ਕੋਈ ਕਲੀਨ ਚਿੱਟ ਲੈ ਕੇ ਰੱਖ ਲਈਏ, ਪਤਾ ਨ੍ਹੀ ਜ਼ਿੰਦਗੀ ’ਚ ਕਦੋਂ ਇਸ ਦੀ ਲੋੜ ਪੈ ਜੇ, ਆਪਾਂ ਹਾਂ ਸਮਾਜਿਕ ਪ੍ਰਾਣੀ, ਸਮਾਜ ’ਚ ਵਿਚਰਦਿਆਂ, ਜਾਣੇ ਅਣਜਾਣੇ ਕਦੇ ਕੋਈ ਧਾਂਦਲੀ ਹੋ ਜਾਵੇ ਜਾਂ ਕਰਤੂਤ ਕਰ ਬੈਠੀਏ ਉਦੋਂ ਆਪਣੇ ਬਚਾਉ ਲਈ ਕਿਸੇ ਅੱਗੇ ਮੱਥਾ ਰਗੜਣ ਨਾਲੋਂ ਚੰਗੈ ਬਈ ਪਹਿਲਾਂ ਹੀ ਇਹ ਗਿੱਦੜਸਿੰਗੀ ਲੈਕੇ ਕੋਲ ਰੱਖ ਲਈਏ।’

‘ਕਲੀਨ ਚਿੱਟ ਕੀਹਤੋਂ ਲੈਣੀ ਠੀਕ ਰਹੇਗੀ’ ਇਹ ਨਿਰਣਾ ਲੈਣ ਤੋਂ ਪਹਿਲਾਂ ਉਸਨੇ ਕਈ ਦਿਨ ਇੰਟਰਨੈਟ ਨੂੰ ਵਖਤ ਪਾਈ ਰੱਖਿਆ,ਉਹਦੇ ਸਾਰੇ ਓਤੜੇ-ਪੋਤੜੇ ਫਰੋਲ ਧਰੇ ਬਈ ਕੀ ਐ ਕੋਈ ਕਲੀਨ ਚਿੱਟਾਂ ਵੇਚਣ ਦਾ ਪਾਰਲਰ ਖੋਲ੍ਹੀ ਬੈਠਾ ਹੋਵੇ,ਉਥੋਂ ਮੁੱਲ ਲੈ ਲਈਏ ਪਰ ਕਿੱਥੇ ? ਕਿਸੇ ਦੇ ਨਸੀਬ ’ਚ ਅਜੇ ਅਜਿਹੇ ਧੰਦੇ ’ਚੋਂ ਪੈਸੇ ਕਮਾਉਣ ਦਾ ਯੋਗ ਨਹੀਂ ਸੀ ਬਣਿਆ।ਫਿਰ ਕਲੀਨ ਚਿੱਟ ਲੈਣ ਲਈ ਨੇੜੇ ਤੋਂ ਨੇੜੇ ਤਾਂ ਬਾਸ ਹੀ ਹੈ- ਦਫਤਰ ਵਿੱਚ।ਨਾਲੇ ਤਾਂ ਉਸ ਦਾ ਰੁਤਬਾ ਉਚਾ ਹੈ ਨਾਲੇ ਸੁਖ ਨਾਲ ਉਤਾਂਹ ਹੀ ਉਤਾਂਹ ਉਠਣ ਦਾ ਤਜਰਬਾ ਹੈ ਪਰ ਡਰ ਕੱਲਾ ਇੰਨਾ ਹੀ ਹੈ ਕਿ ਬਾਸ ਤੋਂ ਕੰਮ ਕਰਾਉਣ ਦਾ ਮਤਲਬ-ਨੋਟਾਂ ਨੂੰ ਸਿਉਂਕ ਦੇ ਹਵਾਲੇ ਕਰਨਾ।ਪਰ ਕਲੀਨ ਚਿੱਟ ਤਾਂ ਲੈਣੀ ਹੀ ਸੀ, ਕਿਵੇਂ ਵੀ ਮਿਲੇ। ਜਾ ਬਾਸ ਦੇ ਪੇਸ਼ ਹੋਇਆ,ਅੱਗੋਂ ਬਾਸ ਵੀ ਇਸ ਧਾਰਨਾ ਦਾ ਮਾਲਿਕ ਕਿ ਜੇ ਮੇਰੇ ਘੁੱਗੀ ਮਾਰਨ ਨਾਲ ਮੇਰੀ ਜੇਬ ਖੁਸ਼ ਹੁੰਦੀ ਹੈ ਅਤੇ ਅਗਲੇ ਦਾ ਮਨ,ਤਾਂ ਕੀ ਹਰਜ ਹੈ ਅਜਿਹਾ ਕੰਮ ਕਰਨ ’ਚ।ਉਂਝ ਉਸ ਦੀ ਨਜ਼ਰ ਐਕਸਰੇ ਕਿਰਨਾਂ ਤੋਂ ਵੀ ਤੇਜ਼, ਦੂਰ ਆਉਂਦੇ ਬੰਦੇ ਦੀ ਜੇਬ ਵੀ ਉਹਦੀ ਮਾਰ ਤੋਂ ਬਚ ਨਹੀਂ ਸੀ ਸਕਦੀ।

ਕੈਬਿਨ ’ਚ ਦਾਖਿਲ ਹੋ ਰਹੇ ਮੰਗੂ ਰਾਮ ਦੀ ਚਾਲ ਅਤੇ ਚੇਹਰੇ ਉਪਰ ਉੱਭਰੇ ‘ਸਾਈਨ ਆਫ ਇਨਟੈਰੋਗੇਸ਼ਨ’ ਨੂੰ ਭਾਂਪਦਿਆਂ ਇਹ ਕਹਿਣ ਤੋਂ ਪਹਿਲਾਂ,‘ਆਉ ਜਨਾਬ ਦੱਸੋ ਕੋਈ ਸੇਵਾ’ ਬਾਸ ਨੇ ਵੀ ਆਪਣੇ ਚੇਹਰੇ ਨੂੰ ਪ੍ਰਸ਼ਨ-ਚਿੰਨ ’ਚ ਬਦਲ ਲਿਆ।ਕਾਫੀ ਚਿਰ ਤੱਕ ਸੰਸੋਪੰਜ਼ ਦੀ ਮੁਦਰਾ ’ਚ ਖੜ੍ਹੇ ਮੰਗੂ ਰਾਮ ਦੇ ਮੂੰਹੋਂ ਕੋਈ ਰਸ-ਭਿੰਨਾ ਸ਼ਬਦ ਨਾ ਸੁਨਣ ’ਤੇ ਆਪਣੇ ਚੇਹਰੇ ਦੇ ਪ੍ਰਸ਼ਨ-ਚਿੰਨ ਨੂੰ ‘ਸਾਈਨ ਆਫ ਐਕਸਕਲੇਮੇਸ਼ਨ’ ’ਚ ਬਦਲਦਿਆ,“ਹਾਂ ਦੱਸੋ ਕੋਈ ਸੇਵਾ ਜਨਾਬ!” ਕਿਹਾ ਹੀ ਸੀ ਕਿ ਮੰਗੂ ਰਾਮ ਨੇ ਆਪਣੇ ਗਲੇ ’ਚ ਅਟਕੇ ਵਾਕ ,“ਜੀ.. ਜੀ ਮੈਨੂੰ ਕਲੀਨ ਚਿਟ ਚਾਹੀਦੀ ਹੈ।” ਇਕੋ ਦਮ ਉਗਲਿਆ-ਇੰਨੀ ਤੇਜ਼ੀ ਨਾਲ ਕਿ ਕੰਮਪਿਊਟਰ ਵੀ ਆਪਣੀ ਤੇਜ਼ੀ ਉਪਰ ਸ਼ਰਮਸ਼ਾਰ ਹੋ ਜਾਵੇ ਉਧਰੋਂ ਬਾਸ ਦਾ ਜਵਾਬ ਵੀ ਬੱਦਲਾਂ ਚੋਂ ਲਿਸ਼ਕਦੀ ਬਿਜਲੀ ਵਰਗਾ ਸੀ,“ਮਿਲ ਜੂ ਗੀ।” ਬਿਨਾਂ ਪੁੱਛਿਆਂ, ‘ਕਿਸ ਲਈ ਤੇ ਕਿਹੋ ਜਿਹੀ ?’ ਕਿਉਂਕਿ ਬਾਸ ਸੀ-ਕਰਮਯੋਗੀ, ਕੇਵਲ ਝੱਟਪੱਟ ਕੰਮ ਕਰਨ ’ਚ ਵਿਸ਼ਵਾਸ਼ ਰੱਖਦਾ ਸੀ, ਸਮਾਂ ਫਾਲਤੂ ਕਤਲ ਕਰਨ ਵਿੱਚ ਉਸਦਾ ਭੋਰਾ ਵੀ ਵਿਸਵਾਸ਼ ਨਹੀਂ ਸੀ।ਮੰਗੂ ਰਾਮ ਦੇ ਚੇਹਰੇ ਉਪਰ ਉਭਰੇ ਪ੍ਰਸ਼ਨ-ਚਿੰਨ ਨੇ ਅਲੋਪ ਹੋਣਾ ਸ਼ੁਰੂ ਹੀ ਕੀਤਾ ਸੀ ਕਿ ਬਾਸ ਫਿਰ ਬੋਲਿਆ,“ਕਲੀਨ ਚਿੱਟ, ਬੋਲ ਕਿੰਨੇ ਵਾਲੀ ਚਾਹੀਦੀ ਹੈ-ਦਸ ਹਜ਼ਾਰ, ਵੀਹ.. ਤੀਹ.. ਚਾਲੀ..ਜਾਂ ਪੰਜਾਹ ਹਜ਼ਾਰ ਵਾਲੀ ?” ਮੰਗੂ ਰਾਮ ਦੇ ਚੇਹਰੇ ਦਾ ਸਵਾਲੀਆ-ਚਿੰਨ੍ਹ ਫਿਰ ਨਫਰਤ ਨਾਲ ਲਾਲ ਹੋ ਚੱਲਿਆ, “ਹੈਂ!” ਇਕੋ ਸ਼ਬਦ ਹੀ ਗਲੇ ’ਚੋਂ ਨਿਕਲਿਆ ਅਤੇ ਗਲੇ ਦਾ ਦਰਵਾਜ਼ਾ ਬੰਦ ਹੋ ਗਿਆ। ਸੋਚ ਰਿਹਾ ਸੀ ਕਿ ਨਾਂਹ ਕਰਕੇ ਵਾਪਿਸ ਜਾਣ ਲਈ ਕੀ ਬਹਾਨਾ ਬਣਾਵੇ।ਇਸ ਦਾ ਹੱਲ ਵੀ ਬਾਸ ਨੇ ਕਰ ਦਿੱਤਾ-ਇਹ ਕਹਿਕੇ,“ ਕੋਈ ਕਾਹਲੀ ਨਹੀਂ, ਸੋਚ ਲਈਂ, ਗੁੱਟੀ ਲਿਆਈਂ, ਕਲੀਨ ਚਿੱਟ ਲੈ ਜਾਈਂ, ਪਾਈਂ ਜੇਬ ’ਚ ਅਤੇ ਬਨ ਜਾਈਂ ਸ਼ੇਰ।”ਸ਼ੇਰ ਸ਼ਬਦ ਨੇ ਮੰਗੂ ਰਾਮ ਦੇ ਮਨ ਨੂੰ ਕੁਝ ਦਲੇਰੀ ਦਿੱਤੀ,“ਚੰਗਾ ਜੀ ਮੈਂ ਸੋਚਦਾਂ ਅਤੇ ਆਉਣਾ ਫਿਰ।”

ਕੀਹਨੇ ਆਉਣਾ ਸੀ ਵਾਪਿਸ ?ਯਾਰ ਇਹ ਕਲੀਨ ਚਿੱਟ ਤਾਂ ਬਾਹਲੀ ਮਹਿੰਗੀ ਐ, ਕਿਤੋਂ ਹੋਰ ਯਤਨ ਕਰੀਏ।ਉਂਝ ਤਾ ਯਾਰ ਅੱਜ ਕਲ ਔਰਤਾਂ ਦਾ ਰਾਜ ਹੈ, ਭਾਗਭਰੀ ਕਿਹੜਾ ਬਾਸ ਤੋਂ ਘੱਟ ਹੈ ? ਬੱਸ ਇਹਨਾਂ ਹੀ ਫਰਕ ਹੈ ਕਿ ਉਹ ਚਾਰ ਦੀਵਾਰੀ ’ਚ ਘੁਰ-ਘੱਪ ਕਰ ਲੈਂਦੀ ਹੈ ਅਤੇ ਬਾਸ ਲਈ ਸਾਰਾ ਬ੍ਰਹਿਮੰਡ ਹੀ ਖੁੱਲ੍ਹਾ ਹੈ- ਕਿਤੇ ਵੀ ਕਦੋਂ ਵੀ। ਚੱਲੋ ਉਹਦੇ ਕੋਲੋਂ ਕੋਸਿਸ਼ ਕਰਦੇ ਹਾਂ।ਲੱਗੇ ਮੌਕਾ ਤਕਾਉਣ ਕਿ ਕਦੋਂ ਭਾਗਭਰੀ ਖੁਸ਼ ਹੋਵੇ ਅਤੇ ਕਲੀਨ ਚਿੱਟ ਦੀ ਮੰਗ ਰੱਖੀ ਜਾਵੇ।ਮੌਕਾ ਮਿਲ ਹੀ ਗਿਆ- ਜਦੋਂ ਤਨਖਾਹ ਲਿਆ ਕੇ ਫੜਾਉਣ ਲੱਗੇ-ਚਾਹ ਦੇ ਕੱਪ ਦੀ ਮੰਗ ਕਰਦਿਆਂ ਨਾਲ ਦੀ ਨਾਲ ਕਹਿ ਬੈਠਾ,“ ਮੈਂ ਆਖਿਆ ਭਾਗਵਾਨੇ ਲੱਗਦੇ ਹੱਥ ਇਕ ਕਲੀਨ ਚਿੱਟ ਵੀ ਦੇ ਦੇ, ਜੇਬ ’ਚ ਪਾਕੇ ਸੀਨੇ ਨਾਲ ਲਾ ਕੇ ਰੱਖੂ, ਤੇਰੀ ਹੱਥ-ਲਿਖਤ ਨਾਲ ਛਾਤੀ ਨੂੰ ਨਿਘਾਸ ਮਿਲਦਾ ਰਹੂ ਨਾਲੇ ਪਤਾ ਨ੍ਹੀ ਇਹਦੀ ਕਦੋਂ ਲੋੜ ਪੈ ਜਾਵੇ ?” ਅੱਗੇ ਬਿਨਾਂ ਗਿਣੇ ਨੋਟ ਪਰਸ ’ਚ ਰੱਖਣ ਵਾਲੀ ਮੈਡਮ ਦੇ ਮੱਥੇ ਸ਼ੱਕ ਦੀਆਂ ਪਹਾੜੀਆਂ ਉਗ ਆਈਆਂ- ਮਸ਼ੀਨ ਤੋਂ ਵੀ ਤੇਜ਼ ਰਫਤਾਰ ਨਾਲ ਨੋਟ ਗਿਨਣ ਲੱਗੀ।

“ਨਹੀਂ ਨਹੀਂ, ਕਸਮ ਨਾਲ ਮੈਂ ਕੋਈ ਘਪਲਾ ਨਹੀਂ ਕੀਤਾ ਨੋਟਾਂ ਵਿੱਚ- ਜਿਵੇਂ ਮਿਲੇ ਲਿਆ ਤੇਰੇ ਹੱਥ ਧਰੇ।” ਮੰਗੂ ਰਾਮ ਦੇ ਪਸੀਨੇ ਛੁਟ ਆਏ।ਇਹ ਤਾਂ ਚੰਗਾ ਹੋਇਆ ਨੋਟ ਪੂਰੇ ਨਿਕਲ ਆਏ ਪਰ ਮੈਡਮ ਨੇ ਗੁੱਝੀ ਵਾਰਨਿੰਗ ਤਾਂ ਦੇ ਹੀ ਦਿੱਤੀ,“ਸ਼ੁਕਰ ਹੈ, ਤੁਸੀਂ ਅਜੇ ਸਹੀ ਸਲਾਮਤ ਹੋ, ਭਟਕੇ ਨਹੀਂ,ਅੱਜ ਕਲ ਦੇ ਮਰਦਾਂ ਦਾ ਭਟਕਦਿਆਂ ਦਾ ਪਤਾ ਹੀ ਨਹੀਂ ਚੱਲਦਾ ਹਾਂ... ਪਰ ਥੋਨੂੰ ਕੀ ਲੋੜ ਪੈ ਗਈ ਕਲੀਨ ਚਿੱਟ ਦੀ ? ਤੁਸੀਂ ਕਿਹੜਾ ਆਪਣੇ ਗੁਵਾਂਢੀ ਸ਼ਰਮਾ ਜੀ ਵਾਂਗ ਜੇਬਾਂ ਨੋਟਾਂ ਦੀਆਂ ਭਰਕੇ ਲਿਆਉਂਦੇ ਹੋ ਜਾਂ ਧਾਲੀਵਾਲ ਵਾਂਗ ਸਾਮੀਆਂ ਨੂੰ ਘਰੇ ਬੁਲਾਈ ਰੱਖਦੇ ਹੋ ਜਾਂ ਤ੍ਰਿਵੇਦੀ ਵਾਂਗ ਸਰੀਆਂ ਸੀਮਿੰਟ ਖਾ ਸਕਦੇ ਹੋ, ਲੈ ਦੇ ਕੇ ਆਹ ਇਕ ਤਨਖਾਹ ਹੀ ਹੈ ਚਾਹੇ ਉਹਨੂੰ ਪੈਂਦੀ ਰੱਖ ਲਉ ਜਾਂ ਸਿਰਹਾਣੇ,ਅੱਧੇ ਮਹੀਨੇ ਤੱਕ ਮਹਿੰਗਾਈ ਨਾਲ ਭੱਜ ਹੀ ਜਾਣਾ ਹੈ।ਅੱਜ ਤੀਕਰ ਫਟੀਚਰ ਸਕੂਟਰ ਦੇ ਮਿਉਜ਼ਿਕ ਤੋਂ ਖਹਿੜਾ ਨਹੀਂ ਛੁਟਿਆ,ਬੱਚਿਆਂ ਲਈ ਚੰਗੇ ਸਕੂਲਾਂ ਦੇ ਦਰਵਾਜ਼ੇ ਬੰਦ ਨੇ ਅਤੇ ਆਹ ਮੇਰਾ ਹਾਲ ਤਾਂ ਸਾਰਿਆਂ ਨੂੰ ਦਿਸ ਹੀ ਰਿਹੈ ।ਫਿਰ ਭਲਾ ਥੋਨੂੰ ਕਲੀਨ ਚਿੱਟ ਦੀ ਕੀ ਜ਼ਰੂਰਤ ਹੈ ? ਪਰ ਤੁਸੀਂ ਕਿਤੇ ਕੋਈ ਟੂਣਾ-ਟਾਣਾ ਤਾਂ ਨਹੀਂ ਟੱਪ ਆਏ ?”

ਇਥੋਂ ਵੀ ਕਲੀਨ ਚਿੱਟ ਮਿਲਣੀ ਲੱਗਭੱਗ ਦੋ ਸੌ ਪਰਸੈਂਟ ਨਾਂਹ ਹੈ।ਕਲੀਨ ਚਿਟ ਤਾਂ ਲੈਣੀ ਹੀ ਹੈ ਕਿਤੋਂ ਵੀ ਲੈਣੀ ਪਵੇ, ਕਿਉਂ ਨਾ ਕਿਸੇ ਰਾਜਨੀਤਕ ਨੁਮਾਇੰਦੇ ਤੋਂ ਮੰਗੀ ਜਾਵੇ, ਉਹ ਤਾਂ ਕਲੀਨ ਚਿੱਟ ਲੈਣ ਦੇਣ ’ਚ ਐਕਸਪਰਟ ਹੁੰਦੇ ਹਨ।ਆਹ ਥੋੜ੍ਹੇ ਜਿਹੇ ਦਿਨਾਂ ਨੂੰ ਵੋਟਾਂ ਵੀ ਪੈਣੀਆਂ ਨੇ-ਉਦੋਂ ਬਣ ਜੂ ਕੰਮ।ਉਹ ਦਿਨ ਵੀ ਆ ਗਿਆ। ਰਾਜ ਕਰਦੀ ਪਾਰਟੀ ਦਾ ਆਪਣੇ ਇਲਾਕੇ ਦਾ ਪ੍ਰਧਾਨ ਆਪਣੇ ਲਾਮ-ਲਸ਼ਕਰ ਨਾਲ ਆ ਧਮਕਿਆ।ਵੋਟ ਆਪਣੇ ਬੰਦੇ ਨੂੰ ਪਾਉਣ ਦੀ ਬੇਨਤੀ ਕਰਦਿਆਂ ਵੋਟ ਬਦਲੇ ਮਨੀ-ਵਨੀ ਦਾ ਇਸ਼ਾਰਾ ਵੀ ਕਰ ਗਿਆ।ਮੰਗੂ ਰਾਮ ਹੱਥ ਬੰਨ ਕੇ ਖੜ ਗਿਆ,“ ਜਨਾਬ ਸਾਡੀਆਂ ਵੋਟਾਂ ਤਾਂ ਆਪਣੇ ਉਮੀਦਵਾਰ ਨੂੰ ਪੱਕੀਆਂ ਈ ਨੇ, ਕੋਈ ਫਿਕਰ ਨਾ ਕਰੋ ਪਰ ਆਹ ਇਕ ਮਿਹਰਬਾਨੀ ਕਰ ਦਿਉ- ਮੈਨੂੰ ਕਲੀਨ ਚਿੱਟ ਦੇ ਦਿਉ।”

‘ ਹੈਂ! ਮੇਰੇ ਇਲਾਕੇ ’ਚ ਇੰਨੀ ਵੱਡੀ ਸਾਮੀ ਅਤੇ ਮੈਨੂੰ ਅੱਜ ਤੱਕ ਪਤਾ ਈ ਨਹੀਂ ਚੱਲਿਆ।”ਮਨ ਵਿੱਚ ਹੈਰਾਨ ਹੁੰਦਿਆਂ ਮੰਗੂ ਰਾਮ ਨੂੰ ਸਿਰ ਤੋਂ ਪੈਰਾਂ ਤੱਕ ਨਿਹਾਰਿਆ ਪਰ ਨਾਲ ਖੜ੍ਹੇ ਲੋਕਾਂ ਦੇ ਬੁੱਲਾਂ ਉਪਰ ਮੱਲੋਜ਼ੋਰੀ ਹਾਸਾ ਆ ਗਿਆ,‘ਸ਼ਕਲ ਦੇਖੀਂ ਐ ਸੀਸ਼ੇ ’ਚ ਆਪਣੀ-ਮੰਗਦੈਂ ਕਲੀਨ ਚਿੱਟ,ਬੱਚਿਆਂ ਨੂੰ ਅਜੇ ਤੱਕ ਅੰਗਰੇਜ਼ੀ ਸਕੂਲ’ਚ ਪੜ੍ਹਨ ਨਹੀਂ ਪਾ ਸਕਿਆ।

“ਮੰਗੂ ਰਾਮਾ, ਕਲੀਨ ਚਿਟ ਤਾਂ ਮਿਲ ਜੂ ਗੀ, ਆਪਣੇ ਜ਼ਿਲੇ ਦੇ ਪ੍ਰਧਾਨ ਨਾਲ ਗੱਲ ਕਰਨੀ ਪਵੇਗੀ।” ਸਾਹਿਬ ਦੇ ਗਲੇ ਚੋਂ ਇੰਨੀ ਕੁ ਫਰੀਕਿਊਐਂਸੀ ਦੀ ਆਵਾਜ਼ ਨਿਕਲੀ ਕਿ ਉਹ ਕੇਵਲ ਮੰਗੂ ਰਾਮ ਨੂੰ ਹੀ ਸੁਣਾਈ ਦਿੱਤੀ।

“ਮੈਂ ਆਇਆ ਦੋ ਚਾਰ ਘੰਟਿਆਂ ਤੱਕ, ਤੁਸੀਂ ਰੱਖੋ ਮੁਹਿੰਮ ਜਾਰੀ।” ਆਪਣੇ ਖਾਸ ਚਮਚੇ ਦੇ ਕੰਨ ਵਿੱਚ ਫੂਕ ਮਾਰਕੇ ਮੰਗੂ ਰਾਮ ਨੂੰ ਏ.ਸੀ. ਗੱਡੀ ’ਚ ਬਿਠਾਲ ਜ਼ਿਲ੍ਹਾ ਪ੍ਰਧਾਨ ਕੋਲ ਲੈ ਚੱਲਿਆ, ਮਨ ਵਿੱਚ ਡਰ ਵੀ ਸੀ ਕਿ ਇਹ ਸਾਮੀ ਮੈਥੋਂ ਪਹਿਲਾਂ ਹੋਰ ਕੋਈ ਨਾ ਉਪਰ ਤੱਕ ਲੈ ਜਾਵੇ।

‘ਬੜੀ ਕਰਾਮਾਤੀ ਹੁੰਦੀ ਹੈ ਕਲੀਨ ਚਿੱਟ ਅਜੇ ਤਾਂ ਮਿਲੀ ਵੀ ਨਹੀਂ ਫਿਰ ਵੀ ਇੰਨੀ ਟੌਹਰ!’ ਗੱਡੀ ’ਚ ਬੈਠੇ ਮੰਗੂ ਰਾਮ ਦੇ ਗੁਦਗੁਦੀ ਹੋ ਰਹੀ ਸੀ।ਜਿਉਂ ਹੀ ਬਲਾਕ ਪ੍ਰਧਾਨ ਨੇ ਜ਼ਿਲਾ ਪ੍ਰਧਾਨ ਨੂੰ ਸਾਰੀ ਗੱਲ ਸਮਝਾਈ ਤਾਂ ਬੜੇ ਹੀ ਸਤਿਕਾਰ ਨਾਲ ਮੰਗੂ ਰਾਮ ਦੇ ਕੰਨ ਕੋਲ ਮੂੰਹ ਕਰਕੇ ਪ੍ਰਧਾਨ ਜੀ ਨੇ ਪੁਛਿਆ,“ਹਾਂ ਬਈ ਦੋਸਤ, ਕਿੰਨਾਂ ਕੁ ਹੱਥ ਮਾਰਿਆ ਫੇਰ ?”

ਗੱਲ ਨੂੰ ਨਾ ਸਮਝਦਿਆਂ ਮੰਗੂ ਰਾਮ ਨੇ ਹੈਰਾਨ ਹੁੰਦਿਆ ਪ੍ਰਧਾਨ ਜੀ ਵੱਲ ਵੇਖਿਆ।ਪ੍ਰਧਾਨ ਜੀ ਫਿਰ ਬੋਲੇ, “ਹਾਂ ਹਾਂ, ਘਬਰਾ ਨਾ, ਇੱਥੇ ਰਾਜ ਖੁਲਣ ਦਾ ਭੋਰਾ ਡਰ ਨਹੀਂ। ਆਪਾਂ ਤਾਂ ਸਾਲੀਆਂ ਕੰਧਾਂ ਦੇ ਕੰਨ ਵੀ ਸੀਲ ਕਰ ਰੱਖੇ ਨੇ।”ਪਰ ਮੰਗੂ ਰਾਮ ਦੇ ਕੁਝ ਸਮਝ ਨਹੀਂ ਸੀ ਆ ਰਿਹਾ।ਉਧਰ ਪ੍ਰਧਾਨ ਜੀ ਨੂੰ ਆਪਣੇ ਮਨ ’ਚ ਮਨਿਸਟਰੀ ਦਿਸ ਰਹੀ ਸੀ-ਇਸ ਸਾਮੀ ਨੂੰ ਸਟੇਟ ਪ੍ਰਧਾਨ ਨੂੰ ਮਿਲਾਕੇ।ਦੋ ਚਾਰ ਵਾਰ ਪੁਛਣ ’ਤੇ ਜਦੋਂ ਮੰਗੂ ਰਾਮ ਨੇ ਕੁਝ ਪੱਲੇ ਨਾ ਪਾਇਆ ਤਾਂ ਉਹ ਸਮਝਿਆ,‘ਸਾਮੀ ਬਹੁਤ ਵੱਡੀ ਤਾਂ ਹੈ ਹੀ ਨਾਲ ਦੀ ਨਾਲ ਚਤੁਰ ਵੀ,ਸਟੇਟ ਪ੍ਰਧਾਨ ਦੇ ਸਾਹਮਣੇ ਹੀ ਮੂੰਹ ਖੋਲੇਗੀ।’

“ਚੱਲ ਕੋਈ ਨਾ, ਮੈਨੂੰ ਤਾਂ ਭਾਵੇਂ ਨਾ ਦੱਸ ਪਰ ਵੱਡੇ ਸਾਹਿਬ ਤੋਂ ਕੋਈ ਗੱਲ ਲਕੋ ਕੇ ਨਾ ਰੱਖੀਂ, ਸੱਤ ਪੀੜੀਆਂ ਤਰ ਜਾਣਗੀਆਂ ਜੇ ਸਾਹਿਬ ਖੁਸ਼ ਹੋ ਗਿਆ।” ਬੜੇ ਹੀ ਮਾਣ-ਸਨਮਾਣ ਨਾਲ, ਲੋਕਾਂ ਦੀਆਂ ਨਜ਼ਰਾਂ ਅਤੇ ਖਾਸ ਕਰਕੇ ਵਿਰੋਧੀਆਂ ਦੇ ਕਾਰਕੁੰਨਾਂ ਦੀਆਂ ਨਜ਼ਰਾਂ ਤੋਂ ਬਚਾਉਦਿਆਂ ਡਾ. ਮੰਗੂ ਰਾਮ ਨੂੰ ਸਟੇਟ ਪ੍ਰਧਾਨ ਕੋਲ ਜਾ ਪੇਸ਼ ਕੀਤਾ। ਇਸ ਤੋਂ ਪਹਿਲਾਂ ਕਿ ਉਹਨਾਂ ਦੇ ਬੁਲ੍ਹ ਹਰਕਤ ’ਚ ਆਉਂਦੇ ਜ਼ਿਲਾ ਪ੍ਰਧਾਨ ਨੇ ਸਟੇਟ ਪ੍ਰਧਾਨ ਦੇ ਕੰਨ ਵਿੱਚ ਫੂਕ ਮਾਰੀ,“ ਗੁਰੂ ਜੀ, ਬਹੁਤ ਹੀ ਵੱਡੀ ਸਾਮੀ ਲੱਗਦੀ ਹੈ, ਕੁਲੀਨ ਚਿੱਟ ਮੰਗ ਰਿਹੈ, ਚੰਗਾ ਹੀ ਹੱਥ ਮਾਰਿਐ ਲੱਗਦੈ, ਟੋਹੋਗਾਂ ਇਹਨੂੰ, ਲਾਈਏ ਕੋਈ ਵੱਡੀ ਸੇਵਾ।”ਸਟੇਟ ਪ੍ਰਧਾਨ ਦੀ ਅੱਖ ਦੀ ਘੂਰੀ ਅਤੇ ਇਸ਼ਾਰੇ ਨੇ ਜ਼ਿਲਾ ਪ੍ਰਧਾਨ ਨੂੰ ਕਮਰੇ ਵਿੱਚੋਂ ਬਾਹਰ ਜਾਣ ਲਈ ਮਜਬੂਰ ਕਰ ਦਿੱਤਾ।

“ਹਾਂ ਬਈ ਕਾਕਾ ਕੀ ਨਾਂ ਏ ਤੇਰਾ ?”

“ਜੀ, ਡਾ. ਮੰਗੂ ਰਾਮ।”

“ਦੱਸ ਖਾਂ ਫਿਰ, ਕਿਉਂ ਚਾਹੀਦੀ ਹੈ ਕਲੀਨ ਚਿੱਟ ਤੈਨੂੰ ?”

“ਵਾਹ ਜਨਾਬ ਥੋਡੇ ਕੋਲੋਂ ਭੁਲਿਆ ਕੁਛ, ਕਿਉਂ ਚਾਹੀਦੀ ਹੁੰਦੀ ਹੈ ਕਲੀਨ ਚਿੱਟ ?”

“ਭੁਲਿਆ ਤਾਂ ਕੁਝ ਨ੍ਹੀਂ, ਦੇਸ਼ ਦੁਨੀਆਂ ਦੀ ਖਬਰ ਰੱਖਣੀ ਪੈਂਦੀ ਹੈ, ਨਾਲੇ ਕਲੀਨ ਚਿੱਟ ਤਾਂ ਲੋਕਾਂ ਦੀਆਂ ਅੱਖਾਂ ’ਚ ਘੱਟਾ ਪਾਉਣ ਲਈ ਹੁੰਦੀ ਹੈ, ਇਕ ਦੂਜੇ ਦੀਆਂ ਕਰਤੂਤਾਂ ਜੱਗ ਕੋਲੋਂ ਛੁਪਾਉਣ ਲਈ ਇਹਨਾਂ ਦੀ ਲੋੜ ਪੈਂਦੀ ਹੈ। ਤੂੰ ਅਜੇ ਨਵਾਂ ਲੱਗਦੈ ਇਸ ਧੰਦੇ ’ਚ ਨਾਲੇ ਲੱਗਦੈ ਇਕੋ ਹੀ ਛਾਲ ਮਾਰਕੇ ਸਾਡੇ ’ਚ ਆ ਰਲਿਆ।ਕੀ ਪਹਿਲਾਂ ਕੋਰਟ ਜਾਂ ਪੁਲੀਸ ਤੋਂ ਟ੍ਰਾਈ ਕੀਤੀ ਹੈ ?”

“ਨਾ ਜੀ ਨਾ, ਇਹਨਾਂ ਕੋਲੋਂ ਤਾਂ ਮੈਨੂੰ ਬਾਹਲਾ ਹੀ ਡਰ ਲੱਗਦੈ।ਹਾਂ! ਮੈਂ ਬਾਸ ਅਤੇ ਹੋਮ ਮਨਿਸਟਰੀ ਤੋਂ ਕਲੀਲ ਚਿੱਟ ਲੈਣ ਦਾ ਯਤਨ ਕੀਤਾ ਸੀ ਪਰ ਸਾਰੀਆਂ ਕੋਸਿਸ਼ਾਂ ਬੇਕਾਰ ਗਈਆਂ।”

“ਕੀ ਕਿਹਾ, ਹੋਮ ਮਨਿਸਟਰੀ ਤੋਂ ਵੀ ਜਵਾਬ ਮਿਲ ਗਿਆ! ਸਟੇਟ ਪ੍ਰਧਾਨ ਜੀ ਚੌਂਕੇ,“ ਤੇਰੇ ਲਈ ਤਾਂ ਬਈ ਫਿਰ ਬਹੁਤ ਹੀ ਮਹਿੰਗੀ ਕਲੀਨ ਚਿੱਟ ਦਾ ਇੰਤਜ਼ਾਮ ਕਰਨਾ ਪਊ।”

“ਮਹਿੰਗੀ ਕਲੀਨ ਚਿੱਟ, ਜਨਾਬ ਆਪਾਂ ਇਹ ਕੀ ਕਰਨੀ ਹੈ ? ਆਪਾਂ ਨੂੰ ਤਾਂ ਕੋਈ ਐਂਵੇ ਵਾਲੀ ਹੀ ਦੇ ਦਿਉ, ਆਪਾਂ ਤਾਂ ਐਡਵਾਂਸ ਲੈ ਕੇ ਹੀ ਰੱਖਣੀ ਹੈ।ਕਦੇ ਦਫਤਰ ’ਚ ਕੰਮ ਕਰਦਿਆਂ ਜਾਂ ਸਮਾਜ ’ਚ ਵਿਚਰਦਿਆਂ ਐਂਵੇ ਇਲਜ਼ਾਮ ਲੱਗ ਜੇ, ਉਦੋਂ ਕੰਮ ਆਊ।”

“ਇਹਦਾ ਮਤਲਬ ਤੂੰ ਅਜੇ ਤੱਕ ਕੋਈ ਘਪਲਾ-ਘੁਪਲਾ ਨਹੀਂ ਕੀਤਾ ?”

“ਕਿੱਥੇ !ਜਨਾਬ ਸਾਡੇ ਕਰਮਾਂ ’ਚ ਕਿੱਥੇ ?”

ਪ੍ਰਧਾਨ ਜੀ ਦੀਆਂ ਅੱਖਾਂ ਨੇ ਅੰਗਿਆਰ ਬਰਸੇ ਅਤੇ ਜ਼ਬਾਨ ਦਹਾੜ ਹੀ ਬਣ ਗਈ।ਬਾਹਰੋਂ ਸਕਿਉਰਟੀ ਵਾਲੇ ਭੱਜ ਕੇ ਆਏ।

“ਇਹਨੂੰ ਸੁੱਟੋ ਬਾਹਰ, ਕਰੋ ਦਫਾ, ਆ ਜਾਂਦੇ ਨੇ ਸਮਾਂ ਬਰਬਾਦ ਕਰਨ।”

ਹੱਥ ਜੋੜ ਕੇ ਕੋਡੇ ਹੋਏ ਖੜ੍ਹੇ ਜ਼ਿਲਾ ਪ੍ਰਧਾਨ ਨੂੰ ਜ਼ੋ ਏ ਤੋਂ ਜੈਡ ਤੱਕ ਦੀਆਂ ਗਾਲ੍ਹਾਂ,ਲਾਹਣਤਾਂ ਅਤੇ ਝਿੜਕਾਂ ਸਟੇਟ ਪ੍ਰਧਾਨ ਨੇ ਦਿੱਤੀਆਂ ..ਪੁੱਛੋ ਨਾ! ਜ਼ਿਲਾ ਪ੍ਰਧਾਨ ਜੀ ਵੀ ਆਪਣੇ ਮਨ ਦੀ ਡਰਾਈਵ ’ਚ ਸੱਭ ਸਟੋਰ ਕਰੀ ਜਾ ਰਹੇ ਸਨ ਕਿਉਂਕਿ ਵਾਪਿਸ ਜਾਕੇ ਹੇਠਲਿਆਂ ਨੂੰ ਵੀ ਵੰਡਣੀਆਂ ਸਨ।

ਇੱਥੋਂ ਵੀ ਖ਼ੈਰ ਨਾ ਪਈ।ਫਿਰ ਧਿਆਨ ’ਚ ਆਇਆ, ਕਿਉਂ ਨਾ ਕਿਸੇ ਧਾਰਮਿਕ ਲੀਡਰ ਤੋਂ ਕਲੀਨ ਚਿਟ ਲਈ ਜਾਵੇ।ਆਪਣੇ ਮੁਹੱਲੇ ਵਿੱਚ ਵੱਸਦੇ ਸਿੱਧੇ ਸਾਧੇ, ਗੁਣੀ ਗਿਆਨੀ, ਗੁਰੂ ਘਰ ਦੇ ਸੇਵਾਦਾਰ ਤੋਂ ਕਲੀਨ ਚਿਟ ਲੈਣ ਦਾ ਮਨ ਬਣਾਇਆ।ਅਜਿਹੀ ਸਖਸ਼ੀਅਤ ਦੇ ਦਰਸ਼ਨ ਕਰਦਿਆਂ ਹੀ ਰੂਹ ਖਿੜ ਜਾਂਦੀ ਹੈ।ਇਹਨਾਂ ਤੋਂ ਕਲੀਨ ਚਿੱਟ ਲੈਣਾ ਸੋਨੇ ਤੇ ਸੁਹਾਗਾ ਹੋ ਜਾਵੇਗਾ। ਜਿਵੇਂ ਹੀ ਉਹਨਾਂ ਕੋਲ ਜਾਕੇ ਬੇਨਤੀ ਕੀਤੀ ਤਾਂ ਉਹਨਾਂ ਫੁਰਮਾਇਆ,“ ਭਗਤਾ ਤੈਨੂੰ ਕੀ ਲੋੜ ਹੈ ਕਲੀਨ ਚਿੱਟ ਦੀ, ਤੂੰ ਤਾਂ ਪਹਿਲਾਂ ਹੀ ਸਾਰੇ ਪਾਸਿਆਂ ਤੋਂ ਕਲੀਨ ਹੈ- ਸਮਾਜ ਸੇਵਾ, ਜੀਵ ਜੰਤੂ ਸੇਵਾ, ਗੁਰੂ ਘਰ ਦੀ ਸੇਵਾ ਤੂੰ ਤਨੋਂ ਮਨੋਂ ਧਨੋਂ ਕਰਦੈਂ, ਵਾਹਿਗੁਰੂ ਦੇ ਭਾਣੇ ਨੂੰ ਸਤਿ ਕਰਕੇ ਮੰਨਦੈ।ਨਾਲੇ ਆਪਾਂ ਕੌਣ ਹੁੰਦੇ ਆਂ ਕਲੀਨ ਚਿੱਟ ਦੇਣ ਵਾਲੇ, ਇਹ ਤਾਂ ਸੱਚੇ ਪਾਤਿਸ਼ਾਹ ਹੀ ਹੈ ਜੋ ਬਖਸਿਸ਼ ਕਰਦਾ ਹੈ।”

“ਗੱਲ ਤਾਂ ਬਾਬਾ ਜੀ ਥੋਡੀ ਠੀਕ ਹੈ ਪਰ ਦੇਖੋ ਨਾ ਆਪਾਂ ਰੋਜ਼ ਹੀ ਅਖਬਾਰਾਂ ’ਚ ਪੜ੍ਹਦੇ ਹਾਂ ਕਿ ਅੱਜ ਫਲਾਣੇ ਲੀਡਰ ਨੂੰ ਅੱਜ ਢਿਮਕੇ ਲੀਡਰ ਨੂੰ ਕਲੀਨ ਚਿੱਟ ਮਿਲ ਗਈ। ਅਰਬਾਂ ਖਰਬਾਂ ਦੇ ਘਪਲੇ ਅਤੇ ਸ਼ੈਤਾਨਾਂ ਤੋਂ ਵੀ ਭੈੜੀਆਂ ਕਰਤੂਤਾਂ, ਸਜ਼ਾ ਕੀ ਮਿਲੀ ਜੋੜੇ ਸਾਫ ਕਰਨ ਜਾਂ ਭਾਂਡੇ ਮਾਂਜਣ ਦੀ।ਮੈਨੂੰ ਵੀ ਕਿਸੇ ਅਜਿਹੇ ਧਾਰਮਿਕ ਲੀਡਰ ਤੋਂ ਦਿਵਾ ਦਿਉ ਕਲੀਨ ਚਿੱਟ।”

“ਮੰਗੂ ਰਾਮਾ, ਅਜਿਹੀਆਂ ਕਲੀਨ ਚਿੱਟਾਂ ਦੇਣ ਵਾਲੇ ਐਚ-ਟੂ-ਓ ਹੁੰਦੇ ਨੇ।”

“ਐਚ-ਟੂ-ਓ! ਕੀ ਮਤਲਬ ?”

“ਦੋ ਅੰਸ਼ ਰਾਜਨੀਤੀ ਅਤੇ ਇਕ ਅੰਸ਼ ਧਰਮ ਦਾ ਮਿਸ਼ਰਣ ਅਤੇ ਜਿਵੇਂ ਪਾਣੀ ਭਾਂਡੇ ਮੁਤਾਬਿਕ ਆਪਣਾ ਆਕਾਰ ਬਣਾ ਲੈਂਦਾ ਹੈ ਉਸੇ ਤਰ੍ਹਾਂ ਇਹ ਮੌਕੇ ਮੁਤਾਬਿਕ ਆਪਣਾ ਰੰਗ ਰੂਪ ਬਦਲੀ ਰੱਖਦੇ ਨੇ, ਨਾਲੇ ਇਹਨਾਂ ਤੈਨੂੰ ਕਲੀਨ ਚਿੱਟ ਤਾਂ ਕੀ ਦੇਣੀ ਹੈ ਵਿਲੇਨ ਚਿੱਟ ਭਾਵੇਂ ਦੇ ਦੇਣ।”

“ਕਿਉਂ ? ਮੈਂ ਕੀ ਮਾੜਾ ਕੀਤਾ ਐ ਇਹਨਾਂ ਦਾ ?”

“ਕਿਉਂਕਿ ਤੂੰ ਹੈਂ ਲਿਖਾਰੀ ਅਤੇ ਉਹ ਵੀ ਵਿਅੰਗਕਾਰ, ਅਜਿਹੇ ਲੋਕਾਂ ਦੇ ਪੋਤੜੇ ਫਰੋਲਣਾ ਹੀ ਤੇਰਾ ਉਦੇਸ਼ ਹੈ, ਫਿਰ ਹੋਇਆ ਨਾ ਤੂੰ ਉਹਨਾਂ ਲਈ ਵਿਲਨ।”

ਤੇ ਮੰਗੂ ਰਾਮ ਅੱਜ ਵੀ ਲੇਲੜੀਆਂ ਕੱਢਦਾ ਫਿਰ ਰਿਹਾ ਹੈ ਕਲੀਨ ਚਿੱਟ ਲਈ।ਰੱਬ ਵੀ ਨਹੀਂ ਬਹੁੜਦਾ!

# ਤੇਰਾਂ ਦੀ ਮੁਹਾਰਨੀ ਇਤਿਹਾਸ ਨੇ ਵਿਚਾਰਨੀ



ਜਗਦੇਵ ਸਿੱਧੂ
403 351 1136



ਗਿਣਤੀ ਦਾ ਕੋਈ ਵੀ ਅੰਕ ਚੰਗਾ ਜਾਂ ਮਾੜਾ ਨਹੀਂ ਹੁੰਦਾ ਪਰ ਇਤਿਹਾਸਕ ਸੰਦਰਭ ਵਿਚ ਵਾਚਦਿਆਂ ਕਿਸੇ ਅੰਕ ਨਾਲ ਕੁੱਝ ਵਿਸ਼ੇਸ਼ਤਾਵਾਂ ਜੁੜ ਜਾਂਦੀਆਂ ਹਨ। ਏਥੇ ਗੱਲ ਤੇਰਾਂ ਦੇ ਅੰਕ ਬਾਰੇ ਕਰਦੇ ਹਾਂ। ਜਦੋਂ ਪੰਜਾਬੀ ਅਖ਼ਬਾਰ ਦੇ ਸਫ਼ਾ ਨੰਬਰ ਤੇਰਾਂ ਤੇ ਲਗਾਤਾਰ ਛਪਣ ਲੱਗਿਆ ਤਾਂ ਮਖੌਲੀਏ ਪਰ ਜ਼ਹੀਨ ਇਨਸਾਨ ਨੇ ਇਹ ਕਹਿ ਕੇ ਛੇੜਿਆ – ਤੂੰ ਤਾਂ ਤੇਰਾਂ ਨੰਬਰ ਤੇ ਐਂ ਕਬਜ਼ਾ ਕਰੀ ਬੈਠੈਂ ਜਿਵੇਂ ਨਾਨਕੀਂ ਪੱਕਾ ਮੰਜਾ ਡਾਹ ਕੇ ਬੈਠਾ ਹੋਵੇਂ। ਤਾਂ ਸੁਭਾਵਕ ਏਹੋ ਕਿਹਾ ਗਿਆ – ਕਿਤੇ ਸੱਚੀਓਂ ਹੀ ਨਾਨਕੇ ਨਾ ਹੋਣ। ਸੋ ਗੱਲ ਆਪ-ਮੁਹਾਰੇ ਆਨੇ ਆਲੀ ਥਾਂ ਜਾ ਬੈਠੀ, ਜਾਣੀਦੀ ਬਠਿੰਡੇ ਜ਼ਿਲੇ ਦੇ ਸ਼ਾਨਾਮੱਤੇ ਪਿੰਡ ਤੁੰਗਵਾਲੀ ਤੇ ਜਾ ਅਪੜੀ।

ਜਦੋਂ ਗਿੰਦੇ ਕੇ ਤੇਜੇ ਦੀ ਘਰ ਵਾਲ਼ੀ ਕਿਸੇ ਸੱਤਬਿਗਾਨੇ ਨਾਲ ਭੱਜ ਗਈ ਸੀ ਤਾਂ ਜਣਾ-ਖਣਾ ਉਸ ਵਿਚਾਰੇ ਨੂੰ ਕਿਹਾ ਕਰੇ – ਬਾਈ ਸਿਆਂ ਤੇਰੇ ਨਾਲ ਤਾਂ ਜੱਗੋਂ-ਤੇਰ੍ਹਵੀਂ ਹੋਈ। ਤੇ ਫੇਰ ਕਈ ਹੋਰ ਮੁਹਾਵਰਿਆਂ, ਅਖਾਣਾਂ, ਟੋਟਕਿਆਂ ਤੇ ਲੋਕ-ਬੋਲਾਂ ਵਿਚ ਤੇਰਾਂ ਦੇ ਜ਼ਿਕਰ ਨੂੰ ਵਿਚਾਰਿਆ ਤਾਂ ਇਤਿਹਾਸ-ਮਿਥਿਹਾਸ ਦੀਆਂ ਡੂੰਘੀਆਂ ਪਰਤਾਂ ਫਰੋਲਣੀਆਂ ਪਈਆਂ। ਯੂਨਾਨੀ ਮਿਥਿਹਾਸ ਵਿਚ ਆਉਂਦਾ ਹੈ ਕਿ ਸਾਡੇ ਦੇਵੀ-ਦੇਵਤਿਆਂ ਵਾਂਗ ਉਨ੍ਹਾਂ ਦੇ ਬਾਰਾਂ ਓਲੰਪੀਅਨ ਸਨ ਤੇ ਤੇਰ੍ਹਵਾਂ ਸਰਬ ਸ਼ਕਤੀਮਾਨ ਜਾਣੀ ਰੱਬ। ਨਾਲ ਹੀ ਉਨ੍ਹਾਂ ਦੇ ਬਾਰਾਂ ਟਾਈਟਨ ਵੀ ਸਨ ਤੇ ਤੇਰ੍ਹਵਾਂ ਓਹੀ ਰੱਬ। ਇਹ ਹਿੰਦੂ ਮਿਥਿਹਾਸ ਦੇ ਸੂਰਜਵੰਸ਼ੀ ਅਤੇ ਚੰਦਰਵੰਸ਼ੀ ਵਾਂਗ ਹੈ। ਹੋਮਰ ਦੇ ਆਦਿ ਮਹਾਂਕਾਵਿ – ਇਲੀਆਡ– ਵਿਚ ਇਨ੍ਹਾਂ ਦੀ ਹੀ ਦਸ ਸਾਲ ਲੰਮੀ ਲੜਾਈ ਦੀ ਗਾਥਾ ਹੈ। ਤਕਰੀਬਨ ਉਨ੍ਹਾਂ ਹੀ ਸਮਿਆਂ ਅੰਦਰ ਓਧਰ ਹਿੰਦੁਸਤਾਨ ਵਿਚ ਮਹਾਂਭਾਰਤ ਦੀ ਰਚਨਾ ਹੋਈ ਦੱਸੀ ਜਾਂਦੀ ਹੈ। ਪਾਂਡਵ ਜਦੋਂ ਪਾਸਾ ( ਜੂਆ ) ਖੇਡ ਕੇ ਕੌਰਵਾਂ ਨੂੰ ਰਾਜ-ਭਾਗ ਅਤੇ ਦਰੋਪਤੀ ਵੀ ਦਾਅ ਤੇ ਲਾ ਕੇ ਹਾਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਾਰਾਂ ਸਾਲ ਦਾ ਬਨਵਾਸ ਭੋਗਣ ਲਈ ਕਿਹਾ ਜਾਂਦਾ ਹੈ। ਨਾਲ ਸ਼ਰਤ ਇਹ ਕਿ ਜੇ ਤੇਰ੍ਹਵੇਂ ਸਾਲ ਕਿਤੇ ਉਨ੍ਹਾਂ ਦਾ ਖੁਰਾ-ਖੋਜ ਮਿਲ ਗਿਆ ਭਾਵ ਉਹ ਨਜ਼ਰੀਂ ਆ ਗਏ ਤਾਂ ਬਾਰਾਂ ਸਾਲ ਹੋਰ ਬਨਵਾਸ ਕੱਟਣਾ ਪਵੇਗਾ। ਪਾਂਡਵ ਬਾਰਾਂ ਸਾਲ ਦਾ ਬਨਵਾਸ ਕੱਟਣ ਮਗਰੋਂ ਤੇਰ੍ਹਵੇਂ ਵਰ੍ਹੇ (ਗੁਪਤਵਾਸ) ਭੇਸ ਬਦਲ ਕੇ ਬਰਾਟ ਰਾਜੇ ਕੋਲ ਨੌਕਰ ਜਾ ਲੱਗੇ ਸਨ ਤੇ ਨਾਲ ਹੀ ਦਰੋਪਤੀ। ਕਵੀਸ਼ਰੀ ਵਿਚ ਆਉਂਦਾ ਹੈ -

ਰਹਿੰਦਿਆਂ ਨੂੰ ਪੂਰੇ ਹੋਗੇ ਬਾਰਾਂ ਸਾਲ ਜੀ।
ਤੇਰ੍ਹਵੇਂ ਬਰਸ ਕੈਰੋਂ ਲੈਣ ਭਾਲ ਜੀ।

ਮਹਾਂਭਾਰਤ ਵਿਚ ਇਸ ਵਰ੍ਹੇ ਨੂੰ ਬਰਾਟ ਪਰਵ ਦਾ ਨਾਂ ਦਿੱਤਾ ਗਿਆ ਹੈ। ਬਾਬੂ ਰਜਬ ਅਲੀ ਖ਼ਾਨ ਨੇ ਪਾਂਡਵਾਂ ਨੂੰ ਬਿਆਸ ਰਿਸ਼ੀ ਦੀ ਸਲਾਹ ਤੇ ਬਰਾਟ ਰਾਜੇ ਕੋਲ ਭੇਸ ਵਟਾ ਕੇ ਜਾਣ ਬਾਰੇ ਇਉਂ ਲਿਖਿਆ ਹੈ -

ਥੋਡੀ ਔਰਤ ਮਹੇਸ਼, ਧਾਰੇ ਬਾਂਦੀਆਂ ਦਾ ਭੇਸ, ਗੁੰਦੇ ਰਾਣੀਆਂ ਦੇ ਕੇਸ਼, ਤਕਦੀਰ ਚੰਦਰੀ।
ਨਾਮ ਤਾਂ ਵਟਾ ਕੇ ਰੱਖਲੇ ਸਰੰਦਰੀ।
ਇਕ ਰਾਣੀ ਖ਼ਾਂ ਦਾ ਸਾਲ਼ਾ, ਰੱਜਬਲੀ ਰੱਖਿਓ ਟਾਲ਼ਾ,
ਓਹਦੀ ਧੌਣ ਵਿਚ ਬਾਹਲ਼ਾ, ਅਕੜੇਵਾਂ ਲਾਟ ਦੇ।
ਗੁਪਤ ਕਾਲ ਕੱਟੋ ਤੇਰ੍ਹਵਾਂ ਬਰਾਟ ਦੇ।

ਹਜ਼ਰਤ ਈਸਾ ਮਸੀਹ ਨਾਲ ਤਾਂ ਤੇਰ੍ਹਵਾਂ ਅੰਕ ਇਉਂ ਜੁੜਿਆ ਕਿ ਇਸ ਅੰਕ ਨੂੰ ਮਨਹੂਸ ਮੰਨ ਲਿਆ ਗਿਆ। ਇੱਥੋਂ ਤੱਕ ਕਿ ਚੰਡੀਗੜ੍ਹ ਵਿਚ 12 ਸੈਕਟਰ ਪੀ. ਜੀ. ਆਈ. ਅਤੇ ਪੰਜਾਬ ਇੰਜਨੀਅਰਿੰਗ ਕਾਲਜ (ਹੁਣ ਯੂਨੀਵਰਸਿਟੀ), ਅਗਲਾ ਸੈਕਟਰ 14 ਪੰਜਾਬ ਯੂਨੀਵਰਸਿਟੀ ਹੈ ਪਰ ਤੇਰ੍ਹਵਾਂ ਸੈਕਟਰ ਨਹੀਂ ਬਣਾਇਆ ਗਿਆ। ਹੋਰ ਤਾਂ ਹੋਰ ਮਲਿਕਾ ਅਲਿਜ਼ਬਥ ਦੇ ਭੋਜ ਸਮੇ ਤੇਰਵ੍ਹੀਂ ਕੁਰਸੀ ਖਾਲੀ ਰੱਖੀ ਜਾਂਦੀ ਹੈ। ਦਰਅਸਲ ਗੱਲ ਇਉਂ ਹੈ ਕਿ ਈਸਾ ਮਸੀਹ ਦੇ ਬਾਰਾਂ ਚੇਲੇ ਸਨ ਤੇ ਤੇਰ੍ਹਵਾਂ ਉਹ ਆਪ ਸੀ। ਆਖਰੀ ਭੋਜ ( The Last Supper ) ਸਮੇ ਉਸ ਨੇ ਕਿਹਾ ਸੀ – ਤੁਹਾਡੇ ਵਿੱਚੋਂ ਕੋਈ ਇੱਕ ਜਣਾ ਮੈਨੂੰ ਦਗ਼ਾ ਦੇਵੇਗਾ। ਇਸ਼ਾਰਾ ਚੇਲੇ ਯਹੂਦਾ ਵੱਲ ਸੀ। ਲਿਉਨਾਰਦੋ ਦ ਵਿੰਚੀ ਦੀ ਮਸ਼ਹੂਰ ਪੇਂਟਿੰਗ – ਦ ਲਾਸਟ ਸੱਪਰ (The Last Supper ) ਵਿਚ ਇਸ ਦ੍ਰਿਸ਼ ਨੂੰ ਕਮਾਲ ਦੇ ਹੁਨਰ ਨਾਲ ਚਿਤਰਿਆ ਗਿਆ ਹੈ। ਇਸ ਵਿਚ ਈਸਾ ਦੁਆਰਾ ਉਪ੍ਰੋਕਤ ਗੱਲ ਕਹਿਣ ਤੋਂ ਮਗਰੋਂ ਚੇਲਿਆਂ ਵਿਚ ਆਏ ਹਾਵ-ਭਾਵ ਤੇ ਹਲਚਲ ਨੂੰ ਬਾਖੂਬੀ ਦਰਸਾਇਆ ਗਿਆ ਹੈ। ਧੁਰ ਖੱਬੇ ਪਾਸੇ ਵਾਲੇ ਤਿੰਨ ਸ਼ਾਗਿਰਦ ਪ੍ਰਤੀਕਰਮ ਦੇ ਰਹੇ ਦਿਸਦੇ ਹਨ ਜਦੋਂ ਕਿ ਬਾਕੀ ਦੇ ਪ੍ਰਤੀਕਰਮ ਦੇਣ ਜਾਂ ਇਕ ਦੂਜੇ ਤੋਂ ਪੁੱਛਣ ਦੀ ਮੁਦਰਾ ਵਿਚ ਹਨ। ਸਾਰੇ ਬਾਰਾਂ ਚੇਲੇ ਤਿੰਨ ਤਿੰਨ ਦੀਆਂ ਤਿੱਕੜੀਆਂ ਵਿਚ ਹਨ। ਤਸਵੀਰ ਵਿਚ ਖੱਬੇ ਤੋਂ ਸੱਜੇ ਵੱਲ ਨੂੰ ਸਿਲਸਿਲਾ ਚਲਦਾ ਲਗਦਾ ਹੈ। ਧੁਰ ਖੱਬੇ ਬਾਰਥੋਲੋਮਿਊ, ਜੇਮਜ਼ ਦ ਮਾਈਨਰ ਅਤੇ ਐਂਡਰਿਊ ਤੁਰੰਤ ਹੈਰਾਨੀ ਪ੍ਰਗਟਾ ਰਹੇ ਹਨ, ਬਾਰਥੋਲੋਮਿਊ ਤਾਂ ਪੱਬਾਂ ਭਾਰ ਹੋਣ ਨੂੰ ਉਤਾਵਲਾ ਹੈ। ਦੂਜੀ ਤਿੱਕੜੀ ਵਿਚ ਯਹੂਦਾ, ਪੀਟਰ ਅਤੇ ਜੌਹਨ ਹਨ। ਯਹੂਦਾ ਦੇ ਸੱਜੇ ਹੱਥ ਵਿਚ ਉਹ ਚਾਂਦੀ ਵਾਲੀ ਗੁਥਲੀ ਵਿਖਾਈ ਗਈ ਹੈ ਜੋ ਉਸ ਨੂੰ ਈਸਾ ਦੀ ਪਛਾਣ ਕਰਨ ਦੇ ਵਾਅਦੇ ਬਦਲੇ ਦਿੱਤੀ ਗਈ ਸੀ, ਤੇ ਉਸ ਨੂੰ ਪਤਾ ਹੈ ਕਿ ਈਸਾ ਦਾ ਇਸ਼ਾਰਾ ਉਸੇ ਵੱਲ ਹੈ। ਉਹ ਪਿਛਾਂਹ ਨੂੰ ਖਿਸਕਦਾ ਲਗਦਾ ਹੈ ਜੋ ਉਸ ਦੇ ਸ਼ੱਕੀ ਬਦਨਾਮ ਹੋਣ ਦੀ ਨਿਸ਼ਾਨੀ ਹੈ। ਉਹ ਈਸਾ ਤੋਂ ਪਰੇ ਹੁੰਦਾ ਦਿਸਦਾ ਹੈ ਅਤੇ ਪਰਛਾਵੇਂ ਵਾਂਗ ਦਿਖਾਇਆ ਹੈ। ਉਸ ਦਾ ਖੱਬਾ ਹੱਥ ਉਸ ਰੋਟੀ (Bread ) ਦੇ ਟੁਕੜੇ ਤੱਕ ਜਾਂਦਾ ਦਿਖਾਇਆ ਹੈ ਜਿਸ ਨੂੰ ਈਸਾ ਨਾਲ ਮਿਲ ਕੇ ਖਾਣਾ ਹੈ। ਪੀਟਰ ਦੇ ਸੱਜੇ ਹੱਥ ਵਿਚ ਲੰਮਾ ਚਾਕੂ ਹੈ ( ਜਿਸ ਨਾਲ ਬਾਦ ਵਿਚ ਉਸ ਨੇ ਈਸਾ ਨੂੰ ਗ੍ਰਿਫ਼ਤਾਰ ਕਰਨ ਆਏ ਪਾਦਰੀ ਦੇ ਨੌਕਰ ਦਾ ਕੰਨ ਵੱਢਿਆ ਸੀ)। ਜੌਹਨ ਦੇ ਚਿਹਰੇ ਤੋਂ ਵਿਸ਼ਵਾਸ ਝਲਕਦਾ ਹੈ ਕਿ ਈਸਾ ਦਾ ਇਸ਼ਾਰਾ ਉਸ ਵੱਲ ਕਤੱਈ ਨਹੀਂ ਹੈ। ਕੇਂਦਰ ਵਿਚ ਬੈਠੇ ਈਸਾ ਦਾ ਮੂੰਹ ਅਜੇ ਵੀ ਖੁੱਲ੍ਹਾ ਹੈ, ਸ਼ਾਂਤ ਚਿਤ ਅਤੇ ਸਹਿਜ ਅਵਸਥਾ ਵਿਚ ਹੈ। ਉਸ ਨੂੰ ਬਾਕੀਆਂ ਨਾਲੋਂ ਵੱਡਾ ਦਿਖਾਇਆ ਗਿਆ ਹੈ। ਉਸ ਦਾ ਨੀਲਾ ਲਿਬਾਸ ਬਹੁਤ ਕੀਮਤੀ ਰੰਗ (ਪੇਂਟ) ਨਾਲ ਚਿਤਰਿਆ ਹੈ। ਈਸਾ ਤੋਂ ਅੱਗੇ ਸੱਜੇ ਹੱਥ ਥਾਮਸ, ਜੇਮਜ਼ ਦ ਗ੍ਰੇਟਰ ਅਤੇ ਫਿਲਿਪ ਹਨ। ਜੇਮਜ਼ ਦੀ ਖੜ੍ਹੀ ਉਂਗਲੀ ਇਸ਼ਾਰਾ ਕਰ ਰਹੀ ਹੈ। ਧੁਰ ਸੱਜੇ ਆਖ਼ਰੀ ਤਿੱਕੜੀ ਵਿਚ ਮੈਥਿਊ, ਥੈਡੀਅਸ ਅਤੇ ਸਾਈਮੌਨ ਹਨ ਜੋ ਗਹਿਰੀ ਚਰਚਾ ਵਿਚ ਮਗਨ ਦਿਸਦੇ ਹਨ। ਈਸਾ ਦਾ ਸੱਜਾ ਹੱਥ ਲਾਲ ਵਾਈਨ ਨਾਲ ਇੱਕ-ਤਿਹਾਈ ਭਰੇ ਗਲਾਸ ਵੱਲ ਵਧ ਰਿਹਾ ਹੈ। ਉਸ ਦੀ ਛੋਟੀ ਉਂਗਲੀ ਗਲਾਸ ਵਿਚਦੀ ਦਿਸਦੀ ਹੈ, ਗਲਾਸ ਤੋਂ ਪਰੇ ਇੱਕ ਤਸ਼ਤਰੀ ਤੇ ਰੋਟੀ ਦਾ ਟੁਕੜਾ ( Piece of bread ) ਪਿਆ ਹੈ। ਉਸ ਦੇ ਖੱਬੇ ਹੱਥ ਦੀ ਹਥੇਲ਼ੀ ਉਪਰ ਨੂੰ ਹੈ ਜੋ ਉਸ ਦੀਆਂ ਅੱਖਾਂ ਸਾਹਮਣੇ ਪਏ ਦੂਜੇ ਟੁਕੜੇ ਵੱਲ ਫੈਲੀ ਹੋਈ ਹੈ।

ਜਦੋਂ ਕਦੇ ਬੀਹਲਾ ਨੰਬਰਦਾਰ ਫੜ੍ਹਾਂ ਮਾਰਨੋ ਨਾ ਹਟੇ ਤਾਂ ਗੇਂਦਾ ਮੈਂਬਰ ਉਸ ਨੂੰ ਮੂੰਹ ਤੇ ਕਹਿ ਦਿੰਦਾ ਹੈ – ਜਾਣਦੇ ਆਂ ਤੈਨੂੰ ਵੱਡੇ ਟਾਂਡੇ ਭੰਨ ਨੂੰ, ਨਾ ਤੂੰ ਤਿਹੁੰ ਚ ਨਾ ਤੇਰਾਂ ਚ। ਸਾਡੇ ਮਿਥਿਹਾਸ ਅਨੁਸਾਰ ਦੇਵਤਿਆਂ ਅਤੇ ਰਾਕਸ਼ਾਂ ਨੇ ਮਿਲ ਕੇ ਸਮੁੰਦਰ (ਹਿੰਦ ਮਹਾਂ ਸਾਗਰ) ਰਿੜਕਿਆ ਸੀ। ਹਿਮਾਲਾ ਪਰਬਤ ਦੀ ਮਧਾਣੀ ਤੇ ਸ਼ੇਸ਼ ਨਾਗ ਦਾ ਨੇਤਰਾ। ਇੱਕ ਪਾਸੇ ਦੇਵਤੇ ਦੂਜੇ ਪਾਸੇ ਰਾਕਸ਼ ਨੇਤਰਾ ਖਿਚਦੇ। ਰਿੜਕਦਿਆਂ ਤੋਂ ਮੱਖਣ ਤਾਂ ਕਿੱਥੋਂ ਨਿਕਲਣਾ ਸੀ, ਜੋ ਚੀਜ਼ਾਂ ਨਿਕਲਦੀਆਂ ਉਨ੍ਹਾਂ ਨੂੰ ਰਤਨ ਕਹਿੰਦੇ ਤੇ ਵਾਰੋ ਵਾਰੀ ਵੰਡਦੇ। ਜਦੋਂ ਦੇਵਤਿਆਂ ਦੇ ਹਿੱਸੇ ਜ਼ਹਿਰ ਦਾ ਰਤਨ ਨਿਕਲਿਆ ਤਾਂ ਭੋਲ਼ੇ ਭੰਡਾਰੀ ਸ਼ਿਵ ਜੀ ਨੇ ਗਟਾ ਗਟ ਪੀ ਲਿਆ। ਉਦੋਂ ਤੋਂ ਉਨ੍ਹਾਂ ਦਾ ਕੰਠ ਨੀਲਾ ਜਾਂ ਸਿਆਹ ਹੋ ਗਿਆ। ਧਰਤੀ ਤੇ ਡੁੱਲ੍ਹਿਆ ਜ਼ਹਿਰ ਚੱਟਣ ਵਾਲੇ ਸੱਪ, ਕਿਰਲੀਆਂ, ਬਿੱਛੂ, ਭਰਿੰਡਾਂ, ਡੇਂਬੂ, ਮਧੂ ਮੱਖੀਆਂ ਵਗੈਰਾ ਜ਼ਹਿਰੀ ਬਣ ਗਏ। ਕਹਿੰਦੇ ਹਨ ਕਿ ਤੇਰ੍ਹਵੀਂ ਵਾਰ ਕਾਮ ਧੇਨ ਗਊ ਨਿੱਕਲੀ, ਤਾਹੀਓਂ ਦੁੱਧ ਨੂੰ ਤੇਰ੍ਹਵਾਂ ਰਤਨ ਮੰਨਿਆਂ ਗਿਆ ਹੈ। ਔਰਤਾਂ ਸਹੁੰ ਖਾਣ ਵੇਲੇ ਦੁੱਧ ਦਾ ਗਲਾਸ ਜਾਂ ਛੰਨਾ ਚੱਕ ਕੇ ਕਹਿੰਦੀਆਂ ਹਨ – ਲੈ ਮੇਰੇ ਹੱਥਾਂ ਚ ਤੇਰ੍ਹਵਾਂ ਰਤਨ ਐਂ ਜੇ ਝੂਠ ਬੋਲਾਂ।

ਤੇਰਾਂ ਦਾ ਅੰਕੜਾ ਜਾਂ ਸ਼ਬਦ ਗੁਰੂ ਨਾਨਕ ਦੇਵ ਜੀ ਨਾਲ ਬੜੇ ਸਨਮਾਨ, ਧਾਰਮਿਕ ਅਕੀਦੇ ਅਤੇ ਸ਼ਾਨ ਨਾਲ ਜੁੜਿਆ ਹੋਇਆ ਹੈ। ਸਾਖੀ ਇਹ ਹੈ ਕਿ ਜਦੋਂ ਗੁਰੂ ਜੀ ਨੂੰ ਬੀਬੀ ਨਾਨਕੀ ਜੀ ਕੋਲ ਸੁਲਤਾਨਪੁਰ ਲੋਧੀ ਭੇਜਿਆ ਗਿਆ ਤਾਂ ਉਨ੍ਹਾਂ ਨੂੰ ਨਵਾਬ ਦੇ ਮੋਦੀਖਾਨੇ ਦਾ ਕੰਮ ਸੌਂਪਿਆ ਗਿਆ। ਏਥੇ ਉਹ ਸੰਗਤਾਂ, ਗਾਹਕਾਂ ਨੂੰ ਸੌਦਾ ਤੋਲ ਕੇ ਦਿੰਦੇ ਸਨ। (ਗੁਰਦੁਆਰਾ ਬੇਰ ਸਾਹਿਬ ਵਿਖੇ ਓਹੀ ਕਹੇ ਜਾਂਦੇ ਪੱਥਰ ਦੇ ਵੱਟੇ ਅਜੇ ਵੀ ਪਏ ਹਨ)। ਜ਼ਿਕਰ ਹੈ ਕਿ ਜਦੋਂ ਗੁਰੂ ਜੀ ਤੋਲ ਦੀ ਗਿਣਤੀ ਸ਼ੁਰੂ ਕਰਦੇ - ਬਰਕਤ, ਦੋਵੇਂ, ਬਹੁਤੇ, ਚਾਰੇ,---- ਗਿਆਰਾਂ, ਬਾਰਾਂ, ਤੇਰਾਂ, ਤੇਰਾਂ, (ਤੇਰਾ ਹਾਂ) ਤੇਰਾ ਕਹਿੰਦੇ (ਜਪਦੇ) ਜਾਂਦੇ। ਤੇਰਾ ਤੇਰਾ ਉਚਾਰੀ ਜਾਂਦੇ ਤੇ ਸੌਦਾ ਤੋਲੀ ਜਾਂਦੇ। ਉਨ੍ਹਾਂ ਦੀ ਸੁਰਤੀ, ਬਿਰਤੀ ,ਲਗਨ ਹਰ ਵੇਲੇ ਵਾਹਿਗੁਰੂ ਨਾਲ ਜੁੜੀ ਰਹਿੰਦੀ ਸੀ। ਹੁਣ ਵੀ ਭਜਨ ਗਾਇਆ ਜਾਂਦਾ ਹੈ --ਮੈਂ ਤੇਰਾਂ ਤੇਰਾਂ ਤੇਰਾਂ ਸੱਚੇ ਪਾਤਸ਼ਾਹ, ਰੱਖ ਲੈ ਗ਼ਰੀਬ ਜਾਣ ਕੇ।

ਸਾਲ ਦੇ ਬਾਰਾਂ ਮਹੀਨੇ ਹੁੰਦੇ ਹਨ, ਭਾਵੇਂ ਜੂਲੀਅਨ ਵਰ੍ਹਾ ਹੋਵੇ, ਭਾਵੇਂ ਬਿਕਰਮੀ, ਗਰਿਗੋਰੀ, ਨਾਨਕਸ਼ਾਹੀ, ਹਿਜਰੀ, ਜਾਂ ਕੋਈ ਹੋਰ। ਦੇਸੀ ਵਰ੍ਹੇ ਦੇ ਮਹੀਨੇ ਚੰਦਰਮਾ ਤੇ ਅਧਾਰਤ ਹਨ, ਦੋ ਪੱਖਾਂ ਵਿਚ ਵੰਡੇ ਹੋਏ। ਸ਼ੁਕਲ ਪੱਖ ਚਾਨਣਾ ਤੇ ਕ੍ਰਿਸ਼ਨ ਅੰਧੇਰੀ ਰਾਤ। ਇਸ ਤਰ੍ਹਾਂ ਦਿਨਾਂ (ਤਿੱਥਾਂ) ਦੀ ਗਿਣਤੀ ਵਧਦੀ ਘਟਦੀ ਕਰ ਕੇ ਕੁੱਝ ਸਾਲਾਂ ਬਾਦ ਇੱਕ ਛੋਟਾ ਜਿਹਾ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ ਜਿਸ ਨੂੰ ਲੌਂਦ ਦਾ ਮਹੀਨਾ ਕਹਿੰਦੇ ਹਨ। ਇਹ ਸਾਲ ਦਾ ਤੇਰ੍ਹਵਾਂ ਮਹੀਨਾ ਅਖਵਾਉਂਦਾ ਹੈ। ਠੀਕ ਇਸੇ ਤਰਕ ਨਾਲ ਚਾਰ ਸਾਲ ਬਾਦ ਲੀਪ ਦੇ ਸਾਲ ਵਿਚ ਫ਼ਰਵਰੀ 28 ਦਿਨਾਂ ਦੀ ਬਜਾਏ 29 ਦਿਨਾਂ ਦੀ ਹੋ ਜਾਂਦੀ ਹੈ। ਸੋਲ੍ਹਵੀਂ ਸਦੀ ਵਿਚ ਯੂਰਪੀਅਨ ਲੋਕ ਉੱਤਰੀ ਅਮਰੀਕਾ ਦੀ ਧਰਤੀ ਤੇ ਆਉਣੇ ਤੇ ਆਬਾਦ ਹੋਣੇ ਸ਼ੁਰੂ ਹੋਏ। ਹੌਲੀ ਹੌਲੀ ਉਨ੍ਹਾਂ ਨੇ ਏਥੇ ਉਸ ਧਰਤੀ ਤੇ ਤੇਰਾਂ ਬਸਤੀਆਂ (ਕਲੋਨੀਆਂ) ਵਸਾ ਲਈਆਂ ਜਿਸ ਨੂੰ ਹੁਣ ਸੰਯੁਕਤ ਰਾਜ ਅਮਰੀਕਾ (ਯੂ. ਐਸ. ਏ.) ਕਿਹਾ ਜਾਂਦਾ ਹੈ। ਪਹਿਲਾਂ ਇਹ ਤੇਰਾਂ ਕਲੋਨੀਆਂ ਸਿੱਧੀਆਂ ਬਰਤਾਨਵੀ ਹਕੂਮਤ ਦੇ ਅਧੀਨ ਹੁੰਦੀਆਂ ਸਨ ਪਰ 4 ਜੁਲਾਈ, 1776 ਨੂੰ ਜਾਰਜ ਵਾਸ਼ਿੰਗਟਨ ਦੁਆਰਾ ਆਜ਼ਾਦੀ ਦਾ ਐਲਾਨ ਕਰਨ ਬਾਦ ਬਰਤਾਨਵੀ ਵਫ਼ਾਦਾਰ ਫੌਜਾਂ ਨਾਲ ਲੰਮੀ ਲੜਾਈ ਲੜਨੀ ਪਈ। ਫਰਾਂਸ ਦੀਆਂ ਫੌਜਾਂ ਨੇ ਆਜ਼ਾਦੀ ਪ੍ਰਸਤਾਂ ਦਾ ਸਾਥ ਦਿੱਤਾ। ਬੈਂਜੇਮਿਨ ਫਰੈਂਕਲਿਨ ਦੀ ਉੱਚ ਕੋਟੀ ਦੀ ਵਿਉਂਤਬੰਦੀ ਅਤੇ ਡਿਪਲੋਮੇਸੀ ਰੰਗ ਲਿਆਈ। ਸਿੱਟੇ ਵਜੋਂ ਤੇਰਾਂ ਕਲੋਨੀਆਂ ਦੇ ਰਲੇਵੇਂ ਨਾਲ ਖ਼ੁਦਮੁਖਤਿਆਰ ਸਰਵ-ਸੰਪੰਨ ਜਮਹੂਰੀ ਮੁਲਕ – ਸੰਯੁਕਤ ਰਾਜ ਅਮਰੀਕਾ ਹੋਂਦ ਵਿਚ ਆਇਆ। ਅੱਜ ਇਹ ਤੇਰਾਂ ਕਲੋਨੀਆਂ ਵਾਲਾ ਸ਼ਕਤੀਸ਼ਾਲੀ ਪੂੰਜੀਵਾਦੀ ਦੇਸ਼ ਸੁਪਰ ਪਾਵਰ ਬਣ ਕੇ ਦੁਨੀਆਂ ਦੇ ਮੁਲਕਾਂ ਤੇ ਧੌਂਸ ਜਮਾ ਰਿਹਾ ਹੈ। ਉਸ ਤੋਂ (49 ਸਮਾਨਾਂਤਰ ਤੋਂ) ਉਪਰਲਾ ਉੱਤਰੀ ਅਮਰੀਕਾ ਦਾ ਵਿਸ਼ਾਲ ਖੇਤਰਫਲ ਵਾਲਾ ਦੇਸ਼ – ਕੈਨੇਡਾ– ਦਸ ਸੂਬਿਆਂ (Provinces ) ਅਤੇ ਤਿੰਨ ਅਰਧ ਸੂਬਿਆਂ ( Territories ) ਯਾਨੀ ਕੁੱਲ ਤੇਰਾਂ ਪ੍ਰਸ਼ਾਸ਼ਨਿਕ \ ਰਾਜਨੀਤਕ ਇਕਾਈਆਂ ਦੀ ਫੈਡਰੇਸ਼ਨ ਕਹਾਉਂਦਾ ਹੈ।

ਜੀਵ ਵਿਗਿਆਨੀਆਂ ਦਾ ਤਰਕ ਹੈ ਕਿ ਮਨੁੱਖੀ ਦਿਮਾਗ ਕੁੱਲ ਤੇਰਾਂ ਗ੍ਰਾਮ ਖ਼ੂਨ (ਰਕਤ) ਦੀ ਕਰਾਮਾਤ ਹੈ। ਤਾਰਾ ਵਿਗਿਆਨੀਆਂ ਮੁਤਾਬਕ ਚੰਦਰਮਾ ਦੀ ਰਾਤ ਸਮੇ ਓਥੇ ਤੇਰਾਂ ਦਿਨ ਹਨੇਰਾ ਰਹਿੰਦਾ ਹੈ। ਈਸਾਈ ਜਗਤ ਵਿਚ ਤੇਰਾਂ ਨੂੰ ਅਪਸ਼ਗਨ ਮੰਨਿਆਂ ਜਾਂਦਾ ਹੈ। ਪੁਲਾੜ ਵਿਗਿਆਨੀਆਂ ਲਈ ਵੀ ਇੱਕ ਵਾਰ ਅਜਿਹਾ ਅਪਸ਼ਗਨ ਵਾਪਰ ਹੀ ਗਿਆ। ਅਪੋਲੋ -11 ਤਾਂ ਸੁੱਖੀਂ-ਸਾਂਦੀਂ ਚੰਦ ਤੇ ਜਾ ਕੇ ਧਰਤੀ ਤੇ ਆ ਗਿਆ ਸੀ (16 ਜੁਲਾਈ ਤੋਂ 24 ਜੁਲਾਈ, 1969), ਪਰ ਅਪੋਲੋ -13 ਦਾ ਮਿਸ਼ਨ ਨਾਕਾਮਯਾਬ ਰਿਹਾ ਸੀ। ਦਰਅਸਲ ਅਪੋਲੋ-13 ਨਾਂ ਦਾ ਪੁਲਾੜੀ ਜਹਾਜ਼ (Space Shuttle ) 11 ਅਪ੍ਰੈਲ,1970 ਨੂੰ ਕੈਨੇਡੀ ਸਪੇਸ ਸੈਂਟਰ ਤੋਂ ਦਾਗਿਆ ਗਿਆ। ਉਡਾਣ ਮਗਰੋਂ ਇਸ ਦੇ ਸਰਵਿਸ ਮਾਡਿਊਲ ਵਿਚ ਖ਼ਰਾਬੀ ਆ ਗਈ। ਇਸ ਵਿਚਲੇ ਟੈਂਕ ਵਿੱਚੋਂ ਆਕਸੀਜਨ ਲੀਕ ਹੋਣ ਲੱਗ ਪਈ ਸੀ ਤੇ ਅਪੋਲੋ-13 ਨੂੰ ਮਿਸ਼ਨ ਅਧੂਰਾ ਛੱਡ ਕੇ ਧਰਤੀ ਤੇ ਪਰਤਣਾ ਪਿਆ। ਖ਼ੈਰ ਇਹ 17 ਅਪ੍ਰੈਲ ਨੂੰ ਪੈਸਿਫਿਕ ਵਿਚ ਸਹੀ ਸਲਾਮਤ ਆ ਉੱਤਰਿਆ। ਇਸ ਨਾਲ ਜੁੜੀ ਇੱਕ ਦਿਲਚਸਪ ਗੱਲ ਹੋਰ ਵੀ ਹੈ। ਅਪੋਲੋ-13 ਦਾ ਪੁਲਾੜ ਯਾਤਰੀ ( Astronaut ) ਟੀ. ਕੇ ਮੈਟਿੰਗਲੀ ਸੀ ਪਰ ਉਡਾਣ ਤੋਂ ਤਿੰਨ ਦਿਨ ਪਹਿਲਾਂ ਉਹ ਖਸਰੇ ਦੀ ਬੀਮਾਰੀ ਦੀ ਜਕੜ ਵਿਚ ਆ ਗਿਆ। ਉਸ ਦੀ ਥਾਂ ਜੈਕ ਸਵਿਗਰਟ ਨੂੰ ਜਾਣਾ ਪਿਆ ਸੀ। ਤੇਰਾਂ ਅੰਕ ਨਾਲ ਜੁੜੀ ਇੱਕ ਹੋਰ ਘਟਨਾ ਬਾਈਬਲ ਵਿੱਚੋਂ ਲਈ ਗਈ ਹੈ। ਬਾਦਸ਼ਾਹ ਐਂਟੀਓਕਸ ਨੇ ਸ਼ਹਿਜ਼ਾਦੇ ਨਿਕਾਨੋਰ ਨੂੰ ਇਜ਼ਰਾਈਲ ਦਾ ਮੰਦਰ (Temple ) ਤਬਾਹ ਕਰਨ ਵਾਸਤੇ ਭੇਜਿਆ। ਨਿਕਾਨੋਰ ਤਕੜੀ ਫੌਜ ਲੈ ਕੇ ਯਰੂਸ਼ਲਮ ਪਹੁੰਚਿਆ ਅਤੇ ਮੱਕਾਰੀ ਨਾਲ ਯਹੂਦਾ (Judas ) ਅਤੇ ਉਸ ਦੇ ਭਰਾਵਾਂ ਨੂੰ ਸ਼ਾਂਤੀ ਦੀ ਪੇਸ਼ਕਸ਼ ਕਰ ਕੇ ਬੁਲਾਇਆ। ਯਹੂਦਾ ਨੂੰ ਚਾਲ ਦਾ ਪਤਾ ਲੱਗ ਗਿਆ। ਕਠਾਰਸਲਮਾ ਦੇ ਨੇੜੇ ਹੋਈ ਝੜਪ ਵਿਚ ਨਿਕਾਨੋਰ ਦੇ 500 ਫੌਜੀ ਮਾਰੇ ਗਏ ਤੇ ਬਾਕੀ ਡੇਵਿਡ ਸ਼ਹਿਰ ਵੱਲ ਭੱਜ ਗਏ। ਨਿਕਾਨੋਰ ਮਾਊਂਟ ਜ਼ਾਇਓਨ ਤੇ ਜਾ ਚੜ੍ਹਿਆ ਜਿੱਥੇ ਉਸ ਨੇ ਸਵਾਗਤ ਲਈ ਆਏ ਪਾਦਰੀਆਂ ਨੂੰ ਅਤੇ ਹੋਰ ਵਡੇਰਿਆਂ ਨੂੰ ਬੇਇੱਜ਼ਤ ਕੀਤਾ। ਫੇਰ ਨਿਕਾਨੋਰ ਯਰੂਸ਼ਲਮ ਛੱਡ ਕੇ ਬੈਥ ਹੋਰੋਨ ਵਿਖੇ ਸੀਰੀਆਈ ਫੌਜਾਂ ਨਾਲ ਜਾ ਮਿਲਿਆ। ਉਸ ਦੀ ਯਹੂਦਾ ਦੀਆਂ ਫੌਜਾਂ ਨਾਲ ਅਦਾਰ ਮਹਿਨੇ ਦੀ ਤੇਰਾਂ ਤਰੀਕ ਨੂੰ ਗਹਿਗੱਚ ਲੜਾਈ ਹੋਈ ਜਿਸ ਦੌਰਾਨ ਉਸ ਦੀ ਫੌਜ ਨੂੰ ਕੁਚਲ ਦਿੱਤਾ ਗਿਆ। ਉਸ ਦੇ ਫੌਜੀ ਭੱਜ ਨਿਕਲੇ। ਯਹੂਦਾ ਦੇ ਫੌਜੀਆਂ ਨੇ ਦਿਨ ਭਰ ਉਨ੍ਹਾਂ ਦਾ ਪਿੱਛਾ ਕੀਤਾ ਤੇ ਇੱਕ-ਇੱਕ ਕਰ ਕੇ ਸਾਰਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਨ੍ਹਾਂ ਨੇ ਨਿਕਾਨੋਰ ਦਾ ਸਿਰ ਧੜ ਤੋਂ ਲਾਹ ਦਿੱਤਾ ਅਤੇ ਉਸ ਦਾ ਸੱਜਾ ਹੱਥ ਵੱਢ ਦਿੱਤਾ ਜਿਸ ਨੂੰ ਉਹ ਹੰਕਾਰ ਵਿਚ ਆਕੇ ਉਲਾਰਦਾ ਹੁੰਦਾ ਸੀ। ਯਰੂਸ਼ਲਮ ਦੇ ਐਨ ਬਾਹਰ ਇਸ ਦੀ ਨੁਮਾਇਸ਼ ਲਾਈ ਗਈ। ਏਥੇ ਇਕੱਠੇ ਹੋਏ ਇਜ਼ਰਾਈਲੀਆਂ ਨੇ ਬੇ-ਇੰਤਹਾ ਖ਼ੁਸ਼ੀ ਦਾ ਇਜ਼ਹਾਰ ਕੀਤਾ। ਇਸ ਤਰ੍ਹਾਂ ਯਹੂਦਾ ਦੀ ਧਰਤੀ ਤੇ ਅਦਾਰ ਮਹੀਨੇ ਦੀ ਤੇਰਾਂ ਤਰੀਕ ਨੂੰ ਹਰ ਸਾਲ ਜਸ਼ਨ ਮਨਾਉਣ ਦਾ ਐਲਾਨ ਕੀਤਾ ਸੀ।

ਇਤਿਹਾਸ ਦੇ ਖ਼ੂਨੀ ਵਰਕੇ 13 ਅਪ੍ਰੈਲ 1919 ਦੀ ਬਾਤ ਪਾਉਂਦੇ ਹਨ ਜਦੋਂ ਅੰਮ੍ਰਿਤਸਰ ਦੇ ਜੱਲ੍ਹਿਆਂਵਾਲਾ ਬਾਗ ਵਿਚ ਹਜ਼ਾਰਾਂ ਨਿਹੱਥੇ ਦੇਸ਼ਭਗਤ ਸ਼ਹਿਰੀਆਂ ਉੱਤੇ ਵਹਿਸ਼ੀ ਜਨਰਲ ਡਾਇਰ ਨੇ ਤੋਪਾਂ ਨਾਲ ਗੋਲ਼ਿਆਂ ਦਾ ਅੰਨ੍ਹੇਵਾਹ ਮੀਂਹ ਵਰ੍ਹਾ ਕੇ ਅਤੀ ਦੁੱਖਦਾਈ ਕਾਂਡ ਸਿਰਜਿਆ ਸੀ। ਇਸ ਘਟਨਾ ਤੋਂ ਪ੍ਰੇਰਿਤ ਹੋ ਕੇ ਊਧਮ ਸਿੰਘ ਤੇ ਭਗਤ ਸਿੰਘ ਵਰਗੇ ਸਿਰਲੱਥ ਯੋਧੇ ਸਾਹਮਣੇ ਆਏ ਅਤੇ ਆਜ਼ਾਦੀ ਦੀ ਲੜਾਈ ਨੇ ਤਿੱਖਾ ਮੋੜ ਕੱਟਿਆ। ਇੱਕ ਹੋਰ ਘਟਨਾ ਪੰਜਾਬ ਦੇ ਨੇੜਲੇ ਇਤਿਹਾਸ ਨਾਲ ਜੁੜੀ ਹੋਈ ਹੈ ਜਿਸ ਤੋਂ ਮਗਰੋਂ ਹਾਲਾਤ ਏਨੇ ਬਦਤਰ ਹੁੰਦੇ ਗਏ ਕਿ ਪੰਜਾਬ ਖ਼ੁਸ਼ਹਾਲ ਸੂਬੇ ਤੋਂ ਕੰਗਾਲੀ ਦੀ ਦਲਦਲ ਵਿਚ ਧਸਦਾ ਗਿਆ , ਅਜੇ ਤੱਕ ਨਹੀਂ ਸੰਭਲ ਸਕਿਆ। ਅੰਨ੍ਹੀਂ ਭਰਾ ਮਾਰੂ ਦਹਿਸ਼ਤਗਰਦੀ ਨੇ ਹਰੇਕ ਘਰ ਨੂੰ ਸੇਕ ਪੁਚਾਇਆ। ਤੇਰਾਂ ਅਪ੍ਰੈਲ, 1978 ਨੂੰ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਨਾਲ ਹੋਈ ਖ਼ੂਨੀ ਝੜਪ ਵਿਚ ਤੇਰਾਂ ਸਿੰਘ ਸ਼ਹੀਦ ਹੋ ਗਏ ਸਨ, ਜਿਨ੍ਹਾਂ ਵਿੱਚੋਂ ਦੋ ਦਮਦਮੀ ਟਕਸਾਲ ਦੇ ਅਤੇ ਗਿਆਰਾਂ ਅਖੰਡ ਕੀਰਤਨੀ ਜੱਥੇ ਦੇ ਸਨ। ਇਨ੍ਹਾਂ ਸਾਰੇ ਸਿੰਘਾਂ ਦੇ ਭੋਗ ਅਖੰਡ ਕੀਰਤਨੀ ਜੱਥੇ ਦੁਆਰਾ ਮੰਜੀ ਸਾਹਿਬ ਵਿਖੇ ਪਾਏ ਗਏ ਜਦੋਂ ਰਾਗਮਾਲ਼ਾ ਦਾ ਪਾਠ ਨਹੀਂ ਕੀਤਾ ਗਿਆ। ਦਮਦਮੀ ਟਕਸਾਲ ਨੇ ਅਕਾਲ ਤਖ਼ਤ ਸਾਹਿਬ ਵਿਖੇ ਇਨ੍ਹਾਂ ਤੇਰਾਂ ਸਿੰਘਾਂ ਦੇ ਭੋਗ ਪਾਏ ਜਿੱਥੇ ਰਾਗਮਾਲ਼ਾ ਦਾ ਪਾਠ ਵੀ ਕੀਤਾ ਗਿਆ ਸੀ। ਇਹ ਰਾਗਮਾਲ਼ਾ ਦਾ ਪਾਠ ਕਰਨ ਵਾਲਾ ਮੁੱਦਾ ਅਜੇ ਤੱਕ ਨਹੀਂ ਸੁਲਝਿਆ।

ਸੰਨ 2020-21 ਦੌਰਾਨ ਦਿੱਲੀ ਦੀਆਂ ਬਰੂਹਾਂ ਤੇ ਲੱਖਾਂ ਸੰਘਰਸ਼ੀਆਂ ਦੁਆਰਾ ਲੜਿਆ ਗਿਆ ਕਿਸਾਨ ਅੰਦੋਲਨ ਅਜੇ ਤਾਜ਼ੀ ਘਟਨਾ ਹੈ ਜਿਸ ਨੇ ਨਾ ਸਿਰਫ ਹੈਂਕੜਬਾਜ਼ ਮਜ਼ਬੂਤ ਹਕੂਮਤ ਦੀਆਂ ਗੋਡਣੀਆਂ ਲਵਾ ਕੇ ਤਿੰਨ ਵਿਵਾਦਗ੍ਰਸਤ ਕਾਲ਼ੇ ਖੇਤੀ ਕਾਨੂੰਨ ਵਾਪਸ ਕਰਵਾਏ ਸਗੋਂ ਸਾਰੇ ਹਿੰਦੁਸਤਾਨੀਆਂ ਨੂੰ ਧਰਮ, ਫ਼ਿਰਕੇ, ਵਰਗਾਂ, ਜਾਤ-ਪਾਤ ਤੋਂ ਉਪਰ ਉੱਠ ਕੇ ਇੱਕੋ ਸੂਤਰ ਵਿਚ ਪਰੋ ਦਿੱਤਾ। ਇਸ ਅੰਦੋਲਨ ਦੀ ਗੂੰਜ ਸਾਰੀ ਦੁਨੀਆਂ ਵਿਚ ਉਭਰ ਕੇ ਗੂੰਜੀ। ਅਜਿਹੇ ਨਿਵੇਕਲੇ ਢੰਗ ਨਾਲ ਇਹ ਲਾਸਾਨੀ ਅੰਦੋਲਨ ਚੱਲਿਆ, ਕਿ ਦੁਨੀਆਂ ਭਰ ਦੇ ਅੰਦੋਲਨਾਂ ਦੇ ਇਤਿਹਾਸ ਵਿਚ ਸਦੀਵੀ ਕਾਂਡ ਬਣ ਗਿਆ। ਇਸ ਅੰਦੋਲਨ ਨੂੰ ਮਿਸਾਲ ਸਮਝ ਕੇ ਕਿਤੇ ਵੀ ਲੜੇ ਜਾਣ ਵਾਲੇ ਘੋਲ ਸ਼ਰਤੀਆ ਕਾਮਯਾਬ ਹੋਣਗੇ। ਇਹ ਪੂਰਨ ਸ਼ਾਂਤਮਈ ਅੰਦੋਲਨ ਪੂਰੇ ਬਾਰਾਂ ਮਹੀਨੇ ਚੱਲਣ ਤੋਂ ਮਗਰੋਂ ਤੇਰ੍ਹਵੇਂ ਮਹੀਨੇ ਵਿਚ ਦਾਖਲ ਹੋ ਕੇ ਵਾਪਸ ਲਿਆ ਗਿਆ। ਜਿੱਤ ਦੀਆਂ ਖ਼ੁਸ਼ੀਆਂ ਤੇਰ੍ਹਵੇਂ ਮਹੀਨੇ ਮਨਾਈਆਂ ਗਈਆਂ।

ਪਤਾ ਨਹੀਂ ਕਿਉਂ ਕਿਸੇ ਚਲਾਕ, ਮੱਕਾਰ ਔਰਤ ਨੂੰ ਤੇਰਾਂ ਤਾਲੀ ਕਿਹਾ ਜਾਣ ਲੱਗਿਆ ਪਰ ਇਸ ਸ਼ਬਦ ਨੂੰ ਪੰਡਿਤ ਲਾਲ ਚੰਦ ਕਵੀਸ਼ਰ ਨੇ ਕੌਲਾਂ ਸ਼ਾਹਣੀ ਦੇ ਕਿੱਸੇ ਵਿਚ ਬੜੀ ਮੁਹਾਰਤ ਨਾਲ ਵਰਤਿਆ ਹੈ। ਜਦੋਂ ਬੀਜਾ ਮੱਲ ਆਪਣੇ ਸਹੁਰੇ ਪਹੌੜ ਮੱਲ ਨੂੰ ਸ਼ਰਤਾਂ ਗਿਣਾ ਰਿਹਾ ਸੀ ਜਿਹੜੀਆਂ ਕੌਲਾਂ ਨੇ ਪੂਰੀਆਂ ਕਰਨੀਆਂ ਸਨ ਤਾਂ ਇਸ ਸ਼ਬਦ ਦੀ ਵਰਤੋਂ ਉਭਰ ਕੇ ਸਾਹਮਣੇ ਆਉਂਦੀ ਹੈ। ਇੱਕ ਸ਼ਰਤ ਇਹ ਸੀ-

ਵਗਦੀ ਨਦੀ ਦਾ ਨੀਰ ਬੰਦ ਕਰਦੇ, ਵਿਚ ਇਕ ਪਲ ਦੇ।
ਪੱਟ ਕੇ ਬਰਫ਼ ਮੇਰੇ ਮੂਹਰੇ ਧਰ ਦੇ, ਖੜੋਕੇ ਵਿਚ ਜਲ ਦੇ।
ਇਉਂ ਨਾ ਜੇ ਕਰੂਗੀ ਫੇਰ ਤੇਰਾਂ ਤਾਲੀ ਐ, ਕੁੱਤਿਆਂ ਤੋਂ ਤੁੜਾਊਂਗਾ।
ਕਰੇ ਮਨਜ਼ੂਰ ਜੇ ਧਰਮ ਵਾਲੀ ਐ, ਮੈਂ ਵੀ ਮੰਨ ਜਾਊਂਗਾ।

ਭਲਾ ਜੇ ਤੇਰਾਂ ਨੰਬਰ ਸਫੇ ਦੀ ਗੱਲ ਨਾ ਤੁਰਦੀ ਤਾਂ ਏਨੀ ਖੋਜ ਕਰ ਕੇ ਇਹ ਸਾਰਾ ਕੁਛ ਲਿਖਣ ਦੀ ਕੀ ਤੁਕ ਹੋਣੀ ਸੀ। ਖ਼ੈਰ ਏਸ ਬਹਾਨੇ ਕਈ ਜਾਣਕਾਰੀਆਂ ਬਾਹਰ ਆਈਆਂ ਤੇ ਕਈ ਤਾਜ਼ਾ ਹੋ ਗਈਆਂ। ਨਾਲ਼ੇ ਨਾਨਕੀਂ ਮੰਜਾ ਐਵੇਂ ਨਹੀਂ ਡਾਹੀਦਾ। ਹਾਂ ਸੱਚ, ਸਫ਼ੇ ਸਾਰੇ ਚੰਗੇ।

# ਸਰਾਪੀਆਂ ਰੂਹਾਂ



ਇੰਦਰਜੀਤ ਮਠਾਰੂ

ਜਸ, ਜਿਸ ਦਾ ਪੂਰਾ ਨਾਮ ਜਸਮੀਤ ਸਿੰਘ ਹੈ, ਨੂੰ ਅੱਜ ਵੀ ਯਾਦ ਹਨ ਉਹ ਸਾਰੀਆਂ ਗੱਲਾਂ ਜਦੋਂ ਉਹ ਆਪਣੇ ਪਿੰਡ, ਜੋ ਕਿ ਸ੍ਰੀ ਹਰਗੋਬਿੰਦਪੁਰ ਤੋਂ ਤਿੰਨ ਕਿੱਲੋਮੀਟਰ ਲਹਿੰਦੇ ਵੱਲ ਪੈਂਦਾ ਹੈ, ਆਪਣੇ ਪਰਿਵਾਰ ਨਾਲ ਰਹਿੰਦਾ ਸੀ। ਪਰਿਵਾਰ ਵਿੱਚ ਉਹਦੇ ਮਾਤਾ ਪਿਤਾ ਤੇ ਵੱਡਾ ਭਰਾ ਤੇਜਿੰਦਰ ਸ਼ਾਮਿਲ ਸਨ। ਉਹ ਪੰਜਵੀਂ 'ਚ ਪੜ੍ਹਦਾ ਸੀ ਤੇ ਇੱਕ ਸ਼ਾਮ ਨੂੰ ਜਦੋਂ ਉਹ ਆਪਣਾ ਹੋਮ ਵਰਕ ਕਰ ਰਿਹਾ ਸੀ, ਉਹਦੇ ਪਿਤਾ ਨੇ ਆਵਾਜ਼ ਮਾਰੀ, "ਉਠ ਮੁੰਡਿਆ ਗਾਂ ਨੂੰ ਪੱਠੇ ਪਾ ਦੇ।" ਜਸ ਨੇ ਕੋਈ ਜਵਾਬ ਨਾ ਦਿੱਤਾ ਤੇ ਮਨ ਝੰਝੋੜ ਕੇ ਬੁੜਬੜਾਇਆ, "ਇਸੇ ਦਾ ਤਾਂ ਲੇਖ ਲਿਖ ਰਿਹਾ ਹਾਂ।" ਪਰ ਉਹਨੂੰ ਕੀ ਪਤਾ ਕਿ ਗਾਂ ਤੇ ਲਿਖਿਆ ਲੇਖ ਗਾਂ ਦੀ ਭੁੱਖ ਨਹੀਂ ਮਿਟਾ ਸਕਦਾ। ਬੜੇ ਬੇ ਮੰਨੇ ਮਨ ਨਾਲ ਉਠ ਕੇ ਪੱਠਿਆਂ ਵਾਲੇ ਕਮਰੇ ਵਿੱਚੋਂ ਪੱਠੇ ਕੱਢ ਕੇ ਗਾਂ ਨੂੰ ਪਾਏ ਤੇ ਫਿਰ ਆ ਕੇ ਪੜਨ ਲੱਗਾ। ਜਸ ਨੂੰ ਪੜ੍ਹਨ ਦਾ ਬਹੁਤ ਸੌਂਕ ਸੀ ਪਰ ਜਦੋਂ ਹੋਰ ਕਿਸੇ ਕੰਮ ਨੂੰ ਕੋਈ ਕਹਿੰਦਾ ਤਾਂ ਬਹੁਤ ਗ਼ੁੱਸਾ ਕਰਦਾ। ਖਾਸ ਕਰਕੇ ਉਦੋਂ ਜਦ ਗਾਂ ਦੀ ਸੰਭਾਲ਼ ਦੀ ਗੱਲ ਆਉਂਦੀ। ਜਸ ਸਰੀਰ ਵੱਲੋਂ ਤਾਂ ਤੰਦਰੁਸਤ ਸੀ ਉਂਜ ਮਨ ਨਾ ਕਰਨ ਦੇ ਕਾਰਨ ਅਕਸਰ ਆਲਸ ਕਰ ਬੈਠਦਾ ਸੀ। ਜਸ ਦੇ ਪਿਤਾ ਪਹਿਲਾਂ ਬਟਾਲੇ ਸ਼ੁਗਰ ਮਿਲ ਵਿੱਚ ਕੰਮ ਕਰਦੇ ਸਨ ਫਿਰ ਇੱਕ ਨੇੜੇ ਦੇ ਰਿਸ਼ਤੇਦਾਰ ਨੇ ਆਟੇ ਦੀ ਚੱਕੀ, ਜੋ ਕਿ ਉਹਦੇ ਕੋਲ ਦੋ ਹੋਣ ਕਾਰਨ ਚਲਦੀ ਨਹੀ ਸੀ, ਜਸ ਦੇ ਪਿਤਾ ਨੂੰ ਲੀਜ਼ ਤੇ ਦੇ ਦਿੱਤੀ। ਇਸ ਤਰਾਂ ਉਹ ਪਰਵਾਰ ਸਮੇਤ ਪਿੰਡ ਵਿੱਚ ਆ ਗਏ। ਜਸ ਦੇ ਪਿਤਾ ਦੀ ਮਿਹਨਤ ਸਦਕਾ ਚੱਕੀ ਦਾ ਕੰਮ ਚੰਗਾ ਚੱਲ ਪਿਆ। ਜਸ ਤੇ ਉਹਦਾ ਵੱਡਾ ਭਰਾ ਤੇਜਿੰਦਰ ਪਿੰਡ ਦੇ ਸਰਕਾਰੀ ਸਕੂਲ ਵਿੱਚ ਦਾਖਿਲ ਹੋ ਗਏ। ਜਸਮੀਤ ਦੇ ਪਾਪਾ ਇਹ ਜਾਣਦੇ ਸਨ ਕਿ ਮੁੱਲ ਦੇ ਦੁੱਧ ਨਾਲ ਬੱਚਿਆ ਦੀ ਸਿਹਤ ਨਹੀ ਸੀ ਬਣ ਸਕਦੀ, ਇਸ ਕਰਕੇ ਪਹਿਲਾਂ ਗਾਂ ਲਈ ਤੇ ਫਿਰ ਇਹਨੂੰ ਵੇਚ ਕੇ ਮੱਝ ਮੁੱਲ ਲੈ ਲਈ। ਇਨ੍ਹਾਂ ਦੀ ਸੰਭਾਲ਼ ਦੀ ਜੁਮੇਂਦਾਰੀ ਜਸਮੀਤ ਤੇ ਤੇਜਿੰਦਰ ਦੀ ਸੀ। ਇਹ ਕੰਮ ਤੇਜਿੰਦਰ ਨੂੰ ਜਿਆਦਾ ਕਰਨਾ ਪੈਂਦਾ ਸੀ ਕਿਉਂਕਿ ਜਸ ਹਮੇਸ਼ਾ ਇਸ ਕੰਮ ਤੋ ਕੰਨੀ ਕਤਰਾਉਂਦਾ ਹੁੰਦਾ ਸੀ।

ਕੁੱਝ ਇਸ ਤਰਾਂ ਹੋਇਆ ਕਿ ਤਿੰਨ ਸਾਲ ਬਾਅਦ ਚੱਕੀ ਜੋ ਲੀਜ਼ ਤੇ ਰਿਸ਼ਤੇਦਾਰ ਨੇ ਦਿੱਤੀ ਸੀ ਵਾਪਿਸ ਲੈ ਲਈ। ਜਸਮੀਤ ਦੇ ਪਾਪਾ ਇੱਕ ਸਾਲ ਬੇਰੁਜ਼ਗਾਰ ਰਹਿਣ ਤੋਂ ਬਾਅਦ ਤਲਵਾੜਾ ਟਾਉਨਸ਼ਿਪ ਜਿੱਥੇ ਪੋਂਗ ਡੈਮ ਬਣ ਰਿਹਾ ਸੀ ਜਾ ਨੌਕਰੀ ਕੀਤੀ। ਵੱਡਾ ਭਰਾ ਤੇਜਿੰਦਰ ਵੀ ਦਸਵੀਂ ਦੀ ਪੜਾਈ ਪੂਰੀ ਕਰਕੇ ਅਗਲੀ ਵਿਦਿਆ ਲਈ ਪਿੰਡ ਛੱਡ ਗਿਆ। ਪਿੰਡ ਹੁਣ ਜਸਮੀਤ ਤੇ ਉਸਦੀ ਮਾਂ ਰਹਿ ਗਏ। ਜਸਮੀਤ ਦੀ ਪੜਾਈ ਪੂਰੀ ਹੋਣ ਤੱਕ ਪਿੰਡ ਰਹਿਣ ਦਾ ਵਿਚਾਰ ਸੀ, ਜਿਸ ਲਈ ਦੋ ਸਾਲ ਦਾ ਸਮਾ ਲਗਣਾ ਸੀ। ਹੁਣ ਮੱਝ ਦੀ ਸੰਭਾਲ ਦਾ ਜਿੰਮਾ ਜਸਮੀਤ ਦਾ ਸੀ। ਉਹਨੂੰ ਇਹ ਜੁਮੇਂਦਾਰੀ ਗਲ੍ਹ ਪਿਆ ਢੋਲ ਵਜਾਣ ਵਰਗਾ ਲੱਗਦਾ ਸੀ।

ਪਿੰਡ ਦੀ ਜੂਹ ਤੋਂ ਤਿਨ ਕਿੱਲੋਮੀਟਰ ਦੂਰੀ ਤੇ ਕਿਸੇ ਜਿਮੀਂਦਾਰ ਕੋਲ਼ੋਂ ਪੱਠਿਆ ਦਾ ਇੱਕ ਖੇਤ ਲੈ ਰੱਖਿਆ ਸੀ, ਜਿਥੋਂ ਪੱਠੇ ਲਿਆ ਕੇ, ਕੁਤਰ ਕੇ ਮੱਝ ਨੂੰ ਪਾਉਣੇ ਹੁੰਦੇ ਸਨ। ਇਸ ਕੰਮ ਵਿੱਚ ਸ਼ਾਮ ਦਾ ਸਮਾ ਲੰਘ ਜਾਂਦਾ ਤੇ ਜਸਮੀਤ ਦੇ ਖੇਲਣ ਦਾ ਸਮਾਂ ਨਿਕਲ ਜਾਂਦਾ। ਇਸ ਦਿੱਕਤ ਦਾ ਉਹਨੇ ਇੱਕ ਹੱਲ ਕੱਢਿਆ, ਉਹ ਬਹੁਤ ਸਾਰੇ ਪੱਠੇ ਕੱਟ ਕੇ ਲੈ ਆਉਂਦਾ ਤਾਂ ਕਿ ਪੰਜ ਛੇ ਦਿਨ ਚੱਲ ਜਾਣ। ਇਹੋ ਹੀ ਉਹ ਮੱਝ ਨੂੰ ਪਾਉਂਦਾ ਰਹਿੰਦਾ। ਪਹਿਲੇ ਦਿਨ ਤਾਂ ਮੱਝ ਬੜੇ ਚਾਅ ਨਾਲ ਖਾਂਦੀ ਪਰ ਬਾਕੀ ਦਿਨ ਉਹ ਪੱਠੇ ਜੋ ਬਾਸੀ ਹੋ ਜਾਂਦੇ ਤੇ ਸੁੱਕ ਜਾਂਦੇ ਬਹੁਤ ਇਧਰ ਉਧਰ ਮੂੰਹ ਮਾਰ ਕੇ ਖਾਂਦੀ। ਜਸਮੀਤ ਦੀ ਮਾਂ ਬਹੁਤ ਸਮਝਾਉਂਦੀ ਤੇ ਆਖਦੀ, "ਬੇਟਾ ਜਸਮੀਤ, ਪੱਠੇ ਰੋਜ ਤਾਜੇ ਲਿਆਇਆ ਕਰ, ਕਿਉਂ ਬੇਜ਼ੁਬਾਨ ਜਾਨਵਰ ਦਾ ਸਰਾਪ ਲੈਂਦਾ ਏਂ, ਦੁੱਧ ਵੀ ਤਾਂ ਤੂੰ ਕੱਲ੍ਹਾ ਹੀ ਪੀਂਦਾ ਹੈਂ।" ਮਾਂ ਦੀਆਂ ਇਨ੍ਹਾ ਗੱਲਾਂ ਦਾ ਕੋਈ ਅਸਰ ਨਾ ਹੁੰਦਾ। ਅਖੀਰ ਉਹ ਦਿਨ ਆ ਗਿਆ ਜਦੋ ਜਸਮੀਤ ਦੇ ਦਸਵੀਂ ਦੇ ਪੇਪਰ ਹੋ ਗਏ ਤੇ ਉਨ੍ਹਾਂ ਨੇ ਪਿੰਡ ਛੱਡ ਜਾਣਾ ਸੀ। ਮਾਂ ਦੀ ਸਲਾਹ ਨਾਲ ਜਸਮੀਤ ਨੇ ਮੱਝ ਆਪਣੇ ਇੱਕ ਦੋਸਤ ਨੂੰ ਬਿਨਾ ਮੁੱਲ ਲਏ ਦੇ ਦਿੱਤੀ ਤੇ ਮਕਾਨ ਵੇਚ ਕੇ ਆਪਣੇ ਭਰਾ ਤੇ ਪਾਪਾ ਕੋਲ ਤਲਵਾੜੇ ਆ ਗਏ।

ਪੜਾਈ ਪੂਰੀ ਕਰਨ ਤੋਂ ਬਾਅਦ ਜਸਮੀਤ ਨੂੰ ਜੋ ਨੌਕਰੀ ਮਿਲੀ ?ਹ ਕੇਂਦਰ ਸਰਕਾਰ ਦੀ ਦਿੱਲੀ ਵਿੱਚ ਸੀ। ਚੰਗੀ ਨੌਕਰੀ ਕਰਕੇ ਉਹਦਾ ਵਿਆਹ ਇੱਕ ਸੰਪੰਨ ਪਰਵਾਰ ਦੀ ਲੜਕੀ ਰਹਿੰਦਰ ਨਾਲ ਹੋ ਗਿਆ। ਰਹਿੰਦਰ ਸ਼ਹਿਰ ਦੀ ਜੰਮ-ਪਲ ਸੀ ਤੇ ਉਹਨੇ ਕਦੀ ਪਿੰਡ ਦਾ ਰਹਿਣ ਸਹਿਣ ਨਹੀ ਸੀ ਦੇਖਿਆ। ਵਿਆਹ ਤੋ ਬਾਅਦ ਦੋਨੋ ਦਿੱਲੀ ਵਿੱਚ ਆ ਕੇ ਰਹਿਣ ਲੱਗੇ। ਸ਼ੁਰੂਆਤ ਵਿੱਚ ਜਸਮੀਤ ਨੂੰ ਬਹੁਤ ਮੁਸ਼ਕਲ ਆਈ ਕਿਉਂਕਿ ਉਹਦੀ ਭਾਸ਼ਾ ਪੇਂਡੂ ਸੀ। ਸਹਿਰ ਦੀ ਭਾਸ਼ਾ ਸਿਖਦਿਆਂ ਕਾਫੀ ਸਮਾ ਲੱਗਾ। ਰਹਿੰਦਰ ਨੂੰ ਵੀ ਇੱਕ ਸਕੂਲ ਵਿੱਚ ਨੌਕਰੀ ਮਿਲ ਗਈ। ਦਿੱਲੀ ਵਿੱਚ ਜਿਆਦਾ ਸਮਾਂ ਤਾਂ ਦਫ਼ਤਰ ਆਣ ਜਾਣ ਵਿੱਚ ਨਿਕਲ ਜਾਂਦਾ ਇਸ ਕਰਕੇ ਹਰ ਰੋਜ ਘਰੇਲੂ ਜ਼ਰੂਰਤ ਦਾ ਸਮਾਨ ਖਰੀਦਣਾ ਮੁਸ਼ਕਲ ਹੁੰਦਾ ਸੀ। ਗਰੌਸਰੀ ਤਾਂ ਠੀਕ ਹੈ ਕਿ ਪੂਰੇ ਮਹੀਨੇ ਦੀ ਖਰੀਦ ਕੇ ਰੱਖ ਸਕਦੇ ਹੋ ਪਰ ਸਬਜੀਆਂ ਤੇ ਫਲ ਨਹੀ ਕਿਉਂਕਿ ਦੋ ਤਿੰਨ ਦਿਨ ਤੋ ਬਾਅਦ ਖਰਾਬ ਹੋਣ ਲੱਗਦੇ ਹਨ। ਫਿਰ ਪਤਾ ਲੱਗਾ ਕਿ ਨੇੜੇ ਹੀ ਇੱਕ ਵੀਕਲੀ ਮਾਰਕੀਟ ਲੱਗਦੀ ਐ ਜਿੱਥੋ ਉਹ ਤੇ ਉਹਦੀ ਪਤਨੀ ਘਰੇਲੂ ਸਮਾਨ ਖਰੀਦ ਸਕਦੇ ਹਨ। ਹੌਲੀ ਹੌਲੀ ਇਹ ਉਨ੍ਹਾਂ ਦੇ ਰੁਟੀਨ ਵਿੱਚ ਸ਼ਾਮਿਲ ਹੋ ਗਿਆ। ਹਰ ਹਫਤੇ ਉਹ ਮਾਰਕੀਟ ਵਿੱਚੋਂ ਤਾਜੇ ਸਬਜੀਆਂ ਤੇ ਫਲ ਖਰੀਦ ਕੇ ਫਰਿੱਜ਼ ਵਿੱਚ ਰੱਖ ਲੈਣੇ ਤੇ ਸਾਰਾ ਹਫਤਾ ਉਹੀ ਖਾਣੇ। ਕੁੱਝ ਸਾਲ ਬਾਅਦ ਇੱਕ ਵੱਡੀ ਸਬਜੀ ਲਾਗੇ ਆ ਗਈ। ਹੁਣ ਇਸਦੀ ਸਹੂਲਤ ਇਹ ਹੋਈ ਕਿ ਜਸਮੀਤ ਦਸ ਬਾਰਾਂ ਦਿਨ ਦਾ ਇਕੱਠਾ ਸਮਾਨ ਲਿਆ ਕੇ ਫਰਿਜ਼ ਵਿੱਚ ਰੱਖ ਦਿੰਦਾ। ਇਸ ਤਰਾਂ ਤਿੰਨ ਚਾਰ ਦਿਨ ਤੋ ਬਾਅਦ ਇਹ ਸਮਾਨ ਖਰਾਬ ਹੋਣ ਲੱਗਦਾ। ਮਹਿੰਗਾ ਖਰੀਦਿਆ ਹੋਣ ਕਰਕੇ ਸੁੱਟਣ ਨੂੰ ਜੀ ਨਾ ਕਰਦਾ ਪਰ ਕਈ ਬਾਰ ਸੁੱਟਣਾ ਵੀ ਪੈਂਦਾ। ਕਈ ਵਾਰ ਮਨ ਬਣਾਇਆ ਕਿ ਹਫਤੇ ਦੀ ਬਜਾਏ ਹਰ ਤੀਸਰੇ ਦਿਨ ਸਬਜ਼ੀਆ ਤੇ ਫਲ ਖਰੀਦਿਆ ਕਰਾਂਗੇ ਪਰ ਫੇਰ ਰੁਟੀਨ ਉਥੇ ਹੀ ਆ ਜਾਂਦਾ।

ਇਸ ਦੌਰਾਨ ਜਸਮੀਤ ਤੇ ਰਹਿੰਦਰ ਦੇ ਘਰ ਦੋ ਬੱਚੇ, ਇੱਕ ਲੜਕਾ ਤੇ ਇੱਕ ਲੜਕੀ, ਹੋਏ। ਦੋਨੋ ਵੱਡੇ ਹੋ ਕੇ ਕਨੇਡਾ ਵਿੱਚ ਸੈਟਲ ਹੋ ਗਏ। ਇੱਕ ਦਿਨ ਜਸਮੀਤ ਅਪਣੀ ਪਤਨੀ ਰਹਿੰਦਰ ਨੂੰ ਪਿੰਡ ਦੀਆਂ ਗੱਲਾਂ ਸੁਣਾ ਰਿਹਾ ਸੀ ਕਿ ਉਸਨੂੰ ਮੱਝ ਹਫਤੇ ਦੇ ਪੱਠੇ ਲਿਆ ਕੇ ਪਾਉਣ ਦੀ ਗੱਲ ਸੁਣਾਈ ਤੇ ਆਪਣੀ ਮਾਂ ਵੱਲੋਂ ਕਹੇ ਸ਼ਬਦ ਵੀ ਯਾਦ ਆਏ। ਰਹਿੰਦਰ ਨੇ ਜਸਮੀਤ ਨੂੰ ਸਮਝਾਇਆ ਕਿ ਸ਼ਾਇਦ ਅਸੀ ਉਸ ਬੇਜ਼ੁਬਾਨ ਜਾਨਵਰ ਦਾ ਸਰਾਪ ਭੁਗਤ ਰਹੇ ਹਾਂ। ਜਦੋਂ ਦੇ ਦਿੱਲੀ ਆਏ ਹਾਂ ਤਾਜ਼ਾ ਖਾਣਾ ਬਹੁਤ ਘੱਟ ਖਾਦਾ ਹੈ। ਪਤਾ ਨਹੀਂ ਰੱਬ ਸਾਨੂੰ ਮੱਝ ਦੇ ਸਰਾਪ ਤੋ ਕਦੋ ਹੁਣ ਮੁਕਤੀ ਦੇਵੇਗਾ। ਜਸਮੀਤ ਤੇ ਉਹਦੀ ਪਤਨੀ ਰਹਿੰਦਰ, ਜਸਮੀਤ ਦੀ ਰਿਟਾਇਰਮੈਂਟ ਤੋਂ ਬਾਅਦ ਦੋ ਸਾਲ ਦਿੱਲੀ ਰਹੇ, ਹੁਣ ਸਮਾ ਹੋਣ ਕਾਰਨ ਤਾਜ਼ਾ ਖਾਣਾ ਖਾਣ ਲੱਗੇ। ਸ਼ਾਇਦ ਰੱਬ ਨੇ ਉਨ੍ਹਾਂ ਦੀ ਫ਼ਰਿਆਦ ਸੁਣ ਲਈ ਸੀ। ਸਮਾ ਅੱਛਾ ਲੰਘ ਰਿਹਾ ਸੀ ਕਿ ਬੱਚਿਆਂ ਨੇ ਉਹਨਾਂ ਨੂੰ ਕਨੇਡਾ ਬੁਲਾ ਲਿਆ।

ਸ਼ੁਰੂਆਤ ਵਿੱਚ ਕਨੇਡਾ ਬੜਾ ਅੱਛਾ ਲੱਗਿਆ, ਬਹੁਤ ਸਾਰੀਆਂ ਨਵੀਆਂ ਜਗਾਂ ਦੇਖਣ ਨੂੰ ਮਿਲੀਆਂ। ਨਵੇਂ ਲੋਕ, ਨਵੀਆਂ ਜਗਾਂ ਦੇਖ ਕੇ ਉਹਨਾ ਦਾ ਮਨ ਪ੍ਰਸੰਨ ਹੋ ਜਾਂਦਾ। ਜਸਮੀਤ ਤੇ ਰਹਿੰਦਰ ਹੌਲੀ ਹੌਲੀ ਆਪਣੇ ਆਪ ਨੂੰ ਕਨੇਡਾ ਦੀ ਜ਼ਿੰਦਗੀ ਵਿੱਚ ਢਾਲਣ ਲੱਗੇ। ਜਸਮੀਤ ਨੇ ਸੈਰ ਦੇ ਦੌਰਾਨ ਹਰ ਮਿਲਦੇ ਭਾਰਤੀਏ ਬੰਦੇ ਨੂੰ ਸਤਿ ਸ੍ਰੀ ਅਕਾਲ ਬੁਲਾਉਣੀ ਸ਼ੁਰੂ ਕਰ ਦਿੱਤੀ। ਥੋੜੇ ਜਿਹੇ ਦਿਨਾਂ 'ਚ ਉਹਦੀ ਜਾਣ ਪਹਿਚਾਣ ਦਸ ਬਾਰਾਂ ਬਜੁਰਗਾਂ ਨਾਲ ਹੋ ਗਈ, ਜੋ ਕਨੇਡਾ ਵਿੱਚ ਆ ਕੇ ਇਕੱਲੇ ਮਹਿਸੂਸ ਕਰਦੇ ਸਨ। ਸਾਰੇ ਹੁਣ ਇੱਕ ਨੇੜੇ ਦੀ ਇੱਕ ਝੀਲ ਦੇ ਕਿਨਾਰੇ ਮਹਿਫ਼ਿਲ ਜਮਾਉਂਦੇ ਨੇ ਤੇ ਆਪਣੇ ਆਪ ਨੂੰ ਹੁਣ ਇਕੱਲਾ ਨਹੀਂ ਸਮਝਦੇ। ਉਧਰ ਹਰਿੰਦਰ ਨੇ ਬੱਚਿਆਂ ਨੂੰ ਤਾਜੀ ਰੋਟੀ ਬਣਾ ਕੇ ਖਵਾਉਣ ਦੀ ਜੁਮੇਂਦਾਰੀ ਸੰਭਾਲ ਲਈ। ਇੱਥੇ ਪਤਾ ਲੱਗਾ ਕਿ ਆਪਣੇ ਲੋਕ ਹਫਤਾ ਕੀ ਮਹੀਨੇ ਭਰ ਦਾ ਸਮਾਨ ਖਰੀਦ ਕੇ ਫਰਿਜ਼ ਵਿੱਚ ਰੱਖ ਲੇਂਦੇ ਹਨ ਤੇ ਇਸੇ ਨੂੰ ਗਰਮ ਕਰਕੇ ਖਾਂਦੇ ਰਹਿੰਦੇ ਹਨ। ਔਰਤਾਂ ਤੇ ਮਰਦ ਬਹੁਤਾ ਸਮਾਂ ਕੰਮ ਵਿੱਚ ਰੁੱਝੇ ਰਹਿੰਦੇ ਹਨ, ਪੈਸਾ ਤਾਂ ਬਹੁਤ ਕਮਾਉਂਦੇ ਹਨ ਪਰ ਰੋਟੀ, ਜਿਹਦੇ ਲਈ ਕੰਮ ਕਰਦੇ ਹਨ, ਬਾਸੀ ਹੀ ਖਾਂਦੇ ਹਨ।

ਇੱਥੇ ਇੱਕ ਡਿਨਰ ਪਾਰਟੀ ਤੇ ਜਸਮੀਤ ਤੇ ਰਹਿੰਦਰ ਨੂੰ ਜਾਣ ਦਾ ਮੌਕਾ ਮਿਲਿਆ। ਉਥੇ ਸਬੱਬ ਨਾਲ ਜਸਮੀਤ ਦੀ ਕੁਲੀਗ ਰਜਨੀ ਮਿਲ ਗਈ। ਉਹਨੇ ਦੱਸਿਆ ਕਿ ਉਹਨੂੰ ਕਨੇਡਾ ਆਏ ਦਸ ਸਾਲ ਹੋ ਗਏ ਹਨ। ਉਹਨਾ ਦਾ ਲੜਕਾ ਇੱਥੇ ਦਾ ਹੀ ਜੰਮ-ਪਲ ਹੈ। ਨਾਲ ਹੀ ਗੱਲਾਂ ਗੱਲਾਂ ਵਿੱਚ ਉਸ ਨੇ ਦੱਸਿਆ ਕਿ ਉਹ ਬਹੁਤ ਬਿਜ਼ੀ ਰਹਿੰਦੀ ਐ, ਪਹਿਲਾਂ ਨੌਕਰੀ ਕਰਦੀ ਸੀ ਤਾਂ ਠੀਕ ਸੀ, ਹੁਣ ਆਪਣਾ ਕੇਕ ਤੇ ਪੇਸਟਰੀ ਬਨਾਣ ਦਾ ਕੰਮ ਭਾਵੇਂ ਘਰੋਂ ਹੀ ਕਰਦੀ ਏ ਪਰ ਵੇਹਲ ਨਹੀਂ ਮਿਲਦੀ। ਹਰ ਰੋਜ ਬਾਰਾਂ ਬਾਰਾਂ ਘੰਟੇ ਕੰਮ ਕਰਨਾ ਪੈਂਦਾ ਹੈ, ਜਿਸ ਕਰਕੇ ਏਨਾਂ ਥੱਕ ਜਾਂਦੀ ਹੈ ਕਿ ਰੋਟੀ ਬਨਾਣ ਦਾ ਮਨ ਨਹੀਂ ਕਰਦਾ। ਉਹਨਾਂ ਨੇ ਇੱਕ ਕੰਮ ਵਾਲੀ ਰੱਖੀ ਹੋਈ ਹੈ ਜੋ ਹਫਤੇ ਵਿੱਚ ਇੱਕ ਦਿਨ ਆ ਕੇ ਪੂਰੇ ਹਫ਼ਤੇ ਦਾ ਖਾਣਾ ਬਣਾ ਜਾਂਦੀ ਹੈ ਤੇ ਸਾਰਾ ਹਫ਼ਤਾ ਉਹੀ ਖਾਂਦੇ ਹਨ।

ਪਰਸੋਂ ਹੀ ਜਸਮੀਤ ਇੱਕ ਇੰਡੀਅਨ ਰੈਸਟੋਰੈਂਟ ਵਿੱਚ ਗਿਆ, ਉਥੇ ਸਮੋਸੇ ਦੇਖ ਕੇ ਖਾਣ ਨੂੰ ਚਿੱਤ ਕੀਤਾ। "ਸਮੋਸੇ ਕੀ ਭਾਅ ਲਾਏ ਹਨ" ਉਹਨੇ ਕਾਊਂਟਰ ਤੇ ਖੜੀ ਇੱਕ ਲੜਕੀ ਜੋ ਦੇਖਣ ਵਿੱਚ ਪੰਜਾਬੀ ਲੱਗ ਰਹੀ ਸੀ, ਪੁੱਛਿਆ। "ਦਸ ਡਾਲਰ ਦੇ ਦਸ" ਉਹਨੇ ਜਵਾਬ ਦਿੱਤਾ। ਜਸਮੀਤ ਨੇ ਮਨ ਵਿੱਚ ਹਿਸਾਬ ਲਗਾਇਆ ਕਿ ਸੱਠ ਰੁਪਏ ਦਾ ਇੱਕ ਸਮੋਸਾ ਪਿਆ। ਫਿਰ ਪਤਾ ਨਹੀ ਕਿਉਂ ਉਹਨੇ ਪੁੱਛਿਆ, "ਤਾਜੇ ਹਨ"। "ਨਹੀਂ", ਲੜਕੀ ਨੇ ਜਵਾਬ ਦਿੱਤਾ, "ਵੀਰਵਾਰ ਦੇ ਬਣੇ ਹੋਏ ਹਨ।" ਜਸਮੀਤ ਨੂੰ ਯਾਦ ਆਇਆ ਕਿ ਅੱਜ ਬੁੱਧਵਾਰ ਹੈ ਤੇ ਛੇ ਦਿਨ ਪੁਰਾਣੇ ਹੋਏ। "ਹੁਣ ਤਾਜੇ ਕਦ ਬਨਣਗੇ" ਜਸਮੀਤ ਨੇ ਪੁੱਛਿਆ। "ਕੱਲ, ਵੀਰਵਾਰ" , ਲੜਕੀ ਨੇ ਕਿਹਾ, "ਸਾਡਾ ਹਲਵਾਈ ਹਰ ਵੀਰਵਾਰ ਆਉਂਦਾ ਹੈ ਤੇ ਸਭ ਕੁੱਝ, ਸਬਜੀਆ, ਪਕੋੜੇ, ਸਮੋਸੇ ਆਦਿਕ ਬਣਾ ਕੇ ਚਲਾ ਜਾਂਦਾ ਹੈ।" " ਅੱਛਾ ਫਿਰ ਮੈਂ ਕੱਲ ਹੀ ਆਵਾਂਗਾ ਤੇ ਤਾਜੇ ਲੈ ਕੇ ਖਾਵਾਂਗਾ।" ਜਸਮੀਤ ਨੇ ਕਿਹਾ ਤੇ ਉਥੋ ਚੱਲ ਪਿਆ। ਕਾਊਂਟਰ ਵਾਲੀ ਲੜਕੀ ਨੇ ਬੜੀ ਹੈਰਾਨੀ ਨਾਲ ਉਹਦੇ ਵੱਲ ਵੇਖਿਆ ਤੇ ਕਿਹਾ, "? ਕੇ"।

ਵਾਪਿਸ ਘਰ ਮੁੜਦਿਆਂ ਜਸਮੀਤ ਸੋਚਾਂ ਵਿੱਚ ਪੈ ਗਿਆ, ਉਹਨੂੰ ਯਾਦ ਆਇਆ ਕਿ ਉਹਨੂੰ ਤਾਂ ਰੱਬ ਨੇ ਮੱਝ ਦਾ ਸਰਾਪ ਦਿੱਤਾ ਸੀ ਜੋ ਸ਼ਾਇਦ ਰਿਟਾਇਰਮੈਂਟ ਤੋ ਬਾਅਦ ਉਤਰ ਗਿਆ ਹੈ, ਪਰ ਕਨੇਡਾ ਵਿੱਚ ਵਸਦੇ ਭਾਰਤੀਆਂ ਨੂੰ ਕਿਹੜੇ ਬੇਜ਼ੁਬਾਨ ਜਾਨਵਰ ਦਾ ਸਰਾਪ ਹੈ ਕਿ ਕਦੇ ਵੀ ਤਾਜਾ ਖਾਣਾ ਨਹੀਂ ਖਾ ਸਕਦੇ। ਉਹਨੂੰ ਇਸ ਤਰਾਂ ਮਹਿਸੂਸ ਹੋ ਰਿਹਾ ਸੀ ਜਿਦਾਂ ਕਿ ਕਨੇਡਾ ਵਿੱਚ ਸਰਾਪੀਆਂ ਰੂਹਾਂ ਹੀ ਰਹਿੰਦੀਆਂ ਹਨ।

## "ਸਿੱਖ ਯੂਥ ਐਡਮਿੰਟਨ ਦਾ ਸਲਾਘਾਯੋਗ ਉਪਰਾਲਾ"



ਦਸਮੇਸ ਪਿਤਾ ਦੀ ਮੇਹਰ ਐ ਹੋਈ,ਸਿਰ ਦਸਤਾਰ ਸੁਹਾਈ
(20 ਅਗਸਤ, 2022)

ਦਸਮੇਸ ਪਿਤਾ ਦੀ ਮੇਹਰ ਹੈ ਹੋਈ
ਸਿਰ ਦਸਤਾਰ' ਸੁਹਾਈ !
ਬਾਜਾਂ ਵਾਲੇ ਸਤਿਗੁਰ ਪ੍ਰੀਤਮ
ਬਖਸੀ ਇਹ ਵਡਿਆਈ !

ਬੱਚਿਓ ਵੀਰ ਪਿਆਰੇ ਮੇਰਿਓ
ਹੋਇਓ ਨਾ ਕਦੇ ਨਿਰਾਸੇ !
ਵਾਰਿਸ ਪੰਥ ਦੇ ਬਣ ਕੇ ਜੂਝਿਓ
ਸਤਿਗੁਰ ਦੇ ਭਰਵਾਸੇ !

ਸਚੁ ਸਿਦਕ ਦਾ ਰਖਿ ਧਨਿ ਪੱਲੇ
ਟੁਰਨਾ, ਸਿੱਖੀ" ਰਾਹੇ !
ਬਿਖੜੇ ਰਾਹੀਂ, ਰੂਹ ਦੀਪ" ਦੀ
ਮਾਰਗ ਪਈ ਦਸਾਵੇ !

ਘੋਰ ਹਨ੍ਹੇਰਾ ਪਸਰਿਆ ਭਾਵੇਂ
ਹਰਾ ਬੂਟ ਕੋਈ ਬਾਕੀ !
ਚੋਜੀ ਪ੍ਰੀਤਮ ਕਲਗੀਧਰ ਤੋਂ
ਹੋਣਾ ਨਹੀਂ ਕਦੇ ਆਕੀ !

ਹਰਿ ਪ੍ਰਭ ਧੜਾ ਬਣਾਇਓ ਆਪਣਾ
ਕਲਾ ਗੁਰੂ ਦੀ ਵਰਤੇ !
ਮੁਖਿ ਮਸਤਕ ਲੈ ਉੱਜਲ ਸਿੱਖ ਨੇ
ਜਾਣਾ ਹਰਿ ਪ੍ਰਭ ਦਰ' ਤੇ !

ਪਾਕ ਪਵਿੱਤਰ ਰੂਹ' ਐ ਥੋਡੀ
ਪੰਥਕ ਘਾਲ ਕਮਾਇਓ !
ਨਦਰਿ ਗੁਰੂ ਦੀ ਰਹੂ ਸਵੱਲੀ
ਸਤਿਗੁਰ ਸਿਓਂ ਚਿਤ ਲਾਇਓ !

ਸੇਵਾ ਪੰਥ ਦੀ ਬਖਸ਼ਿ ਕੇ ਸਤਿਗੁਰ
ਆਪ ਹੀ ਕਾਰੇ ਲਾਇ !
ਕਲਗੀਆਂ ਵਾਲਾ ਚੋਜੀ ਪ੍ਰੀਤਮ"
ਅੰਮ੍ਰਿਤ ਦਾਤ" ਦਿਵਾਇ !

ਕਾਰਜਿ ਕੌਮ ਦੇ ਪੂਰੇ ਕਰਕੇ
ਆਪਣਾ ਫਰਜ ਨਿਭਾਇਓ !
ਸਤਿਗੁਰੂ ਆਪੇ ਬੱਲ ਬਖਸੂਗਾ
ਗੁਰ ਗੋਵਿੰਦ' ਟੇਕ ਰਖਾਇਓ !

ਕਲਗੀਆਂ ਵਾਲਾ ਸਾਹਿਬ ਤੁੱਠ ਕੇ
ਮੀਂਹੁ ਮੇਹਰਾਂ ਵਰਸਾਇ !
ਸਭ ਬੱਚਿਆਂ ਨੂੰ ਗਲ ਨਾਲ ਲਾ ਕੇ
ਦੀਨ ਦੁਨੀ' ਰੁਸਨਾਇ !

ਗੁਰਜੀਤ ਸਿੰਘ ਖਾਲਸਾ
ਐਡਮਿੰਟਨ ਸਿੱਖਜ, ਅਲਬਰਟਾ - ਕੈਨੇਡਾ

# ਅੰਦਰਲੇ ਟਾਵਰ ਕਦ ਡਿੱਗਣਗੇ ???



ਕੁਲਦੀਪ ਸਿੰਘ ਦੀਪ
0091-9876820600
ਫੇਸ 2, ਅਰਬਨ ਅਸਟੇਟ
ਪਟਿਆਲਾ

ਵਹਿਮ ਹੈ ਕਿ ਟਾਵਰਾਂ ਦਾ ਜੋੜਾ ਡਿੱਗ ਗਿਆ ਹੈ।

ਇਹ ਬਾਹਰ ਦਿਸਦੀ 40 ਮੰਜਿਲਾਂ ਇਮਾਰਤ ਤਾਂ ਮਹਿਜ ਸਾਡੇ ਅੰਦਰ ਉੱਸਰੇ ਖੁਰਾਫ਼ਾਤੀ ਟਾਵਰਾਂ ਦਾ ਨਿੱਕਾ ਜਿਹਾ ਝਲਕਾਰਾ ਹੈ।

ਹਜ਼ਾਰਾਂ-ਲੱਖਾਂ ਦੀ ਗਿਣਤੀ ਵਿੱਚ ਅਸਲ ਟਾਵਰ ਤਾਂ ਮਨੁੱਖ ਦੇ ਅੰਦਰ ਉਸਰਦੇ ਹਨ।

ਮੁਨਾਫ਼ਿਆਂ ਦੀ ਜ਼ਮੀਨ ਤੇ ਉਸਰੇ ਇਹ ਟਾਵਰ ਕਿਸੇ ਨਾਢੂ ਖਾਂ ਦੀ ਕੋਈ ਪਰਵਾਹ ਨਹੀਂ ਕਰਦੇ।

ਇਹਨਾਂ ਦੇ ਨਕਸ਼ੇ ਕਿਰਦਾਰਾਂ ਦੀ ਲੁੱਚਤਾ ਦੇ ਕਾਗਜ਼ਾਂ ਤੇ ਬਣਦੇ ਹਨ ਅਤੇ ਅਯਾਸ਼ੀਆਂ ਦੇ ਸੰਦਾਂ ਨਾਲ ਪਾਸ ਹੁੰਦੇ ਹਨ।

'ਰੀਅਲ ਅਸਟੇਟ' ਦੇ ਨਾਂ ਤੇ ਓੱਸਰੀ ਇਹ 'ਫੇਕ ਅਸਟੇਟ' ਵਿਕਾਸ ਦਾ ਜੋ 'ਕੰਕਰੀਟੀ ਮਾਡਲ' ਲੈ ਕੇ ਹੋਂਦ ਵਿੱਚ ਆਉਂਦੀ ਹੈ, ਉਸ ਦੇ ਖਮਿਆਜ਼ੇ ਦਾ ਅੰਦਾਜ਼ਾ ਪੈਸਿਆਂ ਨਾਲ ਨਹੀਂ ਲਗਾਇਆ ਜਾ ਸਕਦਾ।

ਕੁਦਰਤ ਦੇ ਸਾਰੇ ਅਸੂਲਾਂ ਨੂੰ ਤਾਰ ਤਾਰ ਕਰਕੇ ਬਣਨ ਵਾਲੀਆਂ ਇਹ ਇਮਾਰਤਾਂ ਸਾਡੇ ਹਿੱਸੇ ਦੇ ਸਾਹਾਂ ਤੱਕ ਨੂੰ ਡਕਾਰ ਜਾਂਦੀਆਂ ਹਨ।

ਸਾਡੇ ਹਿੱਸੇ ਦੀ ਰੋਸ਼ਨੀ ਨੂੰ ਡੀਕ ਜਾਂਦੀਆਂ ਹਨ ਅਤੇ ਮੁੜ ਮੁਨਾਫ਼ਿਆਂ ਦੇ ਜਾਲ ਵਿੱਚ ਅਜਿਹਾ ਉਲਝਾਉਂਦੀਆਂ ਹਨ ਕਿ ਮਨੁੱਖ ਇਹਨਾਂ ਜੋਗਾ ਹੀ ਰਹਿ ਜਾਂਦਾ ਹੈ।

ਇਹ ਟਾਵਰ ਹਰੀ-ਭਰੀ ਕੁਦਰਤ ਦੀ ਕਬਰ ਤੇ ਉਸਰਦੇ ਹਨ ਅਤੇ ਬਹੁਤ ਕੁੱਝ ਸਾਡੇ ਹਿੱਸੇ ਦਾ ਡਕਾਰ ਜਾਂਦੇ ਹਨ।

ਰੈਣ ਬਸੇਰਾ ਪ੍ਰਦਾਨ ਕਰਨਾ ਤਾਂ ਇਹਨਾਂ ਦਾ ਬਾਹਰ ਦਿੱਸਦਾ ਮੁਖੌਟਾ ਹੈ, ਅੰਦਰੋਂ ਤਾਂ ਇਹ ਕਰੋੜਾਂ-ਅਰਬਾਂ ਰੁਪਏ ਦੇ ਮੁਨਾਫੇ ਦਾ ਭ੍ਰਿਸ਼ਟ ਕਾਰੋਬਾਰ ਹੈ, ਜਿਸ ਵਿੱਚ ਚਿੱਟੇ ਕੱਪੜਿਆਂ ਦੇ ਖੋਲ ਹੇਠ ਵਿਚਰਦੇ ਕਾਲੇ ਲੋਕਾਂ ਦੀ ਇੱਕ ਪੂਰੀ ਜਮਾਤ ਸ਼ਾਮਿਲ ਹੈ। ਇਸ ਭ੍ਰਿਸ਼ਟ ਤੰਤਰ ਵਿੱਚ ਨੇਤਾ, ਅਫਸਰ ਤੇ ਵੱਡੀਆਂ ਵੱਡੀਆਂ ਕੰਪਨੀਆਂ ਗੱਲ-ਗੱਲ ਤੱਕ ਫਸੀਆਂ ਹੋਈਆਂ ਹਨ।

ਕੁਦਰਤ ਦੇ ਅਸੂਲਾਂ ਦੇ ਖਿਲਾਫ਼ ਬਣਾਈਆਂ ਇਹ ਗਗਨਚੁੰਭੀ ਇਮਾਰਤਾਂ ਕਦੋ ਸਾਡੇ ਲਈ ਬੰਬ ਬਣ ਜਾਣ, ਇਸ ਦਾ ਕੋਈ ਇਲਮ ਨਹੀਂ ਹੁੰਦਾ। ਇਹਨਾਂ ਵਿੱਚੋਂ ਕਿੰਨੀਆਂ ਹੀ ਭੂਚਾਲ ਦੇ ਇੱਕ ਝਟਕੇ ਨਾਲ ਢਹਿ ਢੇਰੀ ਹੋ ਜਾਂਦੀਆਂ ਹਨ। ਅਮਰੀਕਾ ਦੇ ਟਵਿਨ ਟਾਵਰਾਂ ਵਾਂਗ ਇਹਨਾਂ ਨੂੰ ਜਹਾਜ਼-ਬੰਬਾਂ ਨਾਲ ਉਡਾ ਕੇ ਕਦ ਸੈਂਕੜੇ ਲੋਕਾਂ ਦੀ ਕਬਰ ਬਣਾ ਦਿੱਤੀ ਜਾਂਦੀ ਹੈ। ਕੁੱਝ ਪਤਾ ਨਹੀਂ ਲੱਗਦਾ। ਅੱਜ ਕੱਲ੍ਹ ਗ੍ਰੇਟਰ ਨੋਇਡਾ ਰੀਅਲ ਅਸਟੇਟ ਵਾਲਿਆਂ ਲਈ ਸੋਨੇ ਦੀ ਮੁਰਗੀ ਹੈ। ਅਥਾਰਿਟੀ ਦੀਆਂ ਜ਼ੇਬਾਂ ਗਰਮ ਕਰਕੇ ਮਨ ਮਰਜੀ ਦੀਆਂ ਥਾਵਾਂ ਤੇ ਹਰ ਪ੍ਰਕਾਰ ਦੇ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਇਹ ਇਮਾਰਤਾਂ ਉਸਾਰੀਆਂ ਜਾਂਦੀਆਂ ਹਨ। ਜ਼ਮੀਨ ਦੀ ਅਲਾਟਮੈਂਟ ਤੋਂ ਲੈ ਕੇ ਨਕਸ਼ੇ ਪਾਸ ਕਰਨ ਅਤੇ ਫਿਰ ਸਮਗਰੀ ਦੇ ਨਾਂ ਤੇ ਬਹੁਤ ਵੱਡੇ ਫਰਾਡ ਹੁੰਦੇ ਹਨ।



**ਜਿਹੜਾ ਟਾਵਰ ਢਾਹਿਆ ਗਿਆ :**

ਇਸ ਦੀ ਸ਼ੁਰੂਆਤ 23 ਨਵੰਬਰ 2004 ਵਿੱਚ ਹੋਈ।

ਇਹ ਥਾਂ ਅਸਲ ਵਿੱਚ ਤਾਂ ਪਾਰਕਾਂ ਲਈ ਛੱਡੀ ਗਈ ਸੀ। ਪਰ ਅਥਾਰਿਟੀ ਨਾਲ ਮਿਲਮਿਲਾ ਕੇ 14 ਟਾਵਰਾਂ ਦਾ ਨਕਸ਼ਾ ਪਾਸ ਕਰਕੇ 9 ਮੰਜਿਲਾਂ ਇਮਾਰਤ ਬਣਾਉਣ ਦੀ ਪ੍ਰਵਾਨਗੀ ਲੈ ਲਈ ਗਈ।

ਇੱਥੋਂ ਫਿਰ ਸ਼ੁਰੂ ਹੋਈ ਘਾਲੇ-ਮਾਲੇ ਦੀ ਨਾਪਾਕ ਖੇਡ, ਜਿਸ ਦਾ ਅੰਜ਼ਾਮ ਇਹਨਾਂ ਇਮਾਰਤਾਂ ਨੂੰ ਢਾਹੁਣ ਤੱਕ ਨਿਕਲਿਆ।

2006 ਵਿੱਚ ਰਿਸ਼ਵਤ ਦੇ ਕੇ ਟਾਵਰਾਂ ਦੀ ਗਿਣਤੀ 15 ਕਰਵਾ ਲਈ ਅਤੇ ਮੰਜਿਲਾਂ ਨੌਂ ਤੋਂ ਗਿਆਰਾਂ॥

2009 ਵਿੱਚ 17 ਟਾਵਰਾਂ ਦਾ ਨਕਸ਼ਾ ਪਾਸ ਕਰ ਦਿੱਤਾ ਗਿਆ।

ਇੰਝ ਕਰਦੇ ਕਰਦੇ 2012 ਤੱਕ ਇਹਨਾਂ ਟਾਵਰਾਂ ਨੂੰ 40 ਮੰਜਿਲਾਂ ਤੱਕ ਕਰਨ ਦੀ ਇਜ਼ਾਜ਼ਤ ਲੈ ਲਈ ਗਈ ਅਤੇ ਇਮਾਰਤ ਦੀ ਉਚਾਈ 121 ਮੀਟਰ ਤੱਕ ਹੋ ਗਈ।

ਫਲੈਟਾਂ ਦੇ ਖਰੀਦਦਾਰਾਂ ਨੇ ਇਸ ਦੇ ਖਿਲਾਫ਼ ਸੰਘਰਸ਼ ਸ਼ੁਰੂ ਕੀਤਾ। ਸੰਘਰਸ਼ ਕਮੇਟੀ ਨੋਇਡਾ ਅਥਰਿਟੀ ਕੋਲ ਗਈ। ਪਰ ਉਹਨਾਂ ਦੀ ਮਿਲੀਭੁਗਤ ਨਾਲ ਹੀ ਤਾਂ ਹੋਇਆ ਸੀ ਇਹ ਸਭ ਕੁੱਝ। ਉਥੋਂ ਕੀ ਮਿਲਣਾ ਸੀ ? ਫੇਰ ਇਲਾਹਬਾਦ ਹਾਈਕੋਰਟ ਪਹੁੰਚ ਕੀਤੀ ਗਈ ਅਤੇ ਕੋਰਟ ਨੇ ਇਸ ਨੂੰ ਗ਼ੈਰਕਨੂੰਨੀ ਕਰਾਰ ਦੇ ਕੇ ਤੋੜਨ ਦਾ ਹੁਕਮ ਦਿੱਤਾ। ਫਿਰ ਇਸ ਨੂੰ ਸੁਪਰੀਮ ਕੋਰਟ ਵਿੱਚ ਚੈਲੰਜ ਕਰ ਦਿੱਤਾ ਗਿਆ। ਪਰ ਸੁਪਰੀਮ ਕੋਰਟ ਨੇ ਫੈਸਲੇ ਨੂੰ ਬਰਕਰਾਰ ਰੱਖਦਿਆਂ 22 ਮਈ 2022 ਤੱਕ ਢਾਹੁਣ ਦਾ ਹੁਕਮ ਦਿੱਤਾ। ਫੇਰ ਤਾਰੀਖ਼ ਅੱਗੇ ਵਧਾ ਲਈ ਗਈ ਅਤੇ ਆਖਿਰ 28 ਅਗਸਤ ਨੂੰ ਭਾਰਤ ਦੀ ਇਮਾਰਤਸਾਜ਼ੀ ਦੇ ਇਤਹਾਸ ਦਾ ਇਹ ਵਿੱਲਖਣ ਕਾਰਨਾਮਾ ਅਸਰਅੰਦਾਜ਼ ਹੋਇਆ ਜਦ ਇਹਨਾਂ ਦੋਵੇਂ ਇਮਾਰਤਾਂ ਨੂੰ 9 ਸੈਕਿੰਡਾਂ ਵਿੱਚ ਢਾਹ ਦਿੱਤਾ ਗਿਆ। 20 ਕਰੋੜ ਦੇ ਕਰੀਬ ਰੁਪਏ ਤਾਂ ਇਹਨਾਂ ਨੂੰ ਢਾਹੁਣ 'ਤੇ ਖਰਚ ਆਇਆ ਹੈ।

ਬਣਾਇਆ ਤਾਂ ਇਸ ਨੂੰ ਹਰ ਪ੍ਰਕਾਰ ਦੇ ਨਿਯਮ-ਕਨੂੰਨ ਨੂੰ ਦਾਅ ਤੇ ਲਾ ਕੇ ਸੀ ਪਰ ਇਸ ਨੂੰ ਢਾਹੁਣ ਦੀ ਪ੍ਰਕਿਰਿਆ ਬਾਕਮਾਲ ਰਹੀ। ਇਸ ਵਿੱਚ ਦੇਸ਼ ਦੇ ਇੰਜੀਨੀਅਰਾਂ ਨੇ ਬਹੁਤ ਲਿਆਕਤ ਅਤੇ ਤਕਨੀਕੀ ਸਮਝ ਦਾ ਪ੍ਰਗਟਾਵਾ ਕੀਤਾ।

ਲਗਭਗ 35 ਕਵਿੰਟਲ ਐਕਸਪਲੋਜ਼ਨ ਸਮੱਗਰੀ ਨੂੰ ਉੱਪਰ ਤੋਂ ਹੇਠਾਂ ਤੱਕ ਇਸ ਤਰ੍ਹਾਂ ਫਿਟ ਕੀਤਾ ਗਿਆ ਕਿ ਸਾਰੀ ਇਮਾਰਤ 9 ਸੈਕਿੰਡਾਂ ਵਿੱਚ ਆਪਣੀ ਥਾਂ ਤੇ ਹੀ ਧਰਾਸ਼ਾਈ ਹੋ ਗਈ। ਆਸੇ ਪਾਸੇ ਦੀ ਕਿਸੇ ਇਮਾਰਤ ਨੂੰ ਕੋਈ ਨੁਕਸਾਨ ਨਹੀਂ ਹੋਇਆ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਕੋਈ ਦਹਾੜਦਾ ਹੋਇਆ ਵੱਡਾ ਜਿੰਨ ਆਪਣੀ ਥਾਂ ਤੇ ਧਰਤੀ ਤੇ ਬੈਠ ਗਿਆ ਹੋਵੇ।

ਹਾਲਾਂਕਿ ਇਸ ਵਿੱਚ ਵਰਤੀ ਗਈ ਵਿਸਫੋਟਕ ਸਮੱਗਰੀ ਅਤੇ ਇਸ ਇਮਾਰਤ ਦੇ ਢਹਿਣ ਨਾਲ ਉੱਠੇ ਧੂੰਏ ਦੇ ਗੁਬਾਰ ਦੇ ਭਵਿੱਖ ਵਿੱਚ ਕੀ ਅਸਰ ਪੈਣਗੇ, ਇਸ ਨੂੰ ਸਮਝਣ ਤੇ ਵਕਤ ਲੱਗੇਗਾ।

ਕੁਤਬਮੀਨਾਰ ਤੋਂ ਵੀ ਉੱਚੇ ਬਣੇ ਇਹਨਾਂ ਦੋਹਾਂ ਟਾਵਰਾਂ ਵਿੱਚੋਂ ਕੁੱਲ 915 ਫਲੈਟ ਸਨ, ਜਿੰਨ੍ਹਾਂ ਵਿੱਚੋਂ 633 ਬੁੱਕ ਹੋ ਚੁੱਕੇ ਸਨ।

ਇਸ ਨੂੰ ਬਣਾਉਣ ਤੇ ਲੱਗਭਗ ਲਾਗਤ 70 ਕਰੋੜ ਸੀ, ਜਦ ਕਿ 180 ਕਰੋੜ ਰੁਪੱਏ ਖਰੀਦਦਾਰਾਂ ਕੋਲੋਂ ਇਸ ਸੁਪਰਟੈਕ ਕੰਪਨੀ ਨੂੰ ਮਿਲ ਚੁੱਕੇ ਸਨ, ਜੋ ਹੁਣ ਕੰਪਨੀ 12 ਫੀਸਦੀ ਵਿਆਜ ਨਾਲ ਵਾਪਿਸ ਕਰੇਗੀ।

ਸਾਢੇ ਸੱਤ ਲੱਖ ਵਰਗ ਫੁੱਟ ਦਾ ਕੁੱਲ ਏਰੀਆ ਸੀ ਅਤੇ ਇੱਕ ਵਰਗ ਫੁੱਟ ਨੂੰ ਬਣਾਉਣ ਦੀ ਲਾਗਤ 933 ਰੁਪਏ ਵਰਗ ਫੁੱਟ ਆਈ ਸੀ। ਜਦ ਕਿ ਇੱਕ ਫਲੈਟ ਦੀ ਕੀਮਤ ਇੱਕ ਕਰੋੜ 13 ਲੱਖ ਦੇ ਕਰੀਬ ਸੀ। ਇਸ ਤਰ੍ਹਾਂ ਬਿਲਡਰ ਨੂੰ ਕੁੱਲ ਕਮਾਈ ਲੱਗਭਗ 1200 ਕਰੋੜ ਹੋਣੀ ਸੀ।

ਇਸ ਨੂੰ ਢਾਹੁਣ ਲਈ ਲੱਗਭਗ 5 ਕਰੋੜ ਰੁਪਏ ਬਿਲਡਰਾਂ ਤੋਂ ਵਸੂਲੇ ਜਾਣਗੇ ਅਤੇ ਇਸ ਦੇ ਮਲਬੇ ਦੇ 15 ਕਰੋੜ ਦੇ ਕਰੀਬ ਰੁਪਏ ਮਿਲਣਗੇ।

ਹੁਣ ਅਸਲੀ ਗੱਲ ?

ਚਾਰ ਸਿਰੜੀ ਬਜ਼ੁਰਗਾਂ ਉਦੈ ਭਾਨ, ਐਸ ਕੇ ਸ਼ਰਮਾ, ਐਮ ਕੇ ਜੈਨ ਅਤੇ ਰਵੀ ਬਜਾਜ ਦੇ ਯਤਨਾਂ ਨਾਲ 12 ਸਾਲ ਚੱਲੀ ਲੰਮੀ ਕਨੂੰਨੀ ਲੜਾਈ ਤੋਂ ਬਾਅਦ ਇਹ ਭ੍ਰਿਸ਼ਟਾਚਾਰ ਦੀ ਸਲਤਨਤ ਤਾਂ ਢਹਿ ਗਈ।

ਪਰ ਥਾਂ ਥਾਂ ਹੁੰਦੀਆਂ ਨਜ਼ਾਇਜ਼ ਉਸਾਰੀਆਂ ਵਿੱਚ ਹੋ ਰਹੇ ਘਪਲੇ ਕਿਵੇਂ ਨੰਗੇ ਹੋਣਗੇ ?

ਥਾਂ ਥਾਂ ਉਸਰਦੇ ਪੁੱਲ, ਸਰਕਾਰੀ-ਗ਼ੈਰ ਸਰਕਾਰੀ ਇਮਾਰਤਾਂ, 6 ਲੇਨ ਸੜਕਾਂ ਆਦਿ ਵਿੱਚ ਸਿਖਰਲੇ ਅਹੁਦੇ ਤੇ ਬੈਠੇ ਨੇਤਾ, ਹੇਠਲੇ ਚਾਪਲੂਸ, ਅਫਸਰਾਂ ਦੀ ਚੰਡਾਲ ਚੌਂਕੜੀ ਅਤੇ ਕਾਰਪੋਰੇਟੀ ਲਾਣਾ ਕਿਸ ਤਰ੍ਹਾਂ ਆਪਣੇ ਹੱਥ ਰੰਗਦਾ ਹੈ ਅਤੇ ਪੂਰੀ ਧੌਂਸ ਨਾਲ ਇਸ ਨੂੰ ਜਸਟੀਫਾਈ ਕਰਦਾ ਹੈ।ਇਹ ਬਹੁਤ ਖ਼ਤਰਨਾਕ ਖੇਡ ਹੈ।

ਇਸ ਤੋਂ ਵੀ ਅਗਲੀ ਗੱਲ--

ਧਰਤੀ ਤੇ ਤਾਂ ਬਹੁਤ ਕੁੱਝ ਬਣਾਇਆ ਜਾ ਸਕਦਾ ਹੈ ਅਤੇ ਢਾਹਿਆ ਜਾ ਸਕਦਾ ਹੈ, ਪਰ ਮਨਾਂ ਵਿੱਚ ਫੈਲੀ ਬਦਇਖ਼ਲਾਕੀ ਦਾ ਕੇਸ ਕਿਸ ਅਦਾਲਤ ਵਿੱਚ ਚੱਲੇਗਾ ?

ਇਸ ਦੀਆਂ ਗਵਾਹੀਆਂ ਕੌਣ ਦੇਵੇਗਾ ਅਤੇ ਮਨਾਂ ਵਿਚ ਉੱਗੇ ਭ੍ਰਿਸ਼ਟਾਚਾਰ ਦੇ ਟਾਵਰ ਕਦ ਡਿੱਗਣਗੇ ?

## ਜੁਗਲਬੰਦੀ



Parm Partewala
ਪਰਮ ਪੜਤੇਵਾਲਾ

ਮਹਿਕਾਂ ਦੇ ਜੰਗਲ 'ਚ,
ਜਦ ਤਿੱਤਲੀਆਂ,
ਤੇਰੇ ਫੁੱਲਾਂ ਭਰੇ ਰੂਪ 'ਤੇ,
ਉਡਦੀਆਂ ਹਨ,
ਤਾਂ ਅਤਰ ਵਾਦੀਆਂ 'ਚ,
ਬਹਾਰ ਭਰ ਆਉਂਦੀ ਹੈ।
ਹਵਾ ਤੇਰੇ ਕਦਮਾਂ ਨਾਲ ਕਦਮਚਾਲ ਕਰਦੀ,
ਨਿੱਤ ਧੁੱਪ ਨੂੰ ਸਵਾਲ ਕਰਦੀ,
ਛਾਂ ਨਾਲ ਬਾਤਾਂ ਪਾਉਂਦੀ ਹੈ।
ਧੁੱਪ!
ਹਰ ਸਵੇਰ,
ਰਾਤ ਨੂੰ ਨੀਂਦ 'ਚੋਂ ਜਗਾ ਕੇ,
ਘਾਹ 'ਤੇ ਪਈ ਤ੍ਰੇਲ ਨਾਲ,
ਜੰਗਲ ਵਾਦੀਆਂ ਨੂੰ ਧੋਂਹਦੀ ਹੈ।
ਤੇਰੀਆਂ ਜੁਲਫਾਂ,
ਸਾਉਣ ਦੀਆਂ ਘਟਾਵਾਂ ਨਾਲ,
ਜੁਗਲਬੰਦੀ ਕਰਨ ਲਈ ਉੱਡਦੀਆਂ ਹਨ।
ਤਾਂ ਹਵਾ,
ਕਣੀਆਂ 'ਚ ਮੂੰਹ ਛੁਪਾਉਂਦੀ ਹੋਈ,
ਸ਼ਰਮ ਨਾਲ ਮਰਦੀ ਜਾਂਦੀ,
ਕਾਈਨਾਤ ਦੀ ਪਰਾਂਦੀ ਨੂੰ,
ਤੇਰੇ ਵਾਲਾਂ 'ਚ ਗੁੰਦ,
ਚੌਗਿਰਦੇ ਨੂੰ ਧੜਕਣ ਜੋਗਾ,
ਆਸਰਾ ਦਿੰਦੀ ਹੈ।

ਅੰਬਰ ਦਾ ਚੰਦ,
ਸਰਦਲ 'ਤੇ ਬੈਠ ਜਾਂਦਾ।
ਰਾਤ ਜੁਗਨੂੰਆਂ ਦੀਆਂ ਮਸ਼ਾਲਾਂ ਨਾਲ,
ਤਾਰਿਆਂ ਦੇ ਹੜ੍ਹ 'ਚ ਬਦਲ ਜਾਂਦੀ।
ਤੇ ਮੈਂ,
ਤੇਰੇ ਹੋਣ ਦੇ ਅਹਿਸਾਸ ਨੂੰ,
ਪਿਆਰੀ ਕਵਿਤਾ 'ਚ ਪਰੋ ਰਿਹਾਂ।
ਤੇਰੇ ਪਿਆਰ 'ਚ ਜੀਅ ਰਿਹਾਂ।

## 'ਤੇਰੀ ਕੀ ਸਲਾਹ', ਗੀਤ ਲੈਕੇ ਹੋਏ ਹਾਜ਼ਰ ਸ਼੍ਰੋਮਣੀ ਗਾਇਕ ਸੁਰਿੰਦਰ ਛਿੰਦਾ ਤੇ ਹਰਲੀਨ ਅਖਤਰ




ਪੰਜਾਬੀ ਗਾਇਕੀ ਦੇ ਥੰਮ ਸ਼੍ਰੋਮਣੀ ਗਾਇਕ ਉਸਤਾਦ ਸੁਰਿੰਦਰ ਛਿੰਦਾ ਜੀ ਅਤੇ ਪ੍ਰਸਿੱਧ ਗਾਇਕਾ ਹਰਲੀਨ ਅਖਤਰ ਦੀ ਬੁਲੰਦ ਅਵਾਜ ਵਿੱਚ ਰਿਕਾਰਡ ਬਹੁਤ ਹੀ ਪਿਆਰਾ ਗੀਤ, 'ਤੇਰੀ ਕੀ ਸਲਾਹ' ਨੂੰ ਰਾਜੂ ਨਾਹਰ ਰਿਕਾਰਡਜ ਵੱਲੋਂ ਬੜੀ ਸ਼ਾਨੋ-ਸ਼ੌਕਤ ਨਾਲ ਰਿਲੀਜ਼ ਕੀਤਾ ਗਿਆ। ਇਸ ਗੀਤ ਨੂੰ ਸਵ: ਗੀਤਕਾਰ ਧੀਰ ਮਹਿਦੂਦਾਂ ਵਾਲੇ ਨੇ ਕਲਮਬੱਧ ਕੀਤਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗੀਤਕਾਰ ਰਾਜੂ ਨਾਹਰ ਨੇ ਦੱਸਿਆ ਕਿ ਇਸ ਗੀਤ ਨੂੰ ਆਪਣੇ ਲਾ-ਜੁਵਾਬ ਸੰਗੀਤ ਨਾਲ ਜੰਗਾ ਕੈਂਥ ਨੇ ਸ਼ਿੰਗਾਰਿਆ ਹੈ ਅਤੇ ਵੀਡੀਓ ਵੀ ਜੰਗਾ ਕੈਂਥ ਨੇ ਹੀ ਬਣਾਈ ਹੈ। ਇਸ ਗੀਤ ਨੂੰ ਪੂਨੀਆਂ ਫਰੀਦਪੁਰੀ ਅਤੇ ਪੰਜਾਬੀ ਗਾਇਕ ਰਘਵੀਰ ਬਘੌਰਾ ਜੀ ਨੇ ਪੇਸ਼ ਕੀਤਾ ਹੈ। ਇਸ ਗੀਤ ਨੂੰ ਨੇਪਰੇ ਚਾੜਨ ਵਿੱਚ ਸਹਾਈ ਹੋਏ ਪ੍ਰੀਤਮ ਲੁਧਿਆਣਵੀ, ਰਘਵੀਰ ਬਘੌਰਾ ਅਤੇ ਲੱਖੀ ਬਨੂੰੜ ਦਾ ਪੂਰੀ ਟੀਮ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ।

- ਪ੍ਰੀਤਮ ਲੁਧਿਆਣਵੀ

# ਮੇਲਿਆਂ 'ਚ ਗਰਮ ਪਤੌੜਾਂ ਦਾ ਬਦਲਿਆ ਸੁਆਦ



ਕਾਲਾ ਸਿੰਘ ਸੈਣੀ,
ਮੋਬਾ:98767-20402



ਪੰਜਾਬ ਰੁੱਤਾਂ, ਤਿਉਹਾਰਾਂ ਅਤੇ ਮੇਲਿਆਂ ਦਾ ਦੇਸ਼ ਹੈ। ਮੇਲੇ ਜਿੱਥੇ ਸੱਭਿਆਚਾਰ ਨੂੰ ਦਰਸਾਉਂਦੇ ਹਨ ਉੱਥੇ ਸਾਡੀ ਜ਼ਿੰਦਗੀ 'ਚ ਖੁਸ਼ੀਆਂ ਦੇ ਰੰਗ ਭਰਦੇ ਹਨ। ਮੇਲਿਆਂ ਅਤੇ ਤਿਉਹਾਰਾਂ ਦੀ ਹੋਂਦ ਜੀਵਨ ਦੀਆਂ ਯਾਦਾਂ ਦੇ ਪੰਨਿਆਂ ਵਿੱਚੋਂ ਹਮੇਸ਼ਾਂ ਲਈ ਸਭਿਆਚਾਰ ਦੀ ਝਲਕ ਪਾਉਂਦੀ ਹੈ। ਪੁਰਤਾਨ ਸਮੇਂ 'ਚ ਛਪਾਰ ਦਾ ਮੇਲਾ, ਵਿਸਾਖੀ ਮੇਲਾ, ਬਸੰਤ ਪੰਚਮੀ ਦਾ ਮੇਲਾ, ਜਰਗ ਦਾ ਮੇਲਾ, ਮੱਸਿਆ ਦਾ ਮੇਲਾ, ਤੋਂ ਇਲਾਵਾ ਵੱਖ-ਵੱਖ ਪਿੰਡਾਂ 'ਚ ਲੱਗਦੇ ਛਿੰਝ ਮੇਲੇ ਸਾਡੀ ਜ਼ਿੰਦ ਜਾਨ ਹਨ। ਇਨ੍ਹਾਂ ਮੇਲਿਆਂ ਦਾ ਜਿਕਰ ਸਾਡੇ ਪੰਜਾਬੀ ਲੋਕ ਗੀਤਾਂ, ਲੋਕ ਬੋਲੀਆਂ 'ਚ ਵੀ ਆਉਦਾ ਹੈ। ਜਿਵੇਂ ਕਿ ਗੀਤ 'ਅੱਜ ਸਾਰੇ ਛੱਡ ਜੰਜ਼ਾਲ ਕੁੜੇ ..ਮੇਲੇ ਨੂੰ..ਆਹ, ਮੇਲੇ ਨੂੰ ਚੱਲ ਮੇਰੇ ਨਾਲ ਕੁੜੇ..', 'ਮਾਰਦਾ ਜੱਟ ਮੇਲੇ ਆ ਗਿਆ', 'ਸੁੱਖ ਲਈਆਂ ਪੰਜ ਮੱਸਿਆ..', 'ਮੇਲਾ ਵੇਖਦੀਏ ਮੁਟਿਆਰੇ ਮੇਲਾ ਤੈਨੂੰ ਵੇਖਦਾ', ਆਦਿ ਹਨ। ਇਨ੍ਹਾਂ ਮੇਲਿਆਂ 'ਚ ਪੁਰਾਤਨ ਸਮੇਂ ਤੋਂ ਚੰਡੋਲਾਂ ਝੂਟਣ ਦੇ ਨਾਲ-ਨਾਲ ਗਰਮ ਪਤੌੜਾਂ ਅਤੇ ਜਲੇਬੀਆਂ ਦੀ ਖ਼ੁਸ਼ਬੂ ਨੇ ਹਮੇਸ਼ਾਂ ਹੀ ਮੇਲੇ ਦੀ ਰੌਣਕ ਦਾ ਧਿਆਨ ਆਪਣੇ ਵੱਲ ਖਿੱਚੀਆ ਹੈ।

ਜੇਕਰ ਪਤੌੜਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਮੇਲਿਆਂ 'ਚ ਪਤੌੜਾਂ ਨੇ ਆਪਣੀ ਟੌਹਰ ਨੂੰ ਲੰਮੇਂ ਸਮੇਂ ਤੱਕ ਕਾਇਮ ਰੱਖਿਆ ਹੈ। ਗਰਮ ਪਤੌੜਾਂ ਨੂੰ ਖਾਣ ਵਾਲੇ ਸ਼ੌਕੀਨਾਂ ਦੀ ਮੇਲਿਆਂ 'ਚ ਦੁਕਾਨਾਂ ਅੱਗੇ ਭੀੜ ਲੱਗੀ ਹੁੰਦੀ ਸੀ। ਦੁਕਾਨਦਾਰ ਕਾਂਗਜ ਉੱਤੇ ਪਤੌੜਾਂ ਨੂੰ ਰੱਖਕੇ ਉੱਤੇ ਲਾਲ ਗੂੜ੍ਹੇ ਰੰਗ ਦੀ ਚਟਣੀ ਪਾ ਖਾਣ ਵਾਲੇ ਹੱਥ ਉੱਤੇ ਰੱਖ ਦਿੰਦੇ। ਮੇਲੇ ਵਿੱਚਲਾ ਅਨੰਦ ਮਾਣਦੇ ਹੋਏ ਪਤੌੜ ਖਾਣ ਦੇ ਨਾਲ-ਨਾਲ ਚੱਟਣੀ ਨਾਲ ਲਿਬੜੀਆਂ ਉਂਗਲਾਂ ਚੱਟਣ ਦਾ ਸੁਆਦ ਹੀ ਕੁਝ ਵੱਖਰਾ ਹੁੰਦਾ। ਪੁਰਾਤਨ ਮੇਲਿਆਂ ਦੀ ਇਹ ਰੰਗੀਨ ਤਸਵੀਰ ਵਾਲੀ ਰੀਲ੍ਹ ਅੱਜ ਵੀ ਸਾਡੇ ਦਿਲਾਂ 'ਚ ਨਵੀਂ ਨਕੋਰ ਹੈ।

ਮੇਲਿਆਂ 'ਚ ਖਾਣ ਨੂੰ ਮਿਲਦੇ ਸੱਸਤੇ ਭਾਅ ਦੇ ਇਨ੍ਹਾਂ ਗਰਮ ਪਤੌੜਾਂ ਦਾ ਅਜੋਕੇ ਸਮੇਂ 'ਚ ਸੁਆਦ ਹੀ ਬਦਲ ਗਿਆ ਹੈ। ਇਨ੍ਹਾਂ ਪਤੌੜਾਂ ਦੀ ਥਾਂ ਅਜੋਕੇ ਸਮੇਂ ਅੰਦਰ ਰੋਜ਼ਾਨਾ ਹੀ ਖਾਣ ਨੂੰ ਮਿਲਦੇ ਪਕੌੜਿਆਂ ਨੇ ਲੈ ਲਈ ਹੈ। ਇਸ ਤੋਂ ਅੱਗੇ ਵਧਕੇ ਬਾਜ਼ਾਰਾਂ ਅਤੇ ਮੇਲਿਆਂ 'ਚ ਮਿਲਦੇ ਵਿਦੇਸ਼ੀ ਖਾਣੇ ਜਿਵੇਂ ਕਿ ਨਿਊਡਲ, ਸਪਰਿੰਗ ਰੋਲ, ਬਰਗਰ, ਆਦਿ ਅਤੇ ਹੋਰ ਕਈ ਪ੍ਰਕਾਰ ਦੇ ਮਸਾਲੇਦਾਰ ਖਾਣਿਆਂ ਨੇ ਮੇਲਿਆਂ ਦੇ ਪਤੌੜਾਂ ਦਾ ਸੁਆਦ ਫਿਕਾ ਪਾ ਦਿੱਤਾ ਹੈ। ਹੁਣ ਮੇਲਿਆਂ 'ਚ ਪਤੌੜ ਬਨਾਮ ਪਕੌੜਿਆਂ ਦੀ ਦੁਕਾਨਾਂ ਅੱਗੇ ਭੀੜ ਘੱਟ, ਵਿਦੇਸ਼ੀ ਖਾਣੇ ਵਾਲੀਆਂ ਰੇਹੜੀਆਂ ਸਟਾਲਾਂ ਅੱਗੇ ਭੀੜ ਜਿਆਦਾ ਦੇਖਣ ਨੂੰ ਮਿਲਦੀ ਹੈ। ਪਰ ਖੈਰ, ਅੱਜ ਜਦੋਂ ਪਿੰਡਾਂ ਤੇ ਸ਼ਹਿਰਾਂ ਅੰਦਰ ਲੱਗਦੇ ਮੇਲਿਆਂ ਦੇਖਣ ਜਾਣ ਦਾ ਮੌਕਾ ਮਿਲਦਾ ਹੈ ਤਾਂ ਯਾਦਾਂ ਦੇ ਝਰੋਖੇ 'ਚ ਮਨ ਦੀ ਸਲੇਟ ਉੱਤੇ ਉੱਕਰੀ ਮੇਲਿਆਂ 'ਚ ਖਾਏ ਗਰਮ ਪਤੋੜਾਂ ਅਤੇ ਲਾਲ ਚੱਟਣੀ ਦੀ ਯਾਦ ਮੁੜ ਤਾਜਾ ਹੋ ਜਾਂਦੀ ਹੈ।

ਸਬੰਧਿਤ ਫੋਟੋ ਕੈਪਸ਼ਨ:01-ਪੰਜਾਬ ਦੇ ਇੱਕ ਮੇਲੇ 'ਚ ਲੱਗੀ ਪਤੋੜਾਂ (ਪਕੌੜਿਆਂ) ਦੀ ਦੁਕਾਨ ਦਾ ਦ੍ਰਿਸ਼।

ਪਤਾ: ਕਾਲਾ ਸਿੰਘ ਸੈਣੀ
ਸਵਰਾਜ ਨਗਰ, ਖਰੜ, ਜਿਲ੍ਹਾ ਐਸ.ਏ.ਐਸ. ਨਗਰ, ਮੋਹਾਲੀ।















# ਸਾਨੂੰ ਮਾਣ ਹੈ ਸਾਡੇ ਵਿਰਸੇ ਤੇ ਜਿਹੜਾ ਵਿਛੜਿਆਂ ਨੂੰ ਮਿਲਾ ਦੇਵੇ ਅਤੇ ਮਿਲਿਆਂ ਨੂੰ ਨੱਚਣ ਲਾ ਦੇਵੇ- ਤੀਆਂ ਦੇ ਰੰਗ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਪਣੇ ਵਿਰਸੇ ਨੂੰ ਸਾਂਭਣ ਹਿੱਤ ਰੋਆਇਲ ਵੋਮੈਨ ਕਲਚਰਲ ਐਸੋਸੀਏਸ਼ਨ ਵੱਲੋਂ ਕੈਲਗਰੀ ਵਿਖੇ ਪ੍ਰੇਰੀਵਿੰਡ ਪਾਰਕ ਵਿੱਚ 14 ਅਗਸਤ 2022 ਨੂੰ ਤੀਆਂ ਮਨਾਉਣ ਦਾ ਸੱਦਾ ਦਿੱਤਾ, ਜਿਸ ਵਿਚ ਗੁਰਜੀਤ ਕੌਰ ਬਵੇਜਾ ਅਤੇ ਸੋਨਾਲੀ ਬਵੇਜਾ ਨੇ ਬਹੁਤ ਸਹਿਯੋਗ ਦਿੱਤਾ ਅਤੇ ਇਸ ਦੀ ਰੌਣਕ ਨੂੰ ਚਾਰ ਚੰਨ ਲਾ ਦਿੱਤੇ। ਕੈਲਗਰੀ ਵਿਖੇ ਵੱਖ ਵੱਖ ਥਾਵਾਂ ਤੋਂ ਆ ਇਕੱਠੀਆਂ ਹੋਈਆਂ ਬੀਬੀਆਂ ਨੇ ਗਿੱਧੇ ਦੀਆਂ ਧਮਾਲਾਂ ਪਾ ਕੇ ਰੰਗਲੇ ਪੰਜਾਬ ਮੂੰਹ ਬੋਲਦੀ ਤਸਵੀਰ ਪੇਸ਼ ਕਰ ਦਿੱਤੀ। ਸਿਰਾਂ ਤੇ ਰੰਗ ਬਿਰੰਗੀਆਂ ਫੁਲਕਾਰੀਆਂ ਲੈ, ਹੱਥਾਂ ਤੇ ਮਹਿੰਦੀ ਲਾਕੇ, ਬਾਹਾਂ ਵਿੱਚ ਚੂੜੀਆਂ ਪਾ ਹਾਰ ਸ਼ਿੰਗਾਰ ਕਰਕੇ ਆਈਆਂ ਬੀਬੀਆਂ ਨੇ ਬੋਲੀਆਂ ਪਾ ਕੇ ਪਾਰਕ ਦੀ ਫ਼ਿਜ਼ਾ ਨੂੰ ਰੰਗੀਨ ਅਤੇ ਹੁਸੀਨ ਬਣਾ ਦਿੱਤਾ।ਪ੍ਰੋਗਰਾਮ ਦੇ ਸ਼ੁਰੂ ਵਿਚ ਰੋਆਇਲ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਦੌਰਾਨ ਵੀਚਾਰਾਂ ਹੋਈਆਂ ਕਿ ਸੰਸਥਾ ਦਾ ਮਕਸਦ ਸਿਰਫ਼ ਜ਼ਿੰਦਗੀ ਤੋਂ ਹਾਰ ਚੁੱਕੀਆਂ, ਘਰ ਦੀ ਚਾਰ ਦੀਵਾਰੀ ਵਿੱਚ ਕੈਦ ਹੋ ਕੇ ਦਿਨ ਕਟੀ ਕਰ ਰਹੀਆਂ ਔਰਤਾਂ ਨੂੰ ਉਨ੍ਹਾਂ ਦੇ ਆਪੇ ਦੀ ਪਛਾਣ ਕਰਾ ਕੇ ਸਮਾਜ ਵਿੱਚ ਵਿਚਰਨ ਲਈ ਖੰਭ ਖਿਲਾਰ ਕੇ ਉਡਾਰੀ ਮਾਰਨ ਵਿੱਚ ਮਦਦ ਕਰਨਾ ਹੈ ਜਿਸ ਵਿਚ ਉਹ ਪੂਰੀ ਤਰ੍ਹਾਂ ਕਾਮਯਾਬ ਵੀ ਰਹੇ।14 ਜੁਲਾਈ 2022 ਨੂੰ ਫਾਲਕਨ ਰਿਜ ਵਿਖੇ ਗੁਰਮੀਤ ਕੌਰ ਸਰਪਾਲ ਜੀ ਦੀ ਦਿਖਾਈ ਗਈ ਡਾਕੂਮੈਂਟਰੀ ਫਿਲਮ 200 ਦੇ ਕਰੀਬ ਦਰਸ਼ਕਾਂ ਵੱਲੋਂ ਦੇਖੇ ਜਾਣ ਬਾਰੇ ਗੱਲਬਾਤ ਵੀ ਹੋਈ। ਇਸ ਫਿਲਮ ਨੂੰ ਲੋਕਾਂ ਨੇ ਬਹੁਤ ਸਲਾਹਿਆ ਹੈ।

ਤੀਆਂ ਲੱਗੀਆਂ ਪ੍ਰੇਰੀਵਿੰਡ ਪਾਰਕ
ਨੀ ਕਾਹਲੀ ਕਾਹਲੀ ਪੈਰ ਪੱਟ ਲੈ।
ਜੇ ਮਾਪਿ- ਤੁਸੀਂ ਧੀਆਂ ਵੀ
ਰੱਖੀਆਂ,ਸਾਉਣ ਮਹੀਨੇ
ਲਿਆਇਆ ਕਰੋ।
ਡੁੱਬ ਜਾਣੀਆਂ ਦਾ ਮਨ
ਪਰਚਾਇਆ ਕਰੋ।
ਸਾਉਣ ਮਹੀਨਾ ਦਿਨ ਤੀਆਂ ਦੇ
ਪਿੱਪਲੀਂ ਪੀਘਾਂ ਪਾਈਆਂ
ਗਿੱਧੇ ਵਿੱਚ ਨੱਚਦੀਆਂ ਨੇ ਨਣਦਾਂ ਤੇ
ਭਰਜਾਈਆਂ।

ਇਸ ਮੇਲੇ ਦੀ ਵਿਸ਼ੇਸ਼ਤਾ ਇਹ ਰਹੀ ਕਿ ਖਾਸ ਬੀਬੀਆਂ ਨੂੰ ਇਨਾਮ ਵੀ ਵੰਡੇ ਗਏ ਜਿਵੇਂ ਸਭ ਤੋਂ ਵੱਡੀ ਉਮਰ (80 ਸਾਲ) ਦਾ ਇਨਾਮ ਬੀਬੀ ਰਣਜੀਤ ਕੌਰ ਜੀ ਨੂੰ ਗਿਆ । ਲੰਮੀ ਗੁੱਤ ਵਾਲੀ ਨਿਰਮਲ ਕੌਰ,ਸਭ ਤੋਂ ਵੱਧ ਚੂੜੀਆਂ ਪਹਿਨਣ ਵਾਲੀ ਬੀਬੀ ਜਸਪ੍ਰੀਤ ਕੌਰ ਆਦਿ। ਬੀਬੀ ਬਲਰਾਜ ਕੌਰ ਨੇ ਢੋਲਕੀ ਵਜਾ ਕੇ ਖ਼ੂਬ ਰੌਣਕਾਂ ਲਾਈਆਂ। ਤੀਆਂ ਦੇ ਇਸ ਮੇਲੇ ਵਿੱਚ 100 ਦੇ ਲੱਗ ਭੱਗ ਬੀਬੀਆਂ ਨੇ ਸ਼ਮੂਲੀਅਤ ਕੀਤੀ। ਇਸ ਸੰਸਥਾ ਦੇ ਸੰਸਥਾਪਕ ਗੁਰਮੀਤ ਕੌਰ ਸਰਪਾਲ ਜੀ ਵੱਲੋਂ ਛੋਲੇ ਭਟੂਰੇ ਅਤੇ ਜਲੇਬੀਆਂ ਦਾ ਲੰਗਰ ਲਗਾਇਆ ਗਿਆ ਜਿਸ ਦੇ ਪ੍ਰਬੰਧ ਵਿੱਚ ਗੁਰਜੀਤ ਕੌਰ ਬਵੇਜਾ ਸੁਨਾਲੀ ਬਵੇਜਾ ਨੇ ਵਧ ਚੜ੍ਹ ਕੇ ਅਤੇ ਹੋਰ ਸਾਰੀਆਂ ਬੀਬੀਆਂ ਨੇ ਵੀ ਯੋਗਦਾਨ ਪਾਇਆ।

# ਸਾਈਕਲ ਚਲਾਕੇ ਬੱਚਿਆਂ ਨੂੰ ਕੈਂਸਰ ਤੋਂ ਬਚਾਉਣ ਖੋਜ ਕਾਰਜਾਂ ਲਈ ਫੰਡ ਇਕੱਠਾ ਕੀਤਾ ਜਾ ਰਿਹਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਂਝਾ ਪੰਜਾਬ ਗਰੋਸਰੀ ਸਟੋਰ ਕੈਲਗਰੀ ਵੱਲੋਂ ਸਿੱਕ ਕਿਡਜ਼ ਫਾਊਂਡੇਸਨ ਲਈ ਸਾਈਕਲ ਚਲਾਕੇ ਇਕੱਤਰ ਕੀਤੇ ਜਾ ਰਹੇ ਫੰਡ ਵਿੱਚ ਆਪਣੇ ਵੱਲੋਂ ਯੋਗਦਾਨ ਪਾਉਂਦਿਆਂ ਬਰਾਬਰ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਈਕਲਿਸਟ ਡਾਕਟਰ ਸੰਦੀਪ ਬਜਾਜ ਨੇ ਦੱਸਿਆ ਕਿ 31 ਅਗਸਤ ਤੱਕ ਇਸ ਮੁਹਿੰਮ ਦੌਰਾਨ ਜਿੰਨੀ ਵੀ ਧਨਰਾਸ਼ੀ ਇਕੱਠੀ ਹੋਵੇਗੀ ਉਸਦੇ ਨਾਲ ਹੀ ਮੈਚ ਕਰਦੀ ਉਨੀ ਹੀ ਧਨ ਰਾਸ਼ੀ ਸਾਂਝਾ ਪੰਜਾਬੀ ਗਰੋਸਰੀ ਸਟੋਰ ਵੱਲੋਂ ਦਿੱਤੀ ਜਾਵੇਗੀ । ਸੋ ਪੰਜਾਬੀ ਭਾਈਚਾਰੇ ਨੂੰ ਡਾਕਟਰ ਸੰਦੀਪ ਬਜਾਜ ਵੱਲੋਂ ਬੇਨਤੀ ਹੈ ਕਿ ਤੁਸੀ 31 ਅਗਸਤ ਤੱਕ ਸਾਂਝਾ ਪੰਜਾਬ ਗਰੋਸਰੀ ਸਟੋਰ ਦੀ ਕਿਸੇ ਵੀ ਲੋਕੇਸਨ ਉੱਪਰ ਗਰੋਸਰੀ ਕਰਨ ਜਾਂਦੇ ਹੋ ਤਾਂ ਆਪਣੀ ਕ੍ਰਿਤ ਕਮਾਈ ਵਿੱਚੋਂ ਇਸ ਡੋਨੇਸ਼ਨ ਵਿੱਚ ਆਪਣਾ ਯੋਗਦਾਨ ਜਰੂਰ ਪਾਉਣਾ। ਵਰਨਣਯੋਗ ਹੈ ਕਿ ਡਾਕਟਰ ਸੰਦੀਪ ਬਜਾਜ ਪੰਜਾਬ ਖੇਤੀਬਾੜੀ ਯੂਨੀਵਰਿਸਟੀ ਲੁਧਿਆਣਾ ਦੇ ਅਸਿਸਟੈਂਟ ਪ੍ਰੋਫੈਸਰ ਅਤੇ ਯੂਨੀਵਰਿਸਟੀ ਸਾਈਕਲਿੰਗ ਟੀਮ ਦੇ ਕੈਪਟਨ ਰਹਿ ਚੁੱਕੇ ਹਨ। ਉਹਨਾਂ ਦਾ ਇਸ ਵਾਰ ਦਾ ਟੀਚਾ ਅਗਸਤ ਮਹੀਨੇ ਵਿੱਚ 1001 ਕਿਲੋਮੀਟਰ ਸਾਈਕਲ ਚਲਾਕੇ 31000 ਕਨੇਡੀਅਨ ਡਾਲਰ ਇਕੱਠਾ ਕਰਨ ਦਾ ਹੈ। 27 ਅਗਸਤ 2022 ਤੱਕ ਉਹ 941 ਕਿਲੋਮੀਟਰ ਸਾਈਕਲ ਚਲਾਕੇ 25800 ਡਾਲਰ ਇਕੱਠਾ ਕਰ ਚੁੱਕੇ ਹਨ।




ਗ੍ਰੇਟ ਸਾਈਕਲ ਚੈਲੇਂਜ ਦੀ ਸੂਚੀ ਵਿੱਚ ਡਾ: ਸੰਦੀਪ ਬਜਾਜ ਕਨੇਡਾ ਭਰ ਅੰਦਰ ਚੌਥੇ ਸਥਾਨ ਉੱਪਰ ਹਨ। ਸਾਲ 2021 ਵਿੱਚ ਉਹਨਾਂ ਨੇ 1002 ਕਿਲੋਮੀਟਰ ਸਾਈਕਲ ਚਲਾਕੇ 21000 ਡਾਲਰ ਫੰਡ ਇਕੱਤਰ ਕੀਤਾ ਸੀ ।

# ਮਿੱਲਵੁੱਡਜ਼ ਕਲਚਰਲ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਐਡਮਿੰਟਨ ਦੀ ਚੋਣ ਸਰਬਸੰਮਤੀ ਨਾਲ ਹੋਈ




ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ )ਮਿੱਲਵੁੱਡਜ਼ ਕਲਚਰਲ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਸੰਸਥਾ ਦੀ ਚੋਣ ਸਰਬਸੰਮਤੀ ਨਾਲ ਹੋਈ । ਇਸ ਚੋਣ ਵਿਚ ਸਰਦਾਰ ਸੁਦਾਗਰ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ ਜਦੋਂਕਿ ਵਾਈਸ ਪ੍ਰਧਾਨ ਸਰਦਾਰ ਕੁਲਵੰਤ ਸਿੰਘ ਕਾਲੜਾ ਚੁਣੇ ਗਏ ਹਨ । ਇੰਦਰਜੀਤ ਸਿੰਘ ਗਰੇਵਾਲ ਨੂੰ ਸੈਕਟਰੀ ਅਤੇ ਨਾਜਰ ਸਿੰਘ ਬੜੈਚ ਨੂੰ ਜੁਆਇੰਟ ਸਕੱਤਰ ਚੁਣਿਆ ਗਿਆ ਹੈ। ਮਲਕੀਅਤ ਸਿੰਘ ਮਾਨ ਖਜ਼ਾਨਚੀ ਅਤੇ ਸੁਰਜੀਤ ਸਿੰਘ ਮਰਾੜ ਸਹਾਇਕ ਖਜ਼ਾਨਚੀ, ਡਾਇਰੈਕਟਰ ਦੀ ਜ਼ਿੰਮੇਵਾਰੀ ਜਗਤਾਰ ਸਿੰਘ ਕਲਾਰ ਗੁਰਮਿਹਰ ਸਿੰਘ ਰੰਧਾਵਾ ਅਤੇ ਹਰਦੇਵ ਸਿੰਘ ਖਹਿਰਾ ਨੂੰ ਦਿੱਤੀ ਗਈ ਹੈ । ਸਰਦਾਰ ਬਲਬੀਰ ਸਿੰਘ ਕੁਲਾਰ ਐਡਵਾਈਜ਼ਰ ਲਗਾਏ ਗਏ ਹਨ । ਵਰਨਣਯੋਗ ਹੈ ਕਿ 23 ਮਾਰਚ 1983 ਤੋਂ ਸ਼ੁਰੂ ਹੋਈ ਇਸ ਸੰਸਥਾ ਦੇ ਹੁਣ ਤਕ ਤਕਰੀਬਨ 400 ਲਾਈਫ ਮੈਂਬਰ ਹਨ ਅਤੇ ਸੋਸਾਇਟੀ ਦੀ ਆਪਣੀ ਬਿਲਡਿੰਗ ਹੈ। ਸੋਸਾਇਟੀ 365 ਦਿਨ ਮਤਲਬ ਹਰ ਰੋਜ ਹੀ ਖੁੱਲਦੀ ਹੈ। ਪ੍ਰਬੰਧਕ ਕਮੇਟੀ ਦੀ ਚੋਣ ਹਰ ਸਾਲ ਕੀਤੀ ਜਾਂਦੀ ਹੈ ।ਹਰੇਕ ਸਾਲ 23 ਮਾਰਚ ਵਾਲੇ ਦਿਨ ਸੁਸਾਇਟੀ ਵਿੱਚ ਸੁਸਾਇਟੀ ਦਾ ਜਨਮਦਿਨ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ । ਇਸ ਸੰਸਥਾ ਨੂੰ ਇਹ ਵੀ ਮਾਣ ਪ੍ਰਾਪਤ ਹੈ ਕਿ ਪਿਛਲੇ 40 ਸਾਲ ਤੋਂ ਕਦੇ ਵੀ ਇੱਥੇ ਚੋਣ ਨਹੀਂ ਹੋਈ । ਹਰ ਵਾਰ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਜਾਂਦੀ ਹੈ ਜਿਸ ਦਾ ਸਿਹਰਾ ਸੁਸਾਇਟੀ ਦੇ ਸਾਰੇ ਮੈਂਬਰਾਂ ਨੂੰ ਜਾਂਦਾ ਹੈ।

# ਇਮੀਗ੍ਰੇਸ਼ਨ ਦੀਆਂ ਫਾਈਲਾਂ ਦੇ ਨਿਪਟਾਰੇ ਲਈ ਹੋਰ 1250 ਕਰਮਚਾਰੀ ਭਰਤੀ ਕੀਤੇ ਜਾਣਗੇ - ਇਮੀਗ੍ਰੇਸ਼ਨ ਮੰਤਰੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਇਮੀਗਰੇਸ਼ਨ ਨਾਲ ਸਬੰਧਤ ਫਾਈਲਾਂ ਦਾ ਬੈਕਲਾਗ ਵਧਣ ਕਾਰਨ ਲੱਖਾਂ ਲੋਕ ਆਪਣੀ ਫਾਈਲ ਦੇ ਨਤੀਜੇ ਦੀ ਉਡੀਕ ਵਿੱਚ ਹਨ। ਕਰੋਨਾ ਮਹਾਂਮਾਰੀ ਕਾਰਨ ਪੈਦਾ ਹੋਈ ਇਸ ਸਮੱਸਿਆ ਦੇ ਹੱਲ ਲਈ ਵੈਨਕੂਵਰ ਵਿਖੇ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਐਲਾਨ ਕੀਤਾ ਕਿ ਇਮੀਗਰੇਸ਼ਨ ਨਾਲ ਸਬੰਧਤ ਫਾਈਲਾਂ ਦਾ ਬੈਕਲਾਗ ਘਟਾਉਣ ਦੇ ਮਕਸਦ ਨਾਲ ਸਤੰਬਰ ਦੇ ਅੰਤ ਤੱਕ ਸਾਢੇ ਬਾਰਾਂ ਸੌ ਨਵੇਂ ਕਰਮਚਾਰੀ ਭਰਤੀ ਕੀਤੇ ਜਾਣਗੇ।ਇਸ ਦੇ ਨਾਲ ਹੀ ਇਮੀਗ੍ਰੇਸ਼ਨ ਮੰਤਰੀ ਨੇ ਦੱਸਿਆ ਕਿ ਇਮੀਗ੍ਰੇਸ਼ਨ ਫਾਈਲਾਂ ਦੇ ਸਟੇਟਸ



ਬਾਰੇ ਹਰ ਮਹੀਨੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਕਿ ਸਿਸਟਮ ਵਿੱਚ ਕਿੰਨੀਆਂ ਫਾਈਲਾਂ ਲੱਗੀਆਂ ਹੋਈਆਂ ਹਨ । ਕਿੰਨੀਆਂ ਫਾਈਲਾਂ ਮੁਕੰਮਲ ਕੀਤੀਆਂ ਜਾ ਚੁੱਕੀਆਂ ਹਨ ਅਤੇ ਕਿੰਨੀਆਂ ਤੇ ਕੰਮ ਹੋਣਾ ਬਾਕੀ ਹੈ। ਇਸਦੇ ਨਾਲ ਹੀ ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਜਨਵਰੀ ਤੋਂ ਲੈ ਕੇ ਜੁਲਾਈ ਦੇ ਅੰਤ ਤਕ ਦੋ ਲੱਖ ਪਚੱਤਰ ਹਜ਼ਾਰ ਨਵੇਂ ਪਰਮਾਨੈਂਟ ਰੈਜ਼ੀਡੈਂਟ ਕੈਨੇਡਾ ਵਿੱਚ ਪਹੁੰਚੇ ਹਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਸਾਲ ਵੀਹ ਸੌ ਇੱਕੀ ਵਿੱਚ ਕੈਨੇਡਾ ਨੇ ਸਾਢੇ ਚਾਰ ਲੱਖ ਲੋਕਾਂ ਨੂੰ ਪੱਕੇ ਕੀਤਾ ਸੀ ਅਤੇ ਇਸ ਸਾਲ ਯਾਨੀ ਕਿ ਇਸ ਸਾਲ ਵੀ ਸੂਬਾਈ ਵਿਚ ਚਾਰ ਲੱਖ ਇਕੱਤੀ ਹਜ਼ਾਰ ਲੋਕਾਂ ਨੂੰ ਪੱਕੇ ਕਰਨ ਦਾ ਟੀਚਾ ਰੱਖਿਆ ਗਿਆ ਸੀ ਅਤੇ ਜੁਲਾਈ ਦੇ ਅੰਤ ਤੱਕ ਦੋ ਲੱਖ ਪਚੱਤਰ ਹਜ਼ਾਰ ਲੋਕਾਂ ਨੂੰ ਪੀ ਆਰ ਦਿੱਤੀ ਜਾ ਚੁੱਕੀ ਹੈ। ਜੇਕਰ ਸਟੱਡੀ ਪਰਮਿਟ ਦੀ ਗੱਲ ਕੀਤੀ ਜਾਵੇ ਤਾਂ ਹੁਣ ਤੱਕ ਤਿੰਨ ਲੱਖ ਸੱਠ ਹਜ਼ਾਰ ਸਟੱਡੀ ਪਰਮਿਟ ਜਾਰੀ ਕੀਤੇ ਗਏ ਹਨ ਜੋ ਕਿ ਪਿਛਲੇ ਸਾਲ ਨਾਲੋਂ ਇਕੱਤੀ ਫ਼ੀਸਦੀ ਜ਼ਿਆਦਾ ਹਨ । ਇੱਥੇ ਇਹ ਵੀ ਵਰਨਣਯੋਗ ਹੈ ਕਿ ਜੁਲਾਈ ਦੇ ਮੱਧ ਤਕ ਲਗਪਗ ਸਤਾਈ ਲੱਖ ਐਪਲੀਕੇਸ਼ਨਾਂ ਕਲੀਅਰ ਹੋਣ ਵਾਲੀਆਂ ਸਨ ਜੋ ਕਿ ਜੁਲਾਈ ਦੇ ਅੰਤ ਤਕ ਘਟ ਕੇ ਚੌਵੀ ਲੱਖ ਰਹਿ ਗਈਆਂ ਸਨ ।




SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜ਼ਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


ਡਰਾਇਵਰਾਂ ਦੀ ਲੋੜ ਹੈ
RIG
Group of Companies Inc.
GOLIATH TRACTOR SERVICE LTD.
CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com


Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ




ਡੁਪਲੈਕਸ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ $400s ਤੱਕ

ਲੇਨਡ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ $600s ਤੋਂ ਸ਼ੁਰੂ

ਫਰੰਟ ਗੈਰਾਜ ਵਾਲੇ ਘਰ
$600s ਅੱਧ ਤੋਂ ਸ਼ੁਰੂ

ਕੈਲਗਰੀ ਦਾ ਨਵਾਂ ਨਾਰਥ ਏਰੀਆ

ਨਵਾਂ ਫੇਸ ਹੁਣ ਵੇਚਿਆ ਜਾ ਰਿਹਾ ਹੈ !

liveinambleton.com




ਐਂਬਲਟਨ ਵਧੇ ਹੋਏ ਕੁਦਰਤੀ ਮਾਹੌਲ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਉੱਤਰ ਪੱਛਮੀ ਕੈਲਗਰੀ ਦਾ ਸਭ ਤੋਂ ਉੱਤਮ ਰੂਪ ਹੈ। ਖੇਡ ਖੇਤਰ, ਸਥਾਨਕ ਅਤੇ ਖੇਤਰੀ ਮਾਰਗ ਜਿਹੇ ਨੈੱਟਵਰਕ ਕਮਿਊਨਿਟੀ ਨੂੰ ਜਾਨਣ ਲਈ ਆਸਾਨ ਬਣਾਉਂਦੇ ਹਨ। ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ ਦੇ ਨਾਲ, ਅਤੇ ਇੱਕ ਭਵਿੱਖੀ ਹਾਈ ਸਕੂਲ ਸਾਈਟ। ਐਂਬਲਟਨ ਕੋਲ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ

1200 ਤੋਂ ਜਿਆਦਾ ਘਰ | 8 ਫੇਸ ਹਨ | 7.3 ਕਿਲੋਮੀਟਰ ਲੰਮਾਂ ਪਥ ਵੇਅ | 5 ਪਾਰਕ | ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ | ਹਾਈ ਸਕੂਲ ਦੀ ਭਵਿੱਖੀ ਯੋਜਨਾ

ਐਵਾਰਡ ਜੇਤੂ ਹੋਮ ਬਿਲਡਰ ਇਹ ਹਨ:
• Truman Homes • Shane Homes • Sterling Homes • Trico Homes • Broadview Homes • Jayman Built

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO communities




ਲੱਭੋ ਆਪਣਾ ਸੰਪੂਰਣ ਘਰ

ਨਵੀਆਂ ਲਾਟਾਂ ਆ ਗਈਆਂ ਹਨ

ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ।ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ,ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਵਾਂ ਹਨ,ਜਿਵੇਂ ਸਕੂਲ,ਪਾਰਕ,ਸਾਪਿੰਗ ਸੈਂਟਰ,ਓਤੇ ਹੋਰ ਬਹੁਤ ਕੁੱਝ।ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸਦੇ ਆਸਪਾਸ ਵਾਲੇ ਨਾਮਵਰ ਬਿਲਡਿਰਾਂ ਵੱਲੋਂ ਬਣਾਏ ਜਾ ਰਹੇ ਹਨ।ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ।ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ।ਚੈਸਟਰਮੀਅਰ ਵਿੱਚ ਡਾਵਸਨ ਦੀ ਲੈਂਡਿੰਗ ਦਾ ਕੁਆਲਿਕੋ ਕਮਿਊਨਿਟੀਜ਼ ਡਿਵੈਲਪਮੈਂਟ ਕੈਨੇਡਾ ਅਤੇ ਵਿਸ਼ਵ ਵਿੱਚ ਸਟੋਰਮ ਵਾਟਰ ਕਿਡਨੀ ਨੂੰ ਲਾਗੂ ਕਰਨ ਵਾਲਾ ਪਹਿਲਾ ਰਿਹਾਇਸ਼ੀ ਵਿਕਾਸ ਹੈ। TM

4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ | 22 ਮਿੰਟ ਦੀ ਡਰਾਈਵ ਕੈਲਗਰੀ ਡਾਊਨਟਾਊਨ ਤੱਕ | 4 ਮਿੰਟ ਦੀ ਡਰਾਈਵ ਐਨੀਵਰਸਿਰੀ ਪਾਰਕ ਤੱਕ

DUPLEX HOMES FROM THE MID $400s

LANED HOMES FROM THE LOW $500s

FRONT GARAGE FROM THE LOW $700s







liveindawsonslanding.ca

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO® communities


Calgary
ONWARD
ਬਾਈ, ਇਹ ਪਲਾਸਟਿਕ
ਦੀਆਂ ਕੈਨੀਆਂ ਅੱਖਾਂ ਮੀਟ
ਕੇ ਨੀਲੇ ਬਿਨ 'ਚ ਪਾ ਦਿਓ!
Mr. Goudas
Vegetable Oil
Huile Végétale
Aurora
VEGETABLE OIL
HUILE VÉGÉTALE
Property of The City of Calgary
ਆਓ,
ਵਧੀਆ ਰੀਸਾਈਕਲਰ ਬਣੀਏ!
calgary.ca/TheRecyclers




ਰਾਜਨ ਸਾਹਨੀ ਕੈਲਗਰੀ ਨੌਰਥ ਈਸਟ ਲਈ ਮੌਜੂਦਾ MLA ਹਨ। ਉਹ UCP ਸਰਕਾਰ ਵਿੱਚ ਟ੍ਰਾਂਸਪੋਰਟ ਅਤੇ ਸੋਸ਼ਲ ਸਰਵਿਸ ਮਨਿਸਟਰ ਵੀ ਰਹਿ ਚੁੱਕੇ ਹਨ।
ਇਮੀਗਰੈਂਟ ਮਾਂ ਪਿਓ ਦੀ ਧੀ ਰਾਜਨ ਸਾਹਨੀ ਆਪਣੇ ਪਤੀ ਅਤੇ ਚਾਰ ਬੱਚਿਆਂ ਦੇ ਸਹਿਯੋਗ ਨਾਲ ਆਪਣੇ ਭਾਈਚਾਰੇ ਦੀ ਅਣਥੱਕ ਸੇਵਾ ਕਰਦੇ ਆ ਰਹੇ ਹਨ।
ਰਾਜਨ ਸਾਹਨੀ UCP ਲੀਡਰਸ਼ਿਪ ਲਈ ਉਮੀਦਵਾਰ ਹਨ ਅਤੇ ਤੁਹਾਡੇ ਸਾਥ ਦੀ ਮੰਗ ਕਰਦੇ ਨੇ। ਰਾਜਨ ਸਾਹਨੀ ਨੂੰ ਅਲਬਰਟਾ ਪ੍ਰੀਮਿਅਰ ਬਨਾਉਣ ਲਈ ਸਾਥ ਦਿਓ।
ਬੈਲਟ September 2 ਤੋਂ ਤੁਹਾਡੇ ਘਰੇ ਭੇਜੇ ਜਾਣਗੇ। ਰਾਜਨ ਸਾਹਨੀ ਨੂੰ ਪਹਿਲੀ ਵੋਟ ਪਾ ਕੇ October 3 ਤੋਂ ਪਹਿਲਾ ਬੈਲਟ ਵਾਪਸ ਭੇਜੋ।
ਹੋਰ ਜਾਣਕਾਰੀ ਲਈ ਵੈਬਸਾਇਟ ਹੈ voterajan.ca

# ਸਟਾਫ਼ ਦੀ ਕਮੀਂ ਕਾਰਣ ਏਅਰਪੋਰਟਾਂ 'ਤੇ ਲੱਗੀਆਂ ਲੰਬੀਆਂ ਕਤਾਰਾਂ,ਪਾਸਪੋਰਟ ਦਫਤਰਾਂ ਅਤੇ ਇਮੀਗ੍ਰੇਸਨ ਦੀਆਂ ਫਾਈਲਾਂ ਦੀ ਸਮੱਸਿਆਂ ਜਿਉਂ ਦੀ ਤਿਉਂ ਹੀ ਹੈ।

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਵੈਸੇ ਤਾਂ ਕੈਨੇਡਾ ਦੇ ਸਾਰੇ ਹੀ ਵੱਡੇ ਤੇ ਪ੍ਰਮੁੱਖ ਹਵਾਈ ਅੱਡਿਆਂ ਉਪਰ ਸਟਾਫ ਦੀ ਕਮੀ ਦੇ ਚਲਦਿਆਂ ਯਾਤਰੀਆਂ ਨੂੰ ਪਿਛਲੇ ਕਈ ਹਫ਼ਤਿਆਂ ਤੋਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਟੋਰਾਂਟੋ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਉੱਪਰ ਸਭ ਤੋਂ ਵੱਧ ਯਾਤਰੀ ਪ੍ਰੇਸ਼ਾਨ ਹੋਏ ਪਰ ਹੁਣ ਸਟਾਫ ਦੀ ਕਮੀ ਦੇ ਚੱਲਦਿਆਂ ਵੈਨਕੂਵਰ ਏਅਰਪੋਰਟ ਉੱਪਰ ਵੀ ਯਾਤਰੀਆਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਨਜ਼ਰ ਆਈਆਂ ਅਤੇ ਯਾਤਰੀਆਂ ਨੂੰ ਆਪਣੇ ਜਹਾਜ਼ ਤੇ ਸਵਾਰ ਹੋਣ ਲਈ ਲੰਮਾ ਇੰਤਜ਼ਾਰ ਕਰਨਾ ਪਿਆ। ਹਵਾਈ ਅੱਡਿਆਂ ਤੇ ਯਾਤਰੀਆਂ ਵੱਲੋਂ ਕੀਤੀ ਜਾ ਰਹੀ ਲੰਮੀ ਉਡੀਕ ਦੇ ਨਾਲ ਨਾਲ ਉਸ ਤੋਂ ਪਹਿਲਾਂ ਪਾਸਪੋਰਟ ਦਫਤਰਾਂ ਵਿੱਚ ਲੱਗਦੀਆਂ ਲੰਮੀਆਂ ਕਤਾਰਾਂ ਅਤੇ ਇਮੀਗ੍ਰੇਸ਼ਨ ਐਪਲੀਕੇਸ਼ਨਾਂ ਦੇ ਪ੍ਰੋਸੈਸਿੰਗ ਟਾਈਮ ਵਿੱਚ ਹੋ ਰਹੀ ਦੇਰੀ ਦੀ ਸਮੱਸਿਆ ਵੀ ਇਸੇ ਹੀ ਕੜੀ ਦਾ ਹਿੱਸਾ ਹਨ। ਇਸ ਨੂੰ ਹੱਲ ਕਰਨ ਲਈ ਬਣਾਈ ਗਈ ਫੈਡਰਲ ਟਾਸਕ ਫੋਰਸ ਵੱਲੋਂ ਇੱਕ ਪੱਤਰਕਾਰ ਸੰਮੇਲਨ ਦੌਰਾਨ ਆਖਿਆ ਗਿਆ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਕਈ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ। ਜਿਸ ਕਾਰਨ ਸਥਿਤੀ ਵਿੱਚ ਸੁਧਾਰ ਤਾਂ ਹੋ ਰਿਹਾ ਹੈ ਪਰ ਅਜੇ ਪੂਰੀ ਤਰ੍ਹਾਂ ਇਸ ਵਿੱਚੋਂ ਬਾਹਰ ਨਹੀਂ ਆਇਆ ਜਾ ਸਕਿਆ । ਬਹੁਤ ਸਾਰਾ ਕੰਮ ਕਰਨਾ ਬਾਕੀ ਹੈ । ਟਾਸਕ ਫੋਰਸ ਦੇ ਕੋ ਚੇਅਰ ਮਾਰਕ ਮਿਲਰ ਨੇ ਦੱਸਿਆ ਕਿ ਪਾਸਪੋਰਟ ਦਫਤਰਾਂ ਵਿੱਚ 700 ਕਰਮਚਾਰੀਆਂ ਦੀ ਭਰਤੀ, ਹੋਰ ਪਾਸਪੋਰਟ ਪਿਕਅੱਪ ਕੇਂਦਰ ਸਥਾਪਤ ਕਰਨੇ, ਹਵਾਈ ਅੱਡਿਆਂ ਤੇ 1800 ਤੋਂ ਜ਼ਿਆਦਾ ਸਕਿਉਰਿਟੀ ਸਕ੍ਰੀਨਿੰਗ ਅਧਿਕਾਰੀਆਂ ਦੀ ਭਰਤੀ ਅਤੇ ਇਮੀਗਰੇਸ਼ਨ ਐਪਲੀਕੇਸ਼ਨਾਂ ਦੀ ਪ੍ਰੋਸੈਸਿੰਗ ਵਿੱਚ ਤੇਜ਼ੀ ਵਾਸਤੇ 1250 ਨਵੇਂ ਕਰਮਚਾਰੀਆਂ ਦੀ ਭਰਤੀ ਆਦਿ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਚੁੱਕੇ ਜਾ ਰਹੇ ਅਹਿਮ ਕਦਮ ਹਨ ।

# ਅਮਰੀਕਾ ਸਮੇਤ ਦੁਨੀਆਂ ਦੇ ਕਈ ਦੇਸ਼ਾਂ ਵੱਲੋਂ ਯੂਕਰੇਨ ਨੂੰ ਵੱਡੀ ਮਦਦ ਭੇਜਣ ਦਾ ਐਲਾਨ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਛੇ ਮਹੀਨੇ ਪਹਿਲਾਂ ਰੂਸ ਵੱਲੋਂ ਯੂਕਰੇਨ ਖ਼ਿਲਾਫ਼ ਜੰਗ ਸ਼ੁਰੂ ਕੀਤੀ ਗਈ ਸੀ ਅਤੇ ਯੂਕਰੇਨ ਲਗਾਤਾਰ ਰੂਸ ਦਾ ਟਾਕਰਾ ਕਰਦਾ ਆ ਰਿਹਾ ਹੈ। ਇਹ ਜੰਗ ਅਜੇ ਕਿੰਨੀ ਲੰਬੀ ਚੱਲੇਗੀ ਇਸ ਬਾਰੇ ਕੋਈ ਵੀ ਸਪੱਸ਼ਟ ਤੌਰ ਤੇ ਨਹੀਂ ਕਹਿ ਸਕਦਾ ਕਿਉਂਕਿ ਦੁਨੀਆ ਦੇ ਕਈ ਦੇਸ਼ਾਂ ਵੱਲੋਂ ਯੂਕਰੇਨ ਨੂੰ ਫ਼ੌਜੀ ਮਦਦ ਭੇਜੀ ਜਾ ਰਹੀ ਹੈ ਅਤੇ ਇਸ ਵਿਚ ਹੋਰ ਤੇਜ਼ੀ ਲਿਆਂਦੀ ਗਈ ਹੈ । ਇਕੱਲੇ ਅਮਰੀਕਾ ਦੀ ਗੱਲ ਕੀਤੀ ਜਾਵੇ ਤਾਂ ਅਮਰੀਕਾ ਵੱਲੋਂ ਤਿੰਨ ਟ੍ਰਿਲੀਅਨ ਡਾਲਰ ਦੀ ਨਵੀਂ ਫ਼ੌਜੀ ਮਦਦ ਦੇਣ ਦਾ ਐਲਾਨ ਕੀਤਾ ਗਿਆ ਹੈ ਤਾਂ ਕਿ ਯੂਕਰੇਨ ਰੂਸ ਨੂੰ ਪੂਰੀ ਟੱਕਰ ਦੇ ਸਕੇ। ਇਸੇ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੈਲੇਂਸਕੀ ਨੇ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਨੂੰ ਦੱਸਿਆ ਕਿ ਰੂਸ ਵੱਲੋਂ ਯੂਕਰੇਨ ਦੇ ਆਜ਼ਾਦੀ ਦਿਹਾੜੇ ਮੌਕੇ ਉਨ੍ਹਾਂ ਦੇ ਰੇਲਵੇ ਸਟੇਸ਼ਨ ਉੱਪਰ ਮਿਜ਼ਾਈਲ ਨਾਲ ਹਮਲਾ ਕੀਤਾ ਗਿਆ ਹੈ।

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

FREE ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ FREE
SWIFT CABS
YOUR DESTINATION IS OUR GOAL
CONTACT: BILL SINGH 306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070